ਅਠਾਰਵਾਂ ਸਾਲ

PARDES TIMES

18th year in Publication

# ਪਰਦੇਸ ਟਾਇਮਜ਼

ਬਲਬੀਰ ਸਿੰਘ ਐਮ ਏ (ਮੁਖ ਸੰਪਾਦਕ)

www.pardestimes.com

ਮਾਂ ਬੋਲੀ ਨੂੰ ਸਮਰਪਿਤ

pardestimes

VOL- 18 | No. 457 | September 30, 2024 | E-mail : info@pardestimes.com | Ph 510-938-7771

# ਪਰਦੇਸ ਟਾਇਮਜ਼ ਦੀ 19ਵੀਂ ਵਰ੍ਹੇਗੰਢ ਮਨਾਈ ਗਈ






ਫਰੀਮਾਂਟ- 18 ਸਾਲ ਤੋਂ ਛਪਦੀ 'ਪਰਦੇਸ ਟਾਇਮਜ਼' ਦੀ ਪਿਛਲੇ ਹਫਤੇ ਵਰ੍ਹੇਗੰਢ ਮਨਾਈ ਗਈ। 21 ਸਤੰਬਰ, 2024 ਦਿਨ ਸਨਿਚਰਵਾਰ ਸ਼ਾਮ ਨੂੰ 7 ਤੋਂ 11 ਵਜੇ ਤੱਕ ਪ੍ਰੋਗਰਾਮ 'ਚ ਤਕਰੀਬਨ 125 ਸੱਜਣ ਮਿੱਤਰ, ਬਿਜਨਸ ਦੇਣ ਵਾਲੇ ਤੇ ਹੋਰ ਪ੍ਰਾਹੁਣੇ ਪਹੁੰਚੇ।

ਅਖ਼ਬਾਰ ਹੁਣ 19ਵੇਂ ਵਰ੍ਹੇ 'ਚ ਦਾਖਲ ਹੋ ਰਹੀ ਹੈ, ਜਦਕਿ ਬਹੁਤੀਆਂ ਅਖ਼ਬਾਰਾਂ ਕੈਲੇਫੋਰਨੀਆ 'ਚ ਛਪਣੀਆਂ ਬੰਦ ਹੋ ਗਈਆਂ ਹਨ। ਉਥੇ 'ਪਰਦੇਸ ਟਾਇਮਜ਼' ਹੁਣ ਵੀ ਯੂਬਾ ਸਿਟੀ ਤੋਂ ਲੈ ਕੇ ਬੇਕਰਸਫੀਲਡ ਤੱਕ ਗੁਰੂ ਘਰਾਂ, ਭਾਰਤੀ ਦੁਕਾਨਾਂ ਅਤੇ ਡਾਕ ਰਾਹੀਂ ਪਹੁੰਚਾਈ ਜਾ ਰਹੀ ਹੈ। ਭਾਵੇਂ ਅਖ਼ਬਾਰ ਸੁੱਟਣ ਵਾਲੇ ਸੱਜਣ ਹੁਣ ਨਹੀਂ ਕੰਮ ਕਰ ਰਹੇ ਪਰ ਡਾਕ ਰਾਹੀਂ ਉਹਨਾਂ ਸਾਰੇ ਗੁਰੂ ਘਰਾਂ ਤੇ ਭਾਰਤੀ ਸਟੋਰਾਂ 'ਤੇ ਅਖ਼ਬਾਰ ਪਹੁੰਚਾਈ ਜਾ ਰਹੀ ਹੈ। ਅਸੀਂ ਦੁਬਾਰਾ ਇਸ ਅਖ਼ਬਾਰ ਨੂੰ 19ਵੇਂ ਵਰ੍ਹੇ 'ਚ ਫਿਰ ਤੋਂ 6 ਹਜ਼ਾਰ ਦੀ ਗਿਣਤੀ 'ਚ ਛਾਪਣਾ ਸ਼ੁਰੂ ਕਰ ਰਹੇ ਹਾਂ। ਉਮੀਦ ਹੈ ਪੰਜਾਬੀ ਅਖ਼ਬਾਰਾਂ ਪੜ੍ਹਨ ਵਾਲੇ ਸੱਜਣ-ਪਾਠਕ ਹੁਣ ਇਸ ਨੂੰ ਹੋਰ ਭਾਰਤੀ ਸਟੋਰਾਂ ਅਤੇ ਗੁਰੂ ਘਰਾਂ 'ਚੋਂ ਪ੍ਰਾਪਤ ਕਰ ਸਕਿਆ ਕਰਨਗੇ। ਕਿਸੇ ਵੀ ਬਿਜ਼ਨਸ ਦੀ ਐਡ ਕਰਾਉਣ ਵਾਸਤੇ ਤੁਸੀਂ ਸਾਡੇ ਕੋਲੋਂ ਰੇਟ ਲਿਸਟ ਮੰਗਵਾ ਸਕਦੇ ਹੋ। ਅਸੀਂ ਇਹ ਅਖ਼ਬਾਰ ਸਿਰਫ਼ ਪੰਜਾਬੀ ਬੋਲੀ (ਮਾਂ ਬੋਲੀ) ਨੂੰ ਪੰਜਾਬੀਆਂ ਤੱਕ ਪਹੁੰਚਾਉਣ ਅਤੇ ਇਸ ਨੂੰ ਲਿਖਣ ਦੀ ਆਦਤ ਪਾਉਣ ਦੇ ਇਰਾਦੇ ਨਾਲ ਹੀ ਅਖ਼ਬਾਰ ਛਾਪ ਰਹੇ ਹਾਂ। ਸਾਡਾ ਇਰਾਦਾ ਇਸ ਤੋਂ ਰੋਜ਼ੀ-ਰੋਟੀ ਕਮਾਉਣਾ ਨਹੀਂ ਹੈ ਤੇ ਅਸੀਂ ਸਿਰਫ਼ ਮਾਂ-ਬੋਲੀ ਦੇ ਪਸਾਰ ਲਈ ਹੀ ਇਸ ਅਖ਼ਬਾਰ ਨੂੰ ਛਪਵਾ ਕੇ ਲੋਕਾਂ ਤੱਕ ਪਹੁੰਚਾ ਕੇ ਮਾਣ ਵਧਾ ਰਹੇ ਹਾਂ। ਸਾਨੂੰ ਤੁਹਾਡੀ ਸਹਾਇਤਾ ਦੀ ਲੋੜ ਹੈ। ਇਸ ਮਾਂ-ਬੋਲੀ ਨੂੰ ਤੁਹਾਡੇ ਤੱਕ ਪਹੁੰਚਾਉਣ ਲਈ ਹੀ ਅਸੀਂ ਮਿਹਨਤ ਕਰ ਰਹੇ ਹਾਂ ਤੇ ਉਮੀਦ ਕਰਦੇ ਹਾਂ ਕਿ ਤੁਸੀਂ ਸਾਡਾ ਭਰਪੂਰ ਸਾਥ ਦਿਓਗੇ ਤਾਂ ਜੋ ਇਹ ਪੰਜਾਬੀ ਦਾ ਪ੍ਰਚਾਰ ਕਰਦੀ ਰਹੇ।




ਇਸ ਵਰ੍ਹੇ ਦੇ ਇਸ ਇਕੱਠ ਵਿਚ ਦੂਰੋਂ-ਨੇੜਿਓਂ ਦੋਸਤ-ਮਿੱਤਰ ਸਭ ਇਕੱਤਰ ਹੋਏ। ਇਹਨਾਂ 'ਚ ਸ. ਪਰਮਪਾਲ ਸਿੰਘ ਤੇ ਬੀਬੀ ਸੁਰਿੰਦਰ ਕੌਰ, ਜਸਪਾਲ ਸਿੰਘ ਪ੍ਰੋਫੈਸਰ ਤੇ ਬੀਬੀ ਜਗਜੀਤ ਕੌਰ, ਸ. ਅਨੂਪ ਸਿੰਘ ਚੀਮਾ ਤੇ ਉਹਨਾਂ ਦੀ ਸੁਪਤਨੀ, ਸ. ਸੁਰਿੰਦਰ ਸਿੰਘ ਧਨੋਆ/ਬੀਬੀ ਜਸਵਿੰਦਰ ਕੌਰ ਧਨੋਆ, ਸ੍ਰੀ ਵਿਨੋਦ ਕੁਮਾਰ ਤੇ ਸੁਪਤਨੀ ਤੇ ਉਹਨਾਂ ਦੇ ਵੱਡੇ ਭਾਈ ਸਾਹਿਬ ਜੋ ਹੁਣੇ ਪੋਸਟ ਆਫਿਸ ਤੋਂ ਰਿਟਾਇਰ ਹੋਏ, ਅਮ-ਰੀਕਾ 'ਚ ਆਏ ਹਨ।

ਰਿਸ਼ਤੇਦਾਰ ਗੁਰਦੀਪ ਸਿੰਘ/ ਬੀਬੀ ਜਸਵੀਰ ਕੌਰ ਸੂਚ, ਬਲਕਾਰ ਸਿੰਘ ਦਿਓਲ, ਬੀਬੀ ਕਸ਼ਮੀਰ ਕੌਰ ਦਿਓਲ, ਨਵਨੀਤ ਕੌਰ ਸੰਧੂ ਤੇ ਉਹਨਾਂ ਦੀ ਧੀ, ਬੀਬੀ ਰੋਜ਼ੀ ਕਮਲ ਕੌਰ (ਕੈ-ਲੇਫੋਰਨੀਆ ਇੰਮੀਗ੍ਰੇਸ਼ਨ), ਡਾ. ਰੀਆ ਸਿੰਘ। ਸ. ਮਹਿੰਗਾ ਸਿੰਘ ਸਰਪੰਚ, ਮਨਜੀਤ ਸਿੰਘ ਸੰਧੂ, ਸ. ਅਵਤਾਰ ਸਿੰਘ ਸਰਪੰਚ ਸੰਧੂ, ਅਵਤਾਰ ਸਿੰਘ ਤਾਰੀ ਤੇ ਸੁਪਤਨੀ ਬੀਬੀ ਸੁਰਿੰਦਰ ਕੌਰ ਰੱਕੜ, ਸ. ਦਰਸ਼ਨ ਸਿੰਘ ਢਿੱਲੋਂ, ਜਸ ਢਿੱਲੋਂ, ਸ. ਗੁਰਦਰਸ਼ਨ ਸਿੰਘ ਗਰੇਵਾਲ, ਡਾ. ਹਰਮੇਸ਼ ਕੁਮਾਰ ਤੇ ਉਹਨਾਂ ਦੇ ਬਿਜ਼ਨਸ ਦੀ ਮੈਨੇਜਰ ਵੀ ਪਹੁੰਚੇ।

ਦੋਸਤਾਂ-ਮਿੱਤਰਾਂ 'ਚ ਬਲਦੇਵ ਸਿੰਘ ਮਾਨ, ਸੁਪਤਨੀ ਬੀਬੀ ਗੁਰਦੀਪ ਕੌਰ ਤੇ ਉਹਨਾਂ ਦੇ ਦੋਵੇਂ ਪੁੱਤਰ ਵੀ ਉਚੇਚੇ ਤੌਰ 'ਤੇ ਪਹੁੰਚੇ।

ਸ. ਗੁਰਮੀਤ ਸਿੰਘ ਭੋਗਲ, ਜਸਬੀਰ ਭੰਮਰਾ, ਸ. ਨਰਿੰਦਰ ਸਿੰਘ ਦੁਸਾਂਝ, ਬੀਬੀ ਬਲਬੀਰ ਕੌਰ ਦੁਸਾਂਝ, ਸ਼ਿੰਦਾ ਸਿੰਘ ਸੈਂਭੀ, ਸੁਪਤਨੀ ਬੀਬੀ ਬਖਸ਼ੀਸ਼ ਕੌਰ ਸੈਂਭੀ, ਸੁਖਵਿੰਦਰ ਸਿੰਘ ਭੇਲਾ ਤੇ ਸੁਪਤਨੀ ਤੇ ਬੱਚੇ ਨਾਲ ਉਹਨਾਂ ਦੇ ਮਾਤਾ-ਪਿਤਾ ਸ. ਜਗਦੀਸ਼ ਸਿੰਘ ਭੇਲਾ ਤੇ ਮਾਤਾ ਜੀ ਵੀ ਉਚੇਚੇ ਤੌਰ 'ਤੇ ਪਹੁੰਚੇ ਤੇ ਜਸਵਿੰਦਰ ਔਜਲਾ ਵੀ ਪਹੁੰਚੇ।

ਗਾਇਕਾਂ 'ਚ ਐਚ. ਐਸ. ਭਜਨ ਤੇ ਅਨੂਪ ਸਿੰਘ ਚੀਮਾ ਵੀ ਪਹੁੰਚੇ।

ਲਾਸ ਏਂਜਲਸ ਤੋਂ ਉਚੇਚੇ ਤੌਰ 'ਤੇ ਕਵੀ ਰਾਜ਼ ਜੀ ਪਹੁੰਚੇ, ਜਿਹਨਾਂ ਸਨਮਾਨ ਚਿੰਨ੍ਹਾਂ ਦੀ ਵੰਡ ਵੀ ਕੀਤੀ।

ਜਗਤਾਰ ਗਿੱਲ, ਹਰਸਿਮਰਨ ਸਿੰਘ ਹੁੰਦਲ ਤੇ ਉਹਨਾਂ ਦਾ ਸਪੁੱਤਰ ਵੀ ਇਸ ਪ੍ਰੋਗਰਾਮ 'ਚ ਪਹੁੰਚੇ। ਸ੍ਰੀ ਸੁੱਚਾ ਰਾਮ ਆਪਣੇ ਪੋਤਰੇ ਨਾਲ ਇਸ ਪ੍ਰੋਗਰਾਮ 'ਚ ਹਾਜ਼ਰੀ ਲਵਾਉਣ ਆਏ। ਸ੍ਰੀ ਰਾਜ ਬਡਵਾਲ 'ਪਰਦੇਸ ਟਾਇਮਜ' ਦੇ ਮੀਡੀਆ ਕਵਰੇਜ਼ ਕਰਨ ਲਈ ਉਚੇਚੇ ਤੌਰ ਤੇ ਫੋਟੋਆਂ ਖਿੱਚ ਕੇ ਸਾਡੇ ਪਰਚੇ 'ਚ ਲਾਉਣ ਵਾਸਤੇ ਬਹੁਤ ਹੀ ਵਧੀਆ ਫੋਟੋਆਂ ਹਮੇਸ਼ਾ ਦੀ ਤਰ੍ਹਾਂ ਭੇਜ ਕੇ ਧੰਨਵਾਦੀ ਬਣਾਉਂਦੇ ਹਨ।

ਸ. ਪਰਮਪਾਲ ਸਿੰਘ ਜੀ ਨੇ ਸਟੇਜ ਦੀ ਕਾਰਵਾਈ ਸੰਭਾਲੀ।

ਪ੍ਰੋਗਰਾਮ ਦੇ ਸ਼ੁਰੂ 'ਚ ਪ੍ਰੋ. ਜਸਪਾਲ ਸਿੰਘ ਸੈਣੀ ਨੇ ਅਖ਼ਬਾਰ ਦੇ ਸਰਪ੍ਰਸਤ ਸ. ਦਿਲਬਾਗ ਸਿੰਘ ਰੰਧਾਵਾ ਦੀ ਮੌਤ ਤੇ ਸਾਰਿਆਂ ਨੂੰ ਦੋ ਮਿੰਟ ਦਾ ਅਫਸੋਸ 'ਚ ਮੌਨ ਰੱਖਣ ਲਈ ਕਿਹਾ ਕਿਉਂਕਿ ਸ. ਦਿਲਬਾਗ ਸਿੰਘ ਰੰਧਾਵਾ ਇਸੇ ਵਰ੍ਹੇ ਫਰਵਰੀ 10, 2024 ਨੂੰ ਸਾਡੇ ਕੋਲੋਂ ਹਮੇਸ਼ਾ ਲਈ ਜੁਦਾ ਹੋ ਕੇ ਰੱਬ ਦੀ ਗੋਦ 'ਚ ਜਾ ਬਿਰਾਜਮਾਨ ਹੋ ਗਏ ਸਨ। ਐਚ. ਐਸ. ਭਜਨ ਤੇ ਅਨੂਪ ਸਿੰਘ ਚੀਮਾ ਜੀ ਨੇ ਗੀਤ ਗਾ ਕੇ ਅੱਜ ਦੇ ਇਸ ਪ੍ਰੋਗਰਾਮ 'ਚ ਚਾਰ ਚੰਨ ਲਾ ਦਿੱਤੇ।

ਬੁਲਾਰਿਆਂ 'ਚ ਡਾ. ਹਰਮੇਸ਼ ਕੁਮਾਰ, ਜਗਤਾਰ ਗਿੱਲ, ਸੁਰਿੰਦਰ ਸਿੰਘ ਧਨੋਆ, ਰਾਮ ਹਰਸਿਮਰਨ ਸਿੰਘ ਤੇ ਆਖਿਰ 'ਚ ਬਲਬੀਰ ਸਿੰਘ ਐਮ. ਏ. ਵੱਲੋਂ ਸਾਰੇ ਬੁਲਾਰਿਆਂ ਦੇ ਨਾਲ ਆਏ ਸੱਜਣਾਂ ਦਾ ਧੰਨਵਾਦ ਵੀ ਕੀਤਾ ਤੇ ਸਲਾਨਾ ਕਿੰਨਾ ਖਰਚਾ ਹੁੰਦਾ ਹੈ, ਇਸ ਦਾ ਵੇਰਵਾ ਵੀ ਸਾਂਝਾ ਕੀਤਾ। ਹੋਰਨਾਂ ਤੋਂ ਇਲਾਵਾ ਬੀਬੀ ਰਾਜਿੰਦਰ ਕੌਰ ਐਮ. ਏ. ਦੀਆਂ ਤਿੰਨ ਸਹੇਲੀਆਂ ਜੋ ਦੂਜੇ ਮੁਲਕਾਂ ਦੀਆਂ ਰਹਿਣ ਵਾਲੀਆਂ ਹਨ, ਵੀ ਇਸ ਪ੍ਰੋਗਰਾਮ 'ਚ ਪਹੁੰਚੀਆਂ ਤੇ ਕਸ਼ਮੀਰ ਸਿੰਘ ਧੁੱਗਾ (ਕੈਸ਼ ਫੈਬਰਿਕ), ਡਾਕਟਰ ਮਨਦੀਪ ਸਿੰਘ ਭੁੱਲਰ ਤੇ ਉਹਨਾਂ ਦੇ ਭਾਈ ਸ. ਅਮਰ ਸਿੰਘ

**(ਬਾਕੀ ਰਿਪੋਰਟ ਅਤੇ ਤਸਵੀਰਾਂ ਸਫਾ 11 'ਤੇ)**

MST INS SERV INC
Long Haul
A Rated Market
Licensed



Washington/CA/Indiana/Texas/nevada/New Jersey
ਦੇ ਲਈ Insurance ਜੋ ਬਹੁਤ ਵਧੀਆ ਰੇਟ 'ਤੇ ਕਰਵਾ ਸਕਦੇ ਹੋ।
ਹਰ ਤਰ੍ਹਾਂ ਦੇ ਟਰੱਕਾਂ ਦੇ ਕੰਮ ਕਰਨ ਵਾਲਿਆਂ ਲਈ
ਲੋਕਲ/ 48 ਸਟੇਟਾਂ/ ਸੈਂਡ/ ਗਰੇਵੱਲ/ ਕੰਟੇਨਰ
Mandeep Thiara
Owner/Broker-Agent
Lic #600363
Tel (209) 407-4236
Fax (209) 666-1428
Cell (209) 666-0032
info@mstinsurance.net
3941 Holly Drive Suite #1 Tracy, CA 95304

ਪੰਜਾਬੀ ਦਾ ਇਕੋ-ਇਕ ਅਖਬਾਰ, ਜੋ ਛਪ ਵੀ ਰਿਹਾ ਹੈ
ਅਤੇ ਆਨਲਾਈਨ ਵੀ ਪ੍ਰਕਾਸ਼ਿਤ ਹੋ ਰਿਹਾ ਹੈ।
ਆਪਣੇ ਬਿਜਨਸ ਦੇ ਪ੍ਰਚਾਰ ਲਈ ਸੰਪਰਕ ਕਰੋ:-
ਬਲਬੀਰ ਸਿੰਘ ਐਮ. ਏ. (ਸੰਪਾਦਕ)
510-938-7771

Turning
65
Years
Old?



If you've got questions,
I've got answers!
Becoming eligible for Medicare at age 65 can be overwhelming and confusing, but it doesn't have to be! I can help explain all of your available options. Call me today!
Let's talk about it!
Gurcharan Singh Mann
Licensed Insurance Agent
CA License No. 0C70672
(510) 487-1000 TTY:711
MANN@GGIABA.COM
By calling this number you agree to speak with a licensed insurance agent about Medicare Products. We do not offer every plan available in your area. Any information we provide is limited to those plans we do offer in your area. Please contact Medicare.gov or 1-800-Medicare to get information on all of your options. This is an advertisement. Not affiliated with any government agency including Medicare.

Joshi Law Firm
Attorneys at Law ਅਟਾਰਨੀ ਐਟ ਲਾਅ
www.joshilawfirm.com info@joshilawfirm.com
ਇਮੀਗ੍ਰੇਸ਼ਨ
ਡਿਪੋਰਟੇਸ਼ਨ
ਅਸਾਈਲਮ
ਸਿਟੀਜਨਸ਼ਿਪ
ਗਰੀਨ ਕਾਰਡ
ਫੈਮਲੀ ਪਟੀਸ਼ਨ
ਵਿਆਹ ਦੇ
ਆਧਾਰ ਤੇ
ਗਰੀਨ ਕਾਰਡ
ਐਡਜਸਟਮੈਂਟ
ਆਫ ਸਟੇਟਸ
ਫੈਮਲੀ ਲਾਅ
ਤਲਾਕ ਦੀ
ਪਟੀਸ਼ਨ
ਬੱਚੇ ਦੀ
ਕਸਟਡੀ
ਭੱਤਾ ਜਾਂ ਖਰਚਾ
ਬੱਚਿਆਂ ਲਈ
ਖਰਚਾ



TANVIR JOSHI
SBN: 302226
(559) 312-0083 (O) (888) 630-1230 (F)
516 W. SHAW AVE STE 200 FRESNO, CA 93704



Raj Budwal
(Investment and Financial Advisor)
408-972-8000,
408-835-0202 (Cell)
Budwal and Associates
329 Piercy Road, San Jose, CA 95138
8350202@gmail.com

# TASTE OF INDIA

specialist- Gurh Dee Barfee, Gurh Diyaan Jalebian

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ

ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ




lunch buffet everyday
fresh jalebian every day

DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810



# Quick Lube & Smog

OFFICIAL LAMP ADJUSTING STATION
OFFICIAL BRAKE ADJUSTING STATION

Auto repair, Diagnostics & Smog Check Station

SMOG CHECK

ਚਲਦੀਆਂ (Used) ਕਾਰਾਂ, ਵਾਜਬ ਕੀਮਤਾਂ ਤੇ
ਖਰੀਦਣ ਲਈ ਗੋਗੀ ਹੁਰਾਂ ਨੂੰ ਕਾਲ ਕਰੋ

SUKHWINDER BHELLA
510-757-6775 gogibhella@gmail.com

# TENNYSON AUTO

Car Sale Service and Repair

SUKHWINDER BHELLA, Manager
tennysonauto1@gmail.com
510-330-7112, 510-757-6775
691 W. Tennyson Rd Hayward, CA 94544




# Mountain Mike's Pizza

| 879 W Schulte Rd | 2260 Grant Line Rd # 104 |
|---|---|
| Tracy (CA) | Tracy (CA) |
| Closes soon 9:30 PM | Open - Closes 10 PM |
| Dine-in - Takeout Delivery | Dine-in - Takeout Delivery |

Prop:
Vicky Panaich
209-631-3219
www.mountainmikespizza.com


# Kash Fabrics

37 ਸਾਲ ਤੋਂ ਤੁਹਾਡੀ ਸੇਵਾ ਵਿਚ

ਸਾਡੀ ਵਿਸ਼ੇਸਤਾ

1.Wedding Lehngas
2.Mens wear-shervani
3.Kurte Pajame
4. Sharara Suits.
5.Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ
80 ਰੰਗਾਂ ਵਿਚ ਪੱਗਾਂ




Kashmir Singh Dhugga
Gurjeet kaur Dhugga
kashfabrics@gmail.com

KASH FABRICS
29576 Mission Blvd
Hayward,CA 94544
510-538-1138

# ਪੰਜਾਬ ਵਜ਼ਾਰਤ 'ਚ ਫੇਰਬਦਲ-ਕਿਸੇ ਨੂੰ ਵਜ਼ੀਰੀ ਤੇ ਕਿਸੇ ਨੂੰ 'ਫ਼ਕੀਰੀ'!

ਚੰਡੀਗੜ੍ਹ- ਪੰਜਾਬ ਵਜ਼ਾਰਤ 'ਚ ਫੇਰਬਦਲ ਨੇ ਕਿਸੇ ਪੱਲੇ ਵਜ਼ੀਰੀ ਪਾਈ, ਜਦੋਂ ਕਿ ਕਿਸੇ ਦੀ ਹਿੱਸੇ ਅੱਜ 'ਫ਼ਕੀਰੀ' ਆਈ। ਪੰਜ ਨਵੇਂ ਚਿਹਰਿਆਂ ਨੂੰ ਝੰਡੀ ਵਾਲੀ ਕਾਰ ਮਿਲੀ, ਉੱਥੇ ਵਜ਼ਾਰਤ ਵਿਚੋਂ ਛਾਂਟੀ ਕੀਤੇ ਚਾਰ ਵਜ਼ੀਰਾਂ ਤੋਂ ਸਰਕਾਰੀ ਗੱਡੀਆਂ ਵਾਪਸ ਲੈ ਲਈਆਂ ਗਈਆਂ ਹਨ। ਉਨ੍ਹਾਂ ਵਿਧਾਇਕਾਂ 'ਚ ਵੀ ਮਾਯੂਸੀ ਹੈ, ਜਿਨ੍ਹਾਂ ਨੂੰ ਵਜ਼ਾਰਤ ਵਿਚ ਥਾਂ ਮਿਲਣ ਦੀ ਉਮੀਦ ਸੀ। ਉਨ੍ਹਾਂ ਵਿਚੋਂ ਕਈਆਂ ਨੂੰ ਆਸ ਸੀ ਕਿ ਪਾਰਟੀ ਵੱਲੋਂ ਲੋਕ ਸਭਾ ਚੋਣਾਂ ਵਿਚ ਦਿਖਾਈ ਕਾਰਗੁਜ਼ਾਰੀ ਨੂੰ ਧਿਆਨ ਵਿਚ ਰੱਖਿਆ ਜਾਵੇਗਾ। ਉਨ੍ਹਾਂ ਨੂੰ ਅੱਜ ਹਲਫਦਾਰੀ ਸਮਾਗਮਾਂ ਦੇ ਸੱਦਾ ਪੱਤਰ ਵੀ ਭੇਜੇ ਗਏ ਸਨ ਪਰ ਉਹ ਸਮਾਰੋਹਾਂ ਵਿਚ ਆਉਣ ਦਾ ਹੌਸਲਾ ਨਹੀਂ ਕਰ ਸਕੇ। ਸੂਤਰਾਂ ਅਨੁਸਾਰ ਅਨਮੋਲ ਗਗਨ ਮਾਨ ਨੇ ਵੀ ਕੱਲ੍ਹ ਅਸਤੀਫ਼ਾ ਦੇਣ ਤੋਂ ਵੀ ਆਨਾਕਾਨੀ ਕੀਤੀ ਸੀ ਅਤੇ ਪਾਰਟੀ ਹਾਈਕਮਾਨ ਤੱਕ ਵੀ ਪਹੁੰਚ ਬਣਾਈ ਸੀ। ਆਖ਼ਰ ਉਨ੍ਹਾਂ ਨੂੰ ਵਜ਼ੀਰੀ ਛੱਡਣੀ ਹੀ ਪਈ। ਅਨਮੋਲ ਗਗਨ ਮਾਨ ਨੇ ਕੁੱਝ ਦਿਨ ਪਹਿਲਾਂ ਹੀ ਜਨਤਕ ਸਮਾਗਮਾਂ ਵਿਚ ਅਫ਼ਸਰਾਂ ਦੇ ਭ੍ਰਿਸ਼ਟਾਚਾਰ ਨੂੰ ਲੈ ਕੇ ਟਿੱਪਣੀ ਵੀ ਕੀਤੀ ਸੀ। ਬ੍ਰਮ ਸ਼ੰਕਰ ਜਿੰਪਾ ਕੋਲ ਮਾਲ ਮਹਿਕਮਾ ਸੀ ਅਤੇ ਉਨ੍ਹਾਂ ਬਾਰੇ ਪਾਰਟੀ ਵੱਲੋਂ ਲਈ ਗਈ ਫੀਡਬੈਕ ਤਸੱਲੀਬਖ਼ਸ਼ ਨਹੀਂ ਸੀ। ਪਤਾ ਲੱਗਾ ਹੈ ਕਿ ਸਭ ਤੋਂ ਵੱਧ ਉਦਾਸੀ ਚੇਤਨ ਸਿੰਘ ਜੌੜਾਮਾਜਰਾ ਦੇ ਚਿਹਰੇ 'ਤੇ ਹੈ।



ਸੂਤਰ ਦੱਸਦੇ ਹਨ ਕਿ ਜੌੜਾਮਾਜਰਾ ਨੂੰ ਤਾਂ ਚਿੱਤ ਚੇਤੇ ਵੀ ਨਹੀਂ ਸੀ ਕਿ ਇੰਜ ਵੀ ਹੋ ਸਕਦਾ ਹੈ। ਉਨ੍ਹਾਂ ਨੇ ਆਪਣੇ ਵਿਭਾਗਾਂ ਵਿਚ ਉੱਪਰਲੇ ਹੁਕਮਾਂ ਨੂੰ ਪੂਰੀ ਤਸੱਲੀ ਨਾਲ ਵਜਾਇਆ ਸੀ। ਜਦੋਂ ਉਹ ਸਿਹਤ ਮੰਤਰੀ ਸਨ ਤਾਂ ਸੀਨੀਅਰ ਡਾਕਟਰ ਨੂੰ ਫ਼ਰੀਦਕੋਟ ਵਿਚ ਗੱਦੇ 'ਤੇ ਲਿਟਾਏ ਜਾਣ ਮੌਕੇ ਵਿਵਾਦਾਂ ਵਿਚ ਘਿਰ ਗਏ ਸਨ।

ਉਨ੍ਹਾਂ ਬਾਰੇ ਗ੍ਰਹਿ ਜ਼ਿਲ੍ਹੇ ਵਿਚੋਂ ਰਿਪੋਰਟ ਠੀਕ ਨਹੀਂ ਸੀ। ਬਲਕਾਰ ਸਿੰਘ ਨੂੰ ਆਪਣੀ ਛੁੱਟੀ ਹੋਣ ਬਾਰੇ ਪਹਿਲਾਂ ਹੀ ਅੰਦਾਜ਼ਾ ਸੀ। ਪਤਾ ਲੱਗਾ ਹੈ ਕਿ ਵਜ਼ੀਰੀ ਤੋਂ ਹੱਥ ਧੋਣ ਵਾਲੇ ਵਿਧਾਇਕਾਂ ਕੋਲੋਂ ਹੁਣ ਸਰਕਾਰੀ ਕੋਠੀ ਦੀ ਸੁਵਿਧਾ ਵੀ ਖੁਸ ਜਾਣੀ ਹੈ। ਜਿਨ੍ਹਾਂ ਵਿਧਾਇਕਾਂ ਨੂੰ ਅੱਜ ਵਜ਼ੀਰੀ ਮਿਲੀ ਹੈ, ਉਹ ਅੱਜ ਸਵੇਰ ਵੇਲੇ ਪਹਿਲਾਂ ਧਾਰਮਿਕ ਸਥਾਨਾਂ 'ਤੇ ਗਏ ਅਤੇ ਫਿਰ ਪਰਿਵਾਰਾਂ ਸਮੇਤ ਰਾਜ ਭਵਨ ਪੁੱਜੇ। ਸਹੁੰ ਚੁੱਕ ਸਮਾਗਮਾਂ 'ਚੋਂ 'ਆਪ' ਦੇ ਕਾਰਜਕਾਰੀ ਪ੍ਰਧਾਨ ਪ੍ਰਿੰਸੀਪਲ ਬੁੱਧ ਰਾਮ, ਪਾਰਟੀ ਦੀ ਚੀਫ਼ ਵ੍ਹਿਪ ਬਲਜਿੰਦਰ ਕੌਰ ਤੇ ਸਰਵਜੀਤ ਕੌਰ ਮਾਣੂਕੇ ਵੀ ਗ਼ੈਰਹਾਜ਼ਰ ਸਨ। ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਵੀ ਨਜ਼ਰ ਨਹੀਂ ਆਏ। ਵਿਭਾਗੀ ਫੇਰਬਦਲ ਨੇ ਵੀ ਕਈ ਪੁਰਾਣੇ ਵਜ਼ੀਰਾਂ ਨੂੰ ਨਿਰਾਸ਼ ਕੀਤਾ ਹੈ। ਕੁਲਦੀਪ ਸਿੰਘ ਧਾਲੀਵਾਲ ਨੂੰ ਪਾਰਟੀ ਨੇ ਲੋਕ ਸਭਾ ਚੋਣਾਂ ਵਿਚ ਵੀ ਉਤਾਰਿਆ ਅਤੇ ਉਹ ਖ਼ਾਸ ਕਰਕੇ ਸੰਘਰਸ਼ੀ ਲੋਕਾਂ ਨਾਲ ਗੱਲਬਾਤ ਮੌਕੇ ਸੰਕਟ ਮੋਚਨ ਵੀ ਬਣਦੇ ਰਹੇ ਹਨ। ਉਨ੍ਹਾਂ ਨੂੰ ਪਾਰਟੀ ਤੋਂ ਆਪਣੇ ਕੀਤੇ ਕੰਮਾਂ ਕਰਕੇ ਨਵੇਂ ਵਿਭਾਗ ਮਿਲਣ ਦੀ ਉਮੀਦ ਸੀ। ਹੋਰ ਵੀ ਕਈ ਚਿਹਰੇ ਅੱਜ ਘਰਾਂ ਵਿਚੋਂ ਬਾਹਰ ਨਹੀਂ ਨਿਕਲੇ ਹਨ। ਅਫ਼ਵਾਹਾਂ ਮਗਰੋਂ ਅੱਜ ਪਹਿਲੀ ਵਾਰ ਇੱਕੋ ਸਮਾਗਮ ਵਿਚ ਮੁੱਖ ਮੰਤਰੀ ਭਗਵੰਤ ਮਾਨ ਤੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਹਾਜ਼ਰ ਸਨ ਪਰ ਉਨ੍ਹਾਂ ਨੂੰ ਨੇੜਿਓਂ ਆਹਮੋ ਸਾਹਮਣੇ ਹੋਣ ਦਾ ਮੌਕਾ ਨਹੀਂ ਮਿਲਿਆ।

ਪੰਜਾਬ ਸਰਕਾਰ ਵੱਲੋਂ ਸੂਬੇ ਦੇ ਮੰਤਰੀ ਮੰਡਲ ਵਿੱਚ ਕੀਤੇ ਗਏ ਫੇਰਬਦਲ 'ਤੇ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਸਰਕਾਰ ਨੂੰ ਘੇਰਿਆ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ 'ਆਪ' ਸਰਕਾਰ ਵੱਲੋਂ ਢਾਈ ਸਾਲਾਂ ਦੇ ਕਾਰਜਕਾਲ ਦੌਰਾਨ ਮੰਤਰੀ ਮੰਡਲ 'ਚ ਚੌਥੀ ਵਾਰ ਫੇਰਬਦਲ ਕੀਤੇ ਜਾਣ 'ਤੇ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਇਕ ਕੈਬਨਿਟ ਮੰਤਰੀ ਨੂੰ ਆਪਣੇ ਵਿਭਾਗ ਦੇ ਕੰਮਕਾਜ ਨੂੰ ਪੂਰੀ ਤਰ੍ਹਾਂ ਸਮਝਣ ਲਈ ਆਮ ਤੌਰ 'ਤੇ ਘੱਟੋ-ਘੱਟ ਛੇ ਮਹੀਨੇ ਦੀ ਲੋੜ ਹੁੰਦੀ ਹੈ ਪਰ 'ਆਪ' ਸਰਕਾਰ ਨੇ ਜਲਦਬਾਜ਼ੀ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਐਡਵੋਕੇਟ ਅਰਸ਼ਦੀਪ ਸਿੰਘ ਕਲੇਰ ਨੇ ਮੰਤਰੀ ਮੰਡਲ ਵਿੱਚ ਫੇਰਬਦਲ ਨੂੰ ਲੈ ਕੇ ਸੂਬਾ ਸਰਕਾਰ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਅੱਜ ਸੂਬੇ ਵਿੱਚ ਕਾਨੂੰਨ ਵਿਵਸਥਾ ਦੀ ਹਾਲਤ ਬਹੁਤ ਮਾੜੀ ਹੋ ਚੁੱਕੀ ਹੈ।

# ਆਤਿਸ਼ੀ ਬਣੀ ਦਿੱਲੀ ਦੀ ਅੱਠਵੀਂ ਮੁੱਖ ਮੰਤਰੀ

ਨਵੀਂ ਦਿੱਲੀ- ਆਮ ਆਦਮੀ ਪਾਰਟੀ ਦੀ ਆਗੂ ਆਤਿਸ਼ੀ ਨੇ ਦਿੱਲੀ ਦੇ ਅੱਠਵੇਂ ਮੁੱਖ ਮੰਤਰੀ ਵਜੋਂ ਅਹੁਦਾ ਸਾਂਭ ਲਿਆ ਹੈ। ਉਨ੍ਹਾਂ ਕੇਜਰੀਵਾਲ ਵਾਲੀ ਕੁਰਸੀ ਖਾਲੀ ਰੱਖ ਕੇ 'ਭਰਤ' ਵਾਂਗ ਸਰਕਾਰ ਚਲਾਉਣ ਦਾ ਅਹਿਦ ਲਿਆ ਤੇ ਮੁੱਖ ਮੰਤਰੀ ਕੇਜਰੀਵਾਲ ਵਾਲੀ ਕੁਰਸੀ ਉੱਪਰ ਬੈਠਣ ਦੀ ਥਾਂ ਵੱਖਰੀ ਕੁਰਸੀ 'ਤੇ ਬੈਠ ਕੇ ਕੰਮਕਾਰ ਸ਼ੁਰੂ ਕੀਤੇ। ਉਹ ਦਿੱਲੀ ਦੀ ਹੁਣ ਤੱਕ ਸਭ ਤੋਂ ਛੋਟੀ ਉਮਰ ਦੀ ਤੇ ਤੀਜੀ ਮਹਿਲਾ ਮੁੱਖ ਮੰਤਰੀ ਬਣੀ ਹੈ। ਉਨ੍ਹਾਂ ਕੋਲ 13 ਮਹਿਕਮੇ ਹੋਣਗੇ। ਦਿੱਲੀ ਵਿਧਾਨ ਸਭਾ ਦਾ ਦੋ ਦਿਨਾਂ ਦਾ ਸੈਸ਼ਨ 26 ਤੇ 27 ਸਤੰਬਰ ਨੂੰ ਹੋਵੇਗਾ, ਜਿਸ ਵਿੱਚ ਮੁੱਖ ਮੰਤਰੀ ਪਹਿਲੀ ਵਾਰ ਵਿਰੋਧੀ ਧਿਰ ਦਾ ਸਾਹਮਣਾ ਕਰੇਗੀ।



# ਅਮਰੀਕਾ ਨੇ ਯੂਏਈ ਨੂੰ ਦਿੱਤਾ ਭਾਰਤ ਵਰਗਾ ਦਰਜਾ

ਨਵੀਂ ਦਿੱਲੀ- ਆਉਣ ਵਾਲੇ ਦਿਨਾਂ 'ਚ ਭਾਰਤ, ਅਮਰੀਕਾ ਤੇ ਸੰਯੁਕਤ ਅਰਬ ਅਮੀਰਾਤ (ਯੂਏਈ) ਵਿਚਾਲੇ ਬੇਮਿਸਾਲ ਫ਼ੌਜੀ ਸਹਿਯੋਗ ਦੀ ਸ਼ੁਰੂਆਤ ਹੋਣ ਵਾਲੀ ਹੈ। ਇਸ ਤਹਿਤ ਤਿੰਨਾਂ ਦੇਸ਼ਾਂ ਵਿਚਾਲੇ ਫ਼ੌਜੀ ਸਿਖਲਾਈ, ਜੰਗੀ ਅਭਿਆਸ ਤੇ ਫ਼ੌਜੀ ਖੇਤਰ ਨਾਲ ਜੁੜੇ ਸਹਿਯੋਗ ਸਥਾਪਤ ਕੀਤੇ ਜਾਣਗੇ। ਇਸ ਦਾ ਐਲਾਨ ਅਮਰੀਕਾ ਤੇ ਯੂਏਈ ਦੇ ਸਿਖਰਲੇ ਆਗੂਆਂ ਦੀ ਬੈਠਕ ਤੋਂ ਬਾਅਦ ਜਾਰੀ ਸਾਂਝੇ ਰਣਨੀਤਕ ਬਿਆਨ 'ਚ ਕੀਤਾ ਗਿਆ ਹੈ।



ਇਸ ਬਿਆਨ 'ਚ ਭਾਰਤ ਇੱਕੋ ਇਕ ਦੇਸ਼ ਹੈ ਜਿਸ ਦਾ ਜ਼ਿਕਰ ਪੰਜ ਵਾਰ ਕੀਤਾ ਗਿਆ ਹੈ। ਸਾਂਝੇ ਬਿਆਨ 'ਚ ਅਮਰੀਕਾ ਤੇ ਯੂਏਈ ਨੇ ਖੇਤਰੀ ਸਥਿਰਤਾ ਲਈ ਭਾਰਤ ਦੇ ਨਾਲ ਫ਼ੌਜੀ ਸਹਿਯੋਗੀ ਨੂੰ ਮਹੱਤਵਪੂਰਨ ਮੰਨਦੇ ਹੋਏ ਇਸ ਨੂੰ ਵੱਧ ਮਜ਼ਬੂਤ ਕਰਨ ਦੀ ਗੱਲ ਕਹੀ ਹੈ। ਉਕਤ ਦੋਵਾਂ ਦੇਸ਼ਾਂ ਨੇ ਭਾਰਤ ਨਾਲ ਮੱਧ ਪੂਰਬ ਖੇਤਰ ਰਾਹੀਂ ਯੂਰਪ ਤੱਕ ਦੀ ਕੁਨੈਕਟੀਵਿਟੀ ਪ੍ਰਾਜੈਕਟ ਨੂੰ ਵੀ ਪੂਰਾ ਸਮਰਥਨ ਦੇਣ ਦੀ ਗੱਲ ਕਹੀ ਹੈ। ਅਮਰੀਕਾ ਨੇ ਹੁਣ ਤੱਕ ਸਿਰਫ਼ ਭਾਰਤ ਨੂੰ ਮੁੱਖ ਰੱਖਿਆ ਭਾਈਵਾਲ ਦਾ ਦਰਜਾ ਦਿੱਤਾ ਸੀ। ਹੁਣ ਯੂਏਈ ਨੂੰ ਵੀ ਇਹ ਦਰਜਾ ਦੇ ਦਿੱਤਾ ਗਿਆ ਹੈ। ਅਮਰੀਕਾ ਤੇ ਯੂਏਈ ਵਿਚਾਲੇ ਖਾੜੀ ਦੇ ਖੇਤਰ, ਪੂਰਬੀ ਅਫਰੀਕਾ ਤੇ ਹਿੰਦ ਮਹਾਸਾਗਰ ਖੇਤਰ ਵਿਚ ਫ਼ੌਜ ਤੇ ਰਣਨੀਤਕ ਸਹਿਯੋਗ ਵਧਾਉਣ 'ਤੇ ਸਹਿਮਤੀ ਬਣੀ ਹੈ। ਇਸੇ ਲੜੀ 'ਚ ਦੱਸਿਆ ਗਿਆ ਹੈ ਕਿ ਇਨ੍ਹਾਂ ਵਿਚਾਲੇ ਦੀ ਭਾਈਵਾਲੀ ਹੁਣ ਭਾਰਤ ਦੇ ਨਾਲ ਵੀ ਬੇਮਿਸਾਲ ਫ਼ੌਜੀ ਸਹਿਯੋਗ ਦਾ ਰਾਹ ਖੋਲ੍ਹੇਗੀ।

ਕਈ ਅੰਤਰਰਾਸ਼ਟਰੀ ਜਾਣਕਾਰਾਂ ਨੇ ਅਮਰੀਕਾ ਤੇ ਯੂਏਈ ਵੱਲੋਂ ਕੀਤੇ ਗਏ ਇਸ ਐਲਾਨ ਨੂੰ ਵਿਸ਼ਵ ਪੱਧਰ 'ਤੇ ਦੂਰਅੰਦੇਸ਼ੀ ਅਸਰ ਵਾਲਾ ਕਰਾਰ ਦਿੱਤਾ ਹੈ। ਕਿਹਾ ਜਾ ਰਿਹਾ ਹੈ ਕਿ ਸਾਊਦੀ ਅਰਬ 'ਤੇ ਅਮਰੀਕਾ ਦੇ ਘਟਦੇ ਅਸਰ ਨੂੰ ਬੈਲੇਂਸ ਕਰਨ ਲਈ ਹੁਣ ਅਮਰੀਕਾ ਯੂਏਈ ਦੇ ਨਾਲ ਫ਼ੌਜੀ ਸਹਿਯੋਗ ਨੂੰ ਮਜ਼ਬੂਤ ਕਰ ਰਿਹਾ ਹੈ। ਪਿਛਲੇ ਸਾਲ ਈਰਾਨ ਤੇ ਸਾਊਦੀ ਅਰਬ ਵਿਚਾਲੇ ਇਕ ਸਮਝੌਤਾ ਹੋਇਆ ਸੀ।

ਇਸ ਪਿੱਛੇ ਚੀਨ ਦਾ ਹੱਥ ਹੋਣ ਦੀ ਗੱਲ ਕਹੀ ਗਈ ਸੀ। ਇਸ ਨੂੰ ਖਾੜੀ ਖੇਤਰ 'ਚ ਅਮਰੀਕਾ ਦੇ ਘਟਦੇ ਅਸਰ ਵਜੋਂ ਵੀ ਦੇਖਿਆ ਗਿਆ ਸੀ। ਵੈਸੇ ਭਾਰਤ, ਯੂਏਈ ਤੇ ਅਮਰੀਕਾ ਵਿਚਾਲੇ ਇਕ ਸਹਿਯੋਗ ਦੀ ਸ਼ੁਰੂਆਤ ਜੁਲਾਈ 2022 'ਚ ਤਦ ਹੋਈ ਸੀ ਜਦ ਕਵਾਡ ਦੀ ਤਰਜ਼ 'ਤੇ ਹੀ ਆਈ2ਯੂ2 (ਭਾਰਤ ਇਜ਼ਰਾਈਲ, ਯੂਏਈ ਤੇ ਅਮਰੀਕਾ) ਵੱਲੋਂ ਸੰਗਠਨ ਦੀ ਸ਼ੁਰੂਆਤ ਕੀਤੀ ਗਈ ਸੀ।

SINGH WORLD travel
Lycamobile
Call the world for less
ria Money Transfer
AIRPORT DROP OFF AND PICKUP AVAILBLE
Money Transfer @ Special Rates
India and Pakistan!!!
Cell Phone Activation & Recharge Services
ਏਅਰਪੋਰਟ ਤੇ ਜਾਣ-ਆਉਣ ਲਈ ਗੱਡੀ ਦਾ ਵੀ ਪ੍ਰਬੰਧ ਹੈ
ਹੋਰ ਜਾਣਕਾਰੀ ਲਈ ਸੰਪਰਕ ਕਰੋ
SINGH WORLD TRAVEL
PH. 530-443-4865
Email: Info@singhworldtravel.com
1248 Franklin Ave. #A
Yuba City CA, 95991



SANSAR
AUTHENTIC INDIAN CUISINE
We do catering for all occassions
ਅਸੀਂ ਵੱਡੇ ਤੋਂ ਵੱਡੇ ਪ੍ਰੋਗਰਾਮ/ਪਾਰਟੀ
ਲਈ ਕੇਟਰਿੰਗ ਦਾ ਪ੍ਰਬੰਧ ਕਰਦੇ ਹਾਂ
Santokh Singh Judge
925-487-4679
2220 First Street
Livermore, CA 94550
925-606-6191
www.SansarIndianCuisine.com
2610 S. Tracy Blvd
Tracy, CA 95376
209-834-2200
www.SansarTracy.com



# ਸੰਪਾਦਕੀ

## ਮੰਤਰੀ ਮੰਡਲ 'ਚ ਫੇਰਬਦਲ

ਹਾਲ ਹੀ ਵਿਚ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਆਪਣੇ ਮੰਤਰੀ ਮੰਡਲ ਵਿਚ ਫੇਰਬਦਲ ਕਰਦਿਆਂ ਚਾਰ ਮੰਤਰੀਆਂ ਦੀ ਛੁੱਟੀ ਕਰ ਦਿੱਤੀ ਹੈ ਅਤੇ 5 ਨਵੇਂ ਮੰਤਰੀ ਸ਼ਾਮਲ ਕੀਤੇ ਹਨ। ਪੰਜਾਬ ਵਿਚ ਇਸ ਗੱਲ ਦੀ ਬੜੀ ਚਰਚਾ ਹੈ ਕਿ ਆਖਿਰ ਚਾਰ ਮੰਤਰੀ ਕਿਉਂ ਹਟਾਏ ਗਏ ਹਨ। ਬਾਅਦ ਵਿਚ ਆਈਆਂ ਮੀਡੀਆ ਰਿਪੋਰਟਾਂ ਵਿਚ ਇਹ ਪਤਾ ਲੱਗਿਆ ਕਿ ਇਹ ਚਾਰੇ ਮੰਤਰੀ ਬਦਨਾਮ ਹੋ ਗਏ ਸਨ ਅਤੇ ਭਗਵੰਤ ਮਾਨ ਨੂੰ ਡਰ ਸੀ ਕਿ ਜੇਕਰ ਇਹਨਾਂ ਦੇ ਉਤੇ ਕਿਸੇ ਕੇਂਦਰੀ ਏਜੰਸੀ ਦੀ ਰੇਡ ਪੈ ਗਈ ਤਾਂ ਉਸ ਦੀ ਸਰਕਾਰ ਦੀਆਂ ਚੂਲਾਂ ਹਿੱਲ ਜਾਣਗੀਆਂ। ਇਹ ਵੀ ਪਤਾ ਲੱਗਾ ਹੈ ਕਿ ਇਹਨਾਂ ਵਿਚੋਂ ਕੁਝ ਮੰਤਰੀ ਤਾਂ ਭ੍ਰਿਸ਼ਟਾਚਾਰ ਵਿਚ ਬੁਰੀ ਤਰ੍ਹਾਂ ਲੱਗੇ ਹੋਏ ਸਨ। ਇਕ ਮੰਤਰੀ ਬਾਰੇ ਤਾਂ ਇਹ ਵੀ ਰਿਪੋਰਟ ਹੈ ਕਿ ਉਸ ਦੇ ਪਰਿਵਾਰ ਨੇ ਇਕ ਸਾਲ ਵਿਚ ਹੀ 50 ਕਿੱਲੇ ਜ਼ਮੀਨ ਖਰੀਦ ਲਈ।

ਅਸਲ ਵਿਚ ਆਮ ਆਦਮੀ ਪਾਰਟੀ ਦਿੱਲੀ ਦੇ ਸ਼ਰਾਬ ਘੁਟਾਲੇ ਵਿਚ ਕੇਜਰੀਵਾਲ ਅਤੇ ਹੋਰ ਕਈ ਮੰਤਰੀਆਂ ਦੇ ਜੇਲ੍ਹ ਜਾਣ ਤੋਂ ਬਾਅਦ ਬੁਰੀ ਤਰ੍ਹਾਂ ਡਰੀ ਹੋਈ ਹੈ ਅਤੇ ਪਾਰਟੀ ਦੀ ਹੋਂਦ ਤੇ ਹੀ ਸਵਾਲ ਉੱਠ ਰਹੇ ਹਨ। ਇਹ ਪਾਰਟੀ ਹੋਂਦ ਵਿਚ ਇਸ ਕਰਕੇ ਆਈ ਕਿ ਇਹ ਮੁਲਕ ਦਾ ਸਿਸਟਮ ਬਦਲੇਗੀ, ਭ੍ਰਿਸ਼ਟਾਚਾਰ ਅਤੇ ਲਾਲ ਬੱਤੀ ਕਲਚਰ ਨੂੰ ਖਤਮ ਕਰੇਗੀ ਅਤੇ ਆਮ ਲੋਕਾਂ ਦੀ ਹਿੱਸੇਦਾਰੀ ਲੋਕਰਾਜ ਵਿਚ ਵਧਾਵੇਗੀ। ਪਰ ਹੋਇਆ ਇਸ ਤੋਂ ਉਲਟ। ਕੇਜਰੀਵਾਲ ਖੁਦ ਪਾਰਟੀ ਤੋਂ ਕਿਨਾਰਾ ਨਹੀਂ ਕਰਨਾ ਚਾਹੁੰਦੇ, ਇਸ ਕਰਕੇ ਹੀ ਆਪਣੀ ਇਕ ਵਫਾਦਾਰ ਵਿਧਾਇਕ ਆਤਿਸ਼ੀ ਨੂੰ ਦਿੱਲੀ ਦੀ ਮੁੱਖ ਮੰਤਰੀ ਬਣਾ ਦਿੱਤਾ ਅਤੇ ਆਪ ਪਾਰਟੀ ਦੀ ਕਮਾਨ ਪੂਰੀ ਤਰ੍ਹਾਂ ਸੰਭਾਲਣ ਲੱਗ ਪਏ। ਪਰ ਇੰਨੇ ਨਾਲ ਗੁਜ਼ਾਰਾ ਨਹੀਂ ਹੁੰਦਾ, ਜਦੋਂ ਤੱਕ ਪਾਰਟੀ ਦਾ ਅਤੇ ਆਪਣਾ ਸੁਧਾਰ ਨਹੀਂ ਹੁੰਦਾ।ਹੁਣ ਇਹ ਸੁਧਾਰ ਜ਼ਮੀਨ ਤੇ ਦਿਸਣਾ ਵੀ ਚਾਹੀਦਾ ਹੈ। ਇਸ ਕਰਕੇ ਸ਼ਾਇਦ ਕੇਜਰੀਵਾਲ ਖੁਦ ਮੁੱਖ ਮੰਤਰੀ ਦੇ ਅਹੁਦੇ ਤੋਂ ਕਿਨਾਰਾ ਕਰ ਗਏ। ਪਰ ਸਮੱਸਿਆ ਪੰਜਾਬ ਵਿਚ ਜਿਉਂ ਦੀ ਤਿਉਂ ਬਣੀ ਰਹੀ। ਅੱਜ ਪੰਜਾਬ ਵਿਚ ਬੱਚੇ-ਬੱਚੇ ਨੂੰ ਪਤਾ ਹੈ ਕਿ ਆਮ ਆਦਮੀ ਪਾਰਟੀ ਦੇ ਵਿਧਾਇਕ ਅਤੇ ਮੰਤਰੀ ਕੀ ਕਰ ਰਹੇ ਹਨ। ਪੰਜਾਬ ਵਿਚ ਬਣੀ ਇਸ ਧਾਰਨਾ ਨੂੰ ਤੋੜਨ ਲਈ ਹੀ ਮੰਤਰੀ ਮੰਡਲ ਵਿਚੋਂ ਚਾਰ ਮੰਤਰੀਆਂ ਦੀ ਛਾਂਟੀ ਕੀਤੀ ਗਈ ਅਤੇ ਨਵੇਂ ਵਿਧਾਇਕਾਂ ਨੂੰ ਮੰਤਰੀ ਬਣਾਇਆ ਗਿਆ। ਪਰ ਇੰਨਾ ਕਰਨ ਨਾਲ ਆਮ ਆਦਮੀ ਪਾਰਟੀ ਦਾ ਅਕਸ ਸੁਧਰਨ ਵਾਲਾ ਨਹੀਂ ਹੈ ਬਲਕਿ ਜ਼ਮੀਨ ਤੇ ਵੀ ਕੁਝ ਦਿਸਣਾ ਚਾਹੀਦਾ ਹੈ। ਜੇਕਰ ਇਹ ਪਾਰਟੀ ਹੁਣ ਵੀ ਨਾ ਸੰਭਲੀ ਤਾਂ ਆਉਣ ਵਾਲੇ ਸਮੇਂ ਵਿਚ ਪਾਰਟੀ ਬੁਰੀ ਤਰ੍ਹਾਂ ਫੇਲ੍ਹ ਵੀ ਹੋ ਸਕਦੀ ਹੈ ਕਿਉਂਕਿ ਆਮ ਆਦਮੀ ਨੂੰ ਪਤਾ ਹੈ ਕਿ ਕਿਹੜੀ ਪਾਰਟੀ ਕੀ ਕਰ ਰਹੀ ਹੈ ਅਤੇ ਕੀ ਕਰਨਾ ਚਾਹੀਦਾ ਹੈ।

-ਬਲਬੀਰ ਸਿੰਘ ਐਮ ਏ

albir Singh M.A.
Editor in Chief & Publisher
e-mail: bsma54@gmail.com
Tel : 510-938-7771
36415 RUSCHIN DR. NEWARK, CA 94560
Sub Office - Bakersfield (CA)
209 Weedpatch HWY, Bakersfield (CA)
Manmit Saggu 661-900-7357
Tanjit Saggu 661-761-8795
Buta Ram joshi Staff Reporter, Fresno 559-803-0055
Sanjeev Garg Kali, Reporter Malwa Area, 96713-53789
RAJ BUDWAL
MEDIA PARTNER / REPRESENTATIVE
8350202@gmail.com 408-835-0202
Web designed www.pardestimes.com
by Aman Bansil 510-589-2245

The Pardes Times and people associated with it are Not responsible for any claims made by the advertisers and don't endorse any product or services advertised in the Pardes Times. Please consult your attorney before, buying/hiring contracting through the ads published in the news paper. The Pardes Times is in business of selling spaces and claims made by advertisers are not tested/confirmed by an independent source.

# ਕੌਮਾਂਤਰੀ ਸਮੱਸਿਆਵਾਂ ਦਾ ਹੱਲ ਕੌਣ ਕੱਢੇਗਾ

ਅਰੁਣ ਮੈਰਾ

ਇਸ ਲੇਖ ਦੀ ਸ਼ੁਰੂਆਤ ਮੈਂ ਕੁਝ ਵੱਡੇ ਬਿਆਨਾਂ ਨਾਲ ਕਰ ਰਿਹਾ ਹਾਂ: ਆਲਮੀ ਸ਼ਾਸਨ ਵਿਵਸਥਾ ਢਹਿ-ਢੇਰੀ ਹੋ ਗਈ ਹੈ। ਭੂ-ਰਾਜਸੀ ਸ਼ਾਸਨ ਹਿੱਲ ਗਿਆ ਹੈ। ਆਲਮੀ ਵਿੱਤੀ ਪ੍ਰਣਾਲੀਆਂ ਅਤੇ ਸਪਲਾਈ ਚੇਨਾਂ ਟੁੱਟ ਰਹੀਆਂ ਹਨ। ਸੰਯੁਕਤ ਰਾਸ਼ਟਰ (ਯੂਐੱਨਓ) ਫ਼ਲਸਤੀਨ ਵਿਚ ਔਰਤਾਂ ਅਤੇ ਬੱਚਿਆਂ ਦਾ ਨਰਸੰਹਾਰ ਰੁਕਵਾਉਣ ਵਿਚ ਨਾਕਾਮ ਹੋ ਗਿਆ ਹੈ ਕਿਉਂਕਿ ਦੁਨੀਆ ਦਾ ਸਭ ਤੋਂ ਸ਼ਕਤੀਸ਼ਾਲੀ ਦੇਸ਼ ਇਹ ਚਾਹੁੰਦਾ ਹੀ ਨਹੀਂ ਹੈ। ਕੁੱਲ ਘਰੇਲੂ ਪੈਦਾਵਾਰ (ਜੀਡੀਪੀ) ਦੇਸ਼ਾਂ ਦੇ ਵਿਕਾਸ ਦੇ ਪੱਧਰ ਦਾ ਸੂਚਕ ਬਣ ਗਿਆ ਹੈ ਜਿਸ ਦਾ ਉੱਚਾ ਮਰਤਬਾ ਪਾਉਣ ਦੀਆਂ ਆਪਣੀਆਂ ਖ਼ਾਹਿਸ਼ਾਂ ਕਰ ਕੇ ਦੇਸ਼ ਦੇ ਕੁਦਰਤੀ ਸਰੋਤਾਂ ਦੀ ਬਲੀ ਦਿੱਤੀ ਜਾ ਰਹੀ ਹੈ।

ਸਭ ਤੋਂ ਵੱਧ ਅਮੀਰ ਮੁਲਕਾਂ ਵਿਚ ਵੀ ਨਾਗਰਿਕ ਆਪਣੀਆਂ ਸਰਕਾਰਾਂ 'ਤੇ ਇਹ ਭਰੋਸਾ ਨਹੀਂ ਕਰ ਪਾ ਰਹੇ ਕਿ ਉਹ ਮੁਨਾਸਬ ਸ਼ਾਸਨ ਕਰ ਰਹੀਆਂ ਹਨ। ਆਰਥਿਕ ਸ਼ੋਸ਼ਣ ਦਾ ਦਬਾਓ ਕੁਦਰਤ ਦੀ ਆਪਣੇ ਆਪ ਨੂੰ ਹੰਢਣਸਾਰ ਬਣਾਉਣ ਦੀ ਕਾਬਲੀਅਤ ਨੂੰ ਤੋੜ ਰਿਹਾ ਹੈ। ਸਾਫ਼ ਪਾਣੀ ਦੇ ਸਰੋਤ ਘਟਦੇ ਜਾ ਰਹੇ ਹਨ, ਜ਼ਮੀਨ ਦਾ ਉਪਜਾਊਪਣ ਖਰਾਬ ਹੋ ਰਿਹਾ ਹੈ ਅਤੇ ਜਲਵਾਯੂ ਤਬਦੀਲੀ ਵਧਦੀ ਹੀ ਜਾ ਰਹੀ ਹੈ ਜਿਸ ਕਰ ਕੇ ਮਾਨਵਤਾ ਸਾਹਮਣੇ ਹੋਂਦ ਦਾ ਸੰਕਟ ਖੜ੍ਹਾ ਹੋ ਗਿਆ ਹੈ। ਸ਼ਕਤੀਸ਼ਾਲੀ ਦੇਸ਼ ਹੋਰ ਜ਼ਿਆਦਾ ਤਕਨਾਲੋਜੀਆਂ ਅਤੇ ਮਸਨੂਈ ਬੁੱਧੀ (ਏਆਈ) ਨਾਲ ਆਪੋ ਆਪਣੀਆਂ ਫ਼ੌਜਾਂ ਨੂੰ ਮਜ਼ਬੂਤ ਬਣਾ ਰਹੇ ਹਨ। ਇਹ ਖ਼ਤਰਾ ਪੈਦਾ ਹੋ ਗਿਆ ਹੈ ਕਿ ਭਵਿੱਖ ਵਿਚ ਜਿੰਨੀਆਂ ਮੌਤਾਂ ਦਾ ਕਾਰਨ ਜਲਵਾਯੂ ਤਬਦੀਲੀ ਬਣੇਗੀ, ਉਸ ਤੋਂ ਵੱਧ ਤੇਜ਼ੀ ਨਾਲ ਲੋਕ ਜੰਗਾਂ ਵਿਚ ਮਾਰੇ ਜਾਣਗੇ।



ਕੀ ਸਾਨੂੰ ਆਲਮੀ ਸਮੱਸਿਆਵਾਂ ਦੇ ਉਪਰੋਂ ਠੋਸੇ ਜਾ ਰਹੇ ਹੱਲਾਂ ਦੀ ਨਾਕਾਮੀ ਦੇ ਹੋਰ ਸਬੂਤਾਂ ਦੀ ਲੋੜ ਹੈ? ਜਿਵੇਂ ਕਿ ਅਲਬਰਟ ਆਈਨਸਟਾਈਨ ਅਤੇ ਹੋਰਨਾਂ ਨੇ ਕਿਹਾ ਸੀ ਕਿ ਜਿਸ ਸੋਚ ਕਰ ਕੇ ਸਮੱਸਿਆਵਾਂ ਪੈਦਾ ਹੋਈਆਂ ਹਨ, ਉਸੇ ਸੋਚ ਨਾਲ ਉਨ੍ਹਾਂ ਨੂੰ ਹੱਲ ਕਰਨ ਦੀ ਅੜੀ ਪਾਗਲਪਣ ਹੈ। ਆਓ, ਇਕ ਪਲ ਲਈ ਵਿਗਿਆਨਕ ਢੰਗ ਨਾਲ ਸੋਚ ਕੇ ਵੇਖੀਏ। 17 ਹੰਢਣਸਾਰ ਵਿਕਾਸ ਟੀਚੇ (ਐੱਸਡੀਜੀਜ਼) ਹਨ ਜਿਨ੍ਹਾਂ ਸਾਰਿਆਂ ਨੂੰ ਤੇਜ਼ੀ ਨਾਲ ਮੁਖ਼ਾਤਬ ਹੋਣਾ ਜ਼ਰੂਰੀ ਹੈ। ਸਗੋਂ ਇਨ੍ਹਾਂ 'ਚੋਂ ਕਿਸੇ ਨੂੰ ਵੱਖਰੇ ਤੌਰ 'ਤੇ ਹੱਲ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਸਾਰੇ ਅੰਤਰ ਸਬੰਧਤ ਹਨ। ਹਰੇਕ ਐੱਸਡੀਜੀ ਹਰ ਕਿਤੇ ਇਕੋ ਢੰਗ ਨਾਲ ਪ੍ਰਗਟ ਨਹੀਂ ਹੁੰਦਾ ਕਿਉਂਕਿ ਅਲਾਸਕਾ ਅਤੇ ਬਾਰਬਾਡੋਸ ਜਾਂ ਉਤਰਾਖੰਡ ਅਤੇ ਕੇਰਲਾ ਵਾਂਗ ਹਰੇਕ ਖੇਤਰ ਦੇ ਵਾਤਾਵਰਨ ਅਤੇ ਜਲਵਾਯੂ ਦੀਆਂ ਸਮੱਸਿਆਵਾਂ ਵੱਖੋ ਵੱਖਰੀਆਂ ਹਨ। ਨਿਊ ਯਾਰਕ ਦੇ ਸਲੱਮ ਖੇਤਰ ਅਤੇ ਬਿਹਾਰ ਦੇ ਦਿਹਾਤ ਵਿਚ ਰੋਜ਼ੀ ਰੋਟੀ ਦੀਆਂ ਸਮੱਸਿਆਵਾਂ ਵੱਖੋ ਵੱਖਰੀਆਂ ਹਨ। ਇਸ ਕਰ ਕੇ ਸਾਰੀਆਂ ਸਮੱਸਿਆਵਾਂ ਨੂੰ ਮੁਕਾਮੀ ਪੱਧਰ 'ਤੇ ਹੱਲ ਕੀਤੇ ਜਾਣ ਦੀ ਲੋੜ ਹੈ। ਤੇ ਦੁਨੀਆ ਵਿਚ ਹਰ ਜਗ੍ਹਾ ਘੱਟੋਘੱਟ ਹੰਢਣਸਾਰ ਵਿਕਾਸ ਟੀਚਿਆਂ ਦੀਆਂ 17 ਸਮੱਸਿਆਵਾਂ 'ਚੋਂ ਸੱਤ ਸਮੱਸਿਆਵਾਂ ਨੂੰ ਫੌਰੀ ਹੱਲ ਕੀਤਾ ਜਾਣਾ ਚਾਹੀਦਾ ਹੈ।

ਮਾਹਿਰਾਂ ਦਾ ਅਨੁਮਾਨ ਹੈ ਕਿ ਜੇ ਅਸੀਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਉਪਰੋਂ ਥੋਪੀ ਜਾਣ ਵਾਲੀ ਅਤੇ ਖਾਨਿਆਂ ਵਿਚ ਵੰਡ ਕੇ ਕੰਮ ਕਰਨ ਵਾਲੀ ਮੌਜੂਦਾ ਪਹੁੰਚ ਨਾਲ ਚਲਦੇ ਰਹੇ ਤਾਂ ਹੰਢਣਸਾਰ ਵਿਕਾਸ ਦੇ ਟੀਚੇ ਹਾਸਲ ਕਰਨ ਲਈ 2087 ਤੱਕ ਇੰਤਜ਼ਾਰ ਕਰਨਾ ਪਵੇਗਾ ਜਦਕਿ ਇਨ੍ਹਾਂ ਨੂੰ 2030 ਤੱਕ ਸਿਰੇ ਚਾੜ੍ਹਨ ਦਾ ਟੀਚਾ ਮਿੱਥਿਆ ਗਿਆ ਸੀ। ਇਕ ਸਮੇਂ 17 ਵਿੱਚੋਂ ਸੱਤ ਸਮੱਸਿਆਵਾਂ ਦੇ ਕਿੰਨੇ ਜੁੱਟ ਬਣਾਏ ਜਾ ਸਕਦੇ ਹਨ? 9 ਕਰੋੜ 40 ਲੱਖ! 17 ਐੱਸਡੀਜੀਜ਼ ਦੀਆਂ ਸਮੱਸਿਆਵਾਂ ਜ਼ਮੀਨੀ ਪੱਧਰ 'ਤੇ ਪ੍ਰਤੱਖ ਹਨ ਅਤੇ ਉਹ ਹਰ ਜਗ੍ਹਾ ਵੱਖੋ ਵੱਖਰੇ ਰੂਪਾਂ ਵਿਚ ਪ੍ਰਗਟ ਹੁੰਦੀਆਂ ਹਨ। ਸਾਨੂੰ ਸਮੱਸਿਆ ਹੱਲ ਕਰਨ ਦੇ ਇਕ ਨਵੇਂ ਪੈਰਾਡਾਈਮ (ਮਾਡਲ) ਦੀ ਲੋੜ ਹੈ। ਨਾਬਰਾਬਰੀ, ਸਮਾਜਿਕ ਬਦਅਮਨੀ ਅਤੇ ਵਾਤਾਵਰਨ ਬਰਬਾਦੀ ਦੀਆਂ ਆਲਮੀ ਵਿਵਸਥਾ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਮੁਕਾਮੀ, ਭਾਈਚਾਰੇ ਦੀ ਅਗਵਾਈ ਵਾਲੇ ਸਮਾਧਾਨ ਰਾਹ ਦਰਸਾਵਾਂ ਬਣ ਸਕਦੇ ਹਨ।

ਸਾਨੂੰ ਹੁਣ ਇਕ ਨਵੇਂ ਮਾਰਗ 'ਤੇ ਤੁਰਨਾ ਪਵੇਗਾ ਤਾਂ ਕਿ ਅਸੀਂ ਆਪਣੀ ਸਮੂਹਿਕਤਾ ਦੇ ਉਸ ਵਾਅਦੇ ਨੂੰ ਸਾਕਾਰ ਕਰ ਸਕੀਏ ਜਿਸ ਨੂੰ ਸਾਡੀ ਸੋਚ ਅਤੇ ਕਰਮ ਦੇ ਸਥਾਪਤ ਢੰਗਾਂ ਨੇ 'ਸਮੂਹਿਕਤਾ ਦੇ ਦੁਖਾਂਤ' ਵਿਚ ਬਦਲ ਦਿੱਤਾ ਹੈ। ਨਵੀਂ ਸੋਚ ਅਤੇ ਕਰਮ ਦੇ ਵਿਵਸਥਾਈ ਢੰਗ ਨੂੰ ਹਰ ਪਾਸੇ ਫੈਲਾਉਣਾ ਪਵੇਗਾ। ਇਸ ਲਈ ਸਮੱਸਿਆਵਾਂ ਹੱਲ ਕਰਨ ਅਤੇ ਜਥੇਬੰਦ ਹੋਣ ਦੇ ਸਰਬਵਿਆਪੀ ਬਣ ਚੁੱਕੇ ਗ਼ੈਰਵਿਵਸਥਾਈ ਢੰਗਾਂ ਨੂੰ ਭੁਲਾਉਣਾ ਪਵੇਗਾ। ਵੱਡੇ ਪੈਮਾਨੇ 'ਤੇ ਜਥੇਬੰਦ ਹੋਣ ਦੇ ਸਥਾਪਤ ਢੰਗ ਵਿਚ ਵਿਵਸਥਾ ਨਾਲ ਜੁੜੀਆਂ ਸਮੱਸਿਆਵਾਂ ਨੂੰ ਮਾਹਿਰਾਂ ਅਤੇ ਸਰੋਤਾਂ ਦੇ ਹਿਸਾਬ ਨਾਲ ਹਿੱਸਿਆਂ ਵਿਚ ਵੰਡ ਦਿੱਤਾ ਜਾਂਦਾ ਹੈ ਅਤੇ ਫਿਰ ਵਿਅਕਤੀਗਤ ਸਮੱਸਿਆਵਾਂ ਨੂੰ ਵੱਖਰੇ ਤੌਰ 'ਤੇ ਹੱਲ ਕੀਤਾ ਜਾਂਦਾ ਹੈ। ਬਹਰਹਾਲ, ਵੱਖੋ ਵੱਖਰੇ ਖਾਨਿਆਂ ਵਿਚ ਕੀਤੇ ਜਾਂਦੇ ਫ਼ੈਸਲੇ ਸਿਸਟਮ ਦੇ ਦੂਜੇ ਹਿੱਸਿਆਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਅਰਥਚਾਰੇ ਨੂੰ ਹੁਲਾਰਾ ਦੇਣ ਲਈ ਬਣਾਇਆ ਜਾਂਦਾ ਬੁਨਿਆਦੀ ਢਾਂਚਾ ਵਾਤਾਵਰਨ ਨੂੰ ਤਬਾਹ ਕਰ ਦਿੰਦਾ ਹੈ। ਇਨਸਾਨਾਂ ਨੂੰ ਜੰਗਲਾਂ 'ਚੋਂ ਹਟਾ ਕੇ ਜਾਂ ਚਰਾਦਾਂ 'ਚੋਂ ਪਸ਼ੂਆਂ ਨੂੰ ਕੱਢ ਕੇ ਵਾਤਾਵਰਨ ਨੂੰ ਬਚਾਉਣ ਦੇ ਹੱਲਾਂ ਨਾਲ ਰੋਜ਼ੀ ਰੋਟੀ ਨੂੰ ਸੱਟ ਵੱਜਦੀ ਹੈ। ਖੇਤੀਬਾੜੀ ਦਾ ਉਤਪਾਦਨ ਵਧਾਉਣ ਲਈ ਹੋਰ ਜ਼ਿਆਦਾ ਰਸਾਇਣਕ ਖਾਦਾਂ ਦੀ ਵਰਤੋਂ ਅਤੇ ਕਿਸਾਨਾਂ ਦੀ ਥਾਂ ਹੋਰ ਜ਼ਿਆਦਾ ਮਸ਼ੀਨਾਂ ਲਾਉਣ ਨਾਲ ਜ਼ਮੀਨ ਦੀ ਉਤਪਾਦਕਤਾ ਘਟਦੀ ਹੈ ਜਿਸ ਦੇ ਸਿੱਟੇ ਵਜੋਂ ਹੋਰ ਜ਼ਿਆਦਾ ਰਸਾਇਣਾਂ ਦੀ ਲੋੜ ਪੈਂਦੀ ਹੈ। ਇਸ ਦੌਰਾਨ, ਉਜਾੜੇ ਗਏ ਕਿਸਾਨਾਂ ਨੂੰ ਨਿਰਮਾਣ ਫੈਕਟਰੀਆਂ ਵਿਚ ਰੁਜ਼ਗਾਰ ਨਹੀਂ ਮਿਲ ਰਿਹਾ ਕਿਉਂਕਿ ਉੱਥੇ ਪਹਿਲਾਂ ਹੀ ਕਾਮਿਆਂ ਦੀ ਥਾਂ ਰੋਬੋਟ ਲਾਏ ਜਾ ਰਹੇ ਹਨ ਤਾਂ ਕਿ ਫੈਕਟਰੀਆਂ ਦੀ ਉਤਪਾਦਕਤਾ ਵਧਾਈ ਜਾ ਸਕੇ!

ਸਾਨੂੰ ਚਾਹੀਦਾ ਹੈ ਕਿ 'ਜੀਡੀਪੀ ਦੇ ਭਗਵਾਨ' ਨੂੰ ਕੁਦਰਤ ਤੇ ਮਨੁੱਖਾਂ ਦਾ ਸ਼ੋਸ਼ਣ ਕਰਨ ਤੋਂ ਰੋਕਿਆ ਜਾਵੇ ਜੋ ਲਾਲਚੀ ਆਰਥਿਕ ਮਸ਼ੀਨਰੀ ਦੀ ਤਰੱਕੀ ਕਾਇਮ ਰੱਖਣ ਖਾਤਰ ਇਨ੍ਹਾਂ ਨਾਲ ਖਿਲਵਾੜ ਕਰ ਰਿਹਾ ਹੈ; ਇਸ ਦੀ ਬਜਾਏ, ਅਰਥਚਾਰਾ ਅਜਿਹਾ ਬਣਨਾ ਚਾਹੀਦਾ ਹੈ ਕਿ ਇਹ ਸਮਾਜ ਤੇ ਕੁਦਰਤ ਦੀ ਸੇਵਾ ਕਰੇ। 'ਗਰੀਨ' ਤੇ 'ਸਨੇਹੀ' ਅਰਥਚਾਰੇ ਜਿਨ੍ਹਾਂ ਬਾਰੇ ਅਰਥਸ਼ਾਸਤਰੀਆਂ ਦਾ ਕਹਿਣਾ ਹੈ ਕਿ ਇਹ ਭਵਿੱਖ ਵਿਚ ਰੁਜ਼ਗਾਰ ਪੈਦਾ ਕਰਨਗੇ, ਨੂੰ 'ਰਸਮੀ' ਫੈਕਟਰੀ ਅਧਾਰਿਤ ਕੰਮਕਾਜੀ ਤੌਰ-ਤਰੀਕਿਆਂ ਦੀ ਥਾਂ ਲੈਣ ਲਈ 'ਗ਼ੈਰਰਸਮੀ' ਕੰਮਕਾਜੀ ਤੌਰ-ਤਰੀਕਿਆਂ ਦੀ ਲੋੜ ਪਏਗੀ ਜੋ ਚੰਗੇ ਸਮਾਜ ਦੀ ਸਿਰਜਣਾ ਵਿਚ ਸਹਾਈ ਹੋਵੇਗਾ ਜਦਕਿ ਮੌਜੂਦਾ ਤੌਰ-ਤਰੀਕੇ ਆਰਥਿਕਤਾ ਤੇ ਉਤਪਾਦਨ ਨੂੰ ਵਧਾਉਣ ਉਤੇ ਜ਼ੋਰ ਦਿੰਦੇ ਹਨ।

ਇਹ ਸੰਪੂਰਨ ਬਦਲਾਅ ਸੌਖਾ ਨਹੀਂ ਹੋਵੇਗਾ ਕਿਉਂਕਿ ਉਪਰੋਂ ਤਾਕਤ ਲੈ ਕੇ ਹੇਠਾਂ ਲੋਕਾਂ ਨੂੰ ਸੌਂਪਣੀ ਪਏਗੀ। ਬੁਨਿਆਦੀ ਤਬਦੀਲੀਆਂ ਕਦੇ ਵੀ ਆਸਾਨ ਨਹੀਂ ਹੁੰਦੀਆਂ ਕਿਉਂਕਿ ਸੰਪਤੀ ਤੇ ਤਾਕਤ 'ਸਮੂਹਿਕ ਕਾਰਜ' ਦੀ ਪ੍ਰਕਿਰਿਆ ਨਾਲ ਇਕੱਠੀ ਹੁੰਦੀ ਹੈ। ਜਿਨ੍ਹਾਂ ਕੋਲ ਜਾਇਦਾਦ ਤੇ ਤਾਕਤ ਹੁੰਦੀ ਹੈ, ਉਹ ਇਸ ਦੀ ਵਰਤੋਂ ਅਜਿਹੇ ਨਿਯਮਾਂ ਦੀ ਪੈਰਵੀ ਲਈ ਕਰਦੇ ਹਨ ਜਿਹੜੇ ਉਨ੍ਹਾਂ ਦੀ ਸੰਪਤੀ ਤੇ ਤਾਕਤ ਨੂੰ ਹੋਰ ਵਧਾਉਣ। ਉਹ ਆਪਣੀ ਜਾਇਦਾਦ ਤੇ ਤਾਕਤ ਨੂੰ ਖੋਜ ਕਾਰਜਾਂ ਲਈ ਵਰਤਦੇ ਹਨ, ਸੰਮੇਲਨ ਕਰਵਾਉਂਦੇ ਹਨ ਤੇ ਅਜਿਹੀਆਂ ਨੀਤੀਆਂ ਬਣਵਾਉਣ ਲਈ ਲੌਬੀਇੰਗ ਕਰਦੇ ਹਨ ਜੋ ਉਨ੍ਹਾਂ ਦੀਆਂ ਵਿਚਾਰਧਾਰਾਵਾਂ ਮੁਤਾਬਕ ਹੋਣ। ਜਿਹੜੇ ਉਨ੍ਹਾਂ ਲਈ ਚੁਣੌਤੀ ਬਣਦੇ ਹਨ, ਉਨ੍ਹਾਂ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ ਜਾਂਦਾ ਹੈ। ਇਸ ਤਰ੍ਹਾਂ, ਵਿਚਾਰਾਂ ਦੇ ਮਾਡਲਾਂ 'ਤੇ ਸ਼ਿਕੰਜਾ ਕੱਸ ਦਿੱਤਾ ਜਾਂਦਾ ਹੈ। ਕਿਸੇ ਮਾਡਲ ਨੂੰ ਤਬਦੀਲ ਕਰਨ ਦੀ ਚਾਬੀ ਉਸ ਦੇ ਮੂਲ ਦਾਇਰੇ ਤੋਂ ਬਾਹਰ ਹੀ ਲੱਭੇਗੀ। ਉਮੀਦ ਕਾਇਮ ਹੈ। ਆਮ ਲੋਕਾਂ ਦੇ ਨੇਤਾ ਜੁੜ ਰਹੇ ਹਨ, ਇਕੱਠੇ ਸਿੱਖ ਕੇ ਅੱਗੇ ਵਧ ਰਹੇ ਹਨ ਅਤੇ ਬਦਲਾਅ ਦੀ ਅਹਿੰਸਕ ਮੁਹਿੰਮ ਨੂੰ ਥੱਲਿਓਂ ਹੋਰ ਚੌੜਾ ਕਰ ਰਹੇ ਹਨ। ਉਪਰ ਬੈਠੇ ਆਗੂ ਜਿਹੜੇ ਭਾਰਤ ਦੀ ਸ਼ਕਤੀਹੀਣ ਜਨਤਾ ਦਾ ਭਲਾ ਕਰਨ ਵਾਲੇ ਸੁਧਾਰਾਂ ਦਾ ਪੱਖ ਪੂਰਦੇ ਹਨ, ਨੂੰ ਇਨ੍ਹਾਂ ਬਦਲਾਅ ਲਿਆਉਣ ਦੀ ਕੋਸ਼ਿਸ਼ ਕਰਨ ਵਾਲਿਆਂ ਨੂੰ ਸੁਣਨਾ ਚਾਹੀਦਾ ਹੈ ਤੇ ਇਨ੍ਹਾਂ ਤੋਂ ਸਿੱਖਣਾ ਚਾਹੀਦਾ ਹੈ। ਇਨ੍ਹਾਂ ਵਿਚੋਂ ਸੈਂਕੜੇ 27 ਤੋਂ 29 ਅਗਸਤ ਤੱਕ ਨਵੀਂ ਦਿੱਲੀ ਦੇ ਅੰਬੇਡਕਰ ਇੰਟਰਨੈਸ਼ਨਲ ਇੰਸਟੀਚਿਊਟ ਵਿਚ 'ਕਾਮਨਜ਼ ਕਨਵੀਨਿੰਗ' ਲਈ ਜੁੜੇ ਸਨ। ਇਹ ਜ਼ਮੀਨੀ ਸਬੂਤ ਸੀ ਕਿ ਹੇਠੋਂ-ਉਪਰ ਵੱਲ ਨੂੰ ਸਹਿਕਾਰੀ ਬਦਲਾਅ ਦਾ ਮਾਡਲ ਸਮਾਜ ਵਿਚ ਹਰੇਕ ਦਾ ਜੀਵਨ ਪੱਧਰ ਸੁਧਾਰ ਸਕਦਾ ਹੈ ਅਤੇ ਮਾਹਿਰਾਂ ਵੱਲੋਂ ਸੁਝਾਏ ਤਰੱਕੀ ਦੇ ਤਰੀਕਿਆਂ ਨਾਲ ਵਾਤਾਵਰਨ ਦੇ ਹੋਏ ਨੁਕਸਾਨ ਦੀ ਪੂਰਤੀ ਵੀ ਹੋ ਸਕਦੀ ਹੈ। ਬਦਲਾਅ ਦੇ ਇਹ 'ਰੋਲ ਮਾਡਲ' ਭਾਰਤ ਨੂੰ 2047 ਤੱਕ ਵਿਕਸਿਤ ਬਣਾਉਣ ਦਾ ਸਹੀ ਰਸਤਾ ਦੱਸਦੇ ਹਨ। ਉਪਰਲੀਆਂ ਪਦਵੀਆਂ 'ਤੇ ਬੈਠਣ ਵਾਲਿਆਂ ਨੂੰ ਇਸ ਤਰ੍ਹਾਂ ਦੇ ਵਿਚਾਰਾਂ ਨੂੰ ਅਪਣਾਉਣਾ ਚਾਹੀਦਾ ਹੈ ਤੇ ਜਲਦੀ ਨਤੀਜੇ ਲੈਣ ਲਈ ਤੇਜ਼ੀ ਨਾਲ ਫੈਲਾਉਣਾ ਚਾਹੀਦਾ ਹੈ। ਨਹੀਂ ਤਾਂ, 'ਵਿਕਸਤ ਭਾਰਤ' ਵੀ 'ਇੰਡੀਆ@75' ਵਾਂਗ, ਤੇ 'ਕਿਸਾਨਾਂ ਦੀ ਆਮਦਨ ਦੁੱਗਣੀ ਕਰਨ' ਤੇ ਸਾਰਿਆਂ ਨੂੰ ਰੁਜ਼ਗਾਰ ਦੇਣ ਦੇ ਦਾਅਵੇ ਵਾਂਗ ਬਸ ਇਕ ਹੋਰ ਨਿਰਾਰਥਕ ਖਿਆਲ ਬਣ ਕੇ ਹੀ ਰਹਿ ਜਾਵੇਗਾ।

## 'ਪਰਦੇਸ ਟਾਇਮਜ਼' ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

| | | |
|---|---|---|
| (1) ਕਰਮਵੀਰ ਸਿੰਘ ਬੈਂਸ, ਯੂਬਾ ਸਿਟੀ | (7) ਪਰਮਪਾਲ ਸਿੰਘ | (13) ਸੁਰਿੰਦਰ ਸਿੰਘ ਧਨੋਆ |
| (2) ਅਵਤਾਰ ਸਿੰਘ ਸਹੋਤਾ | (8) ਸ. ਮਹਿੰਗਾ ਸਿੰਘ ਸਰਪੰਚ | (14) ਕਸ਼ਮੀਰ ਸਿੰਘ ਧੁੱਗਾ |
| (3) ਗੁਰਨਾਮ ਸਿੰਘ ਪੰਮਾ | (9) ਕੁਲਦੀਪ ਸਿੰਘ ਅਟਵਾਲ | (15) ਬਲਦੇਵ ਸਿੰਘ ਮਾਨ |
| (4) ਜਸਵੀਰ ਸਿੰਘ ਕੁਲਾਰ | (10) ਸੁਰਜੀਤ ਸਿੰਘ ਅਟਵਾਲ | (16) ਰਾਜ ਬਡਵਾਲ |
| (5) ਗੁਰਚਰਨ ਸਿੰਘ ਮਾਨ | (11) ਸੰਤੋਖ ਸਿੰਘ ਜੱਜ | (17) ਰਣਬੀਰ ਸਿੰਘ |
| (6) ਭੁਪਿੰਦਰ ਸਿੰਘ ਪਦਮ | (12) ਡਾ. ਹਰਮੇਸ਼ ਕੁਮਾਰ | (18) ਮਨਦੀਪ ਸਿੰਘ ਥਿਆੜਾ |

# ਚੀਨ ਨਾਲ ਨਜਿੱਠਣ ਲਈ ਦੋਪਾਸੜ ਨੀਤੀ

ਮਨੋਜ ਜੋਸ਼ੀ

ਦਸ ਸਾਲ ਪਹਿਲਾਂ ਸੰਸਾਰ ਚੀਨ ਦਾ ਉਭਾਰ ਦੇਖ ਕੇ ਅਚਨਚੇਤ ਦੰਗ ਰਹਿ ਗਿਆ ਸੀ। ਪੂਰਬੀ ਏਸ਼ੀਆ ਦੇ ਇਸ ਮੁਲਕ ਨੂੰ ਆਪਣੇ ਸਾਥੀ ਵਜੋਂ ਦੇਖਦੇ ਆ ਰਹੇ ਅਮਰੀਕਾ ਨੇ ਮਹਿਸੂਸ ਕੀਤਾ ਕਿ ਉਸ ਨੂੰ ਇੱਕ ਸੰਭਾਵੀ ਵਿਰੋਧੀ ਨਾਲ ਸਿੱਝਣਾ ਪੈ ਰਿਹਾ ਹੈ। ਜਿਉਂ ਹੀ ਚੀਨ ਦੇ 'ਬੈਲਟ ਐਂਡ ਰੋਡ ਇਨੀਸ਼ੀਏਟਿਵ' (ਬੀਆਰਆਈ) ਦਾ ਤਾਣਾ-ਬਾਣਾ ਦੁਨੀਆ ਭਰ ਵਿੱਚ ਫੈਲ ਗਿਆ ਤਾਂ ਤੇਜ਼ੀ ਨਾਲ ਵਧ ਰਿਹਾ ਇਸ ਦਾ ਪ੍ਰਭਾਵ ਅਤੇ ਸ਼ਕਤੀ ਆਲਮੀ ਬਿਰਤਾਂਤ ਬਣ ਗਿਆ ਹੈ। 2020 ਵਿੱਚ ਚੀਨ ਦੀ ਫ਼ੌਜੀ ਤਾਕਤ ਵਿੱਚ ਜ਼ਬਰਦਸਤ ਵਾਧੇ ਦਾ ਮੁਜ਼ਾਹਰਾ ਕਰਦਿਆਂ ਸਮੁੰਦਰੀ ਜਹਾਜ਼ਾਂ ਦੀ ਤਾਦਾਦ ਦੇ ਲਿਹਾਜ਼ ਨਾਲ ਪੀਐੱਲਏ (ਪੀਪਲਜ਼ ਲਿਬਰੇਸ਼ਨ ਆਰਮੀ) ਨੇਵੀ ਨੇ ਅਮਰੀਕੀ ਸੈਨਾ ਨੂੰ ਪਿਛਾਂਹ ਧੱਕ ਦਿੱਤਾ ਸੀ। ਤਾਇਵਾਨ, ਦੱਖਣੀ ਚੀਨੀ ਸਾਗਰ ਦੀ ਆਰਕ ਤੋਂ ਲੈ ਕੇ ਡੋਕਲਾਮ ਅਤੇ ਲੱਦਾਖ ਤੱਕ ਚੀਨ ਦੀ ਫ਼ੌਜ ਦਾ ਰਵੱਈਆ ਜ਼ਿਆਦਾ ਤਿੱਖਾ ਹੋ ਗਿਆ ਹੈ।

ਉਂਝ, ਅੱਜ ਚੀਨ ਨੂੰ ਅਜਿਹੀਆਂ ਅੰਦਰੂਨੀ ਅਤੇ ਬਾਹਰੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਨ੍ਹਾਂ ਕਰ ਕੇ ਇਸ ਦੇ ਉਭਾਰ 'ਤੇ ਅਸਰ ਪੈ ਰਿਹਾ ਹੈ। ਇਸ ਦੇ ਜਾਣੇ-ਪਛਾਣੇ ਆਰਥਿਕ ਵਿਕਾਸ ਦੀ ਗਤੀ ਰੁਕ ਗਈ ਹੈ ਅਤੇ ਨੌਜਵਾਨਾਂ ਦੀ ਬੇਰੁਜ਼ਗਾਰੀ ਸਮਾਜਿਕ ਸਥਿਰਤਾ ਲਈ ਇੱਕ ਵੱਡੀ ਚੁਣੌਤੀ ਬਣ ਗਈ ਹੈ। ਆਲਮੀ ਪੱਧਰ 'ਤੇ ਪੇਈਚਿੰਗ ਦੀ ਬਰਾਮਦ ਮੁਖੀ ਵਿਕਾਸ ਰਣਨੀਤੀ ਦਾ ਵਿਰੋਧ ਦੇਖਣ ਨੂੰ ਮਿਲ ਰਿਹਾ ਹੈ। ਸੁਰੱਖਿਆ ਦੇ ਮੁਹਾਜ 'ਤੇ ਕਈ ਦੇਸ਼ ਚੀਨ ਖ਼ਿਲਾਫ਼ ਇਕਜੁੱਟ ਹੋ ਗਏ ਹਨ। 2017 ਵਿੱਚ ਕੁਆਡ ਦੀ ਸੁਰਜੀਤੀ ਖ਼ਿੱਤੇ ਅੰਦਰ ਨਵੀਂ ਭੂ-ਰਾਜਨੀਤੀ ਦਾ ਪਹਿਲਾ ਸੰਕੇਤ ਸੀ; ਇਸ ਤੋਂ ਬਾਅਦ ਯੂਐੱਸ-ਫਿਲਪੀਨਜ਼ ਗੱਠਜੋੜ ਸੁਰਜੀਤ ਹੋਇਆ ਅਤੇ ਹੌਲੀ-ਹੌਲੀ ਭਾਰਤ-ਅਮਰੀਕਾ ਸੁਰੱਖਿਆ ਸਬੰਧਾਂ ਵਿੱਚ ਮਜ਼ਬੂਤੀ ਆਈ।




ਚੀਨ ਭਾਵੇਂ ਬਾਘੀਆਂ ਪਾਉਂਦਾ ਹੋਵੇ ਜਾਂ ਮੂਧੇ ਮੂੰਹ ਡਿੱਗਿਆ ਪਿਆ ਹੋਵੇ, ਜਿੰਨੀ ਦੇਰ ਤੱਕ ਉੱਥੇ ਕਮਿਊਨਿਸਟ ਪਾਰਟੀ ਦਾ ਰਾਜ ਕਾਇਮ ਹੈ, ਇਹ ਦੁਨੀਆ ਲਈ ਖ਼ਤਰਾ ਬਣਿਆ ਰਹੇਗਾ। ਇਹ ਪਾਰਟੀ ਵਿਚਾਰਧਾਰਾ ਤੋਂ ਸੰਚਾਲਿਤ ਹੈ ਅਤੇ ਇਸ ਦਾ ਮੰਨਣਾ ਹੈ ਕਿ ਇੱਕ ਦਿਨ ਚੀਨ ਦਾ ਆਲਮੀ ਸ਼ਕਤੀ ਬਣਨਾ ਅਤੇ ਪੱਛਮ ਦਾ ਪਤਨ ਹੋਣਾ ਤੈਅ ਹੈ। ਚੀਨ ਦੀ ਫ਼ੌਜੀ ਅਤੇ ਸਨਅਤੀ ਤਾਕਤ ਦੇ ਮੱਦੇਨਜ਼ਰ ਇਸ ਨੂੰ ਡਰਾ ਕੇ ਜਾਂ ਲਾਲਚ ਦੇ ਕੇ ਕਿਸੇ ਖ਼ਾਸ ਮਾਰਗ 'ਤੇ ਤੋਰਨ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਮੁੱਖ ਚੁਣੌਤੀ ਪੇਈਚਿੰਗ ਦੇ ਉਭਾਰ ਨੂੰ ਸੰਭਾਲਣ ਦੀ ਹੈ, ਠੀਕ ਜਿਵੇਂ ਅੱਜ ਸਾਨੂੰ ਇਸ ਦੀ ਗਿਰਾਵਟ ਨਾਲ ਸਿੱਝਣਾ ਪਵੇਗਾ ਜਿਸ ਨਾਲ ਇਹ ਖੜੋਤ ਦਾ ਸ਼ਿਕਾਰ ਹੋ ਸਕਦਾ ਹੈ ਅਤੇ ਇੰਝ ਦਰਮਿਆਨੀ ਆਮਦਨ ਵਰਗ ਵਿੱਚ ਫਸ ਕੇ ਰਹਿ ਜਾਵੇਗਾ।

ਜਿਵੇਂ ਹੀ ਅਮਰੀਕਾ ਅਤੇ ਯੂਰਪ ਵੱਲੋਂ ਇਸ ਨੂੰ ਭਿਆਲ ਦੀ ਬਜਾਏ ਮੁੱਢੋਂ ਸੁੱਢੋਂ ਇੱਕ ਵਿਰੋਧੀ ਦੇ ਰੂਪ ਵਿੱਚ ਦੇਖਿਆ ਜਾਣ ਲੱਗਿਆ ਤਾਂ ਉਨ੍ਹਾਂ ਦੀ ਰਣਨੀਤੀ ਵਿੱਚ ਤਬਦੀਲੀ ਆ ਗਈ। ਚੀਨ ਨਾਲ ਸਿੱਝਣ ਦੀ ਟਰੰਪ ਪ੍ਰਸ਼ਾਸਨ ਦੀ ਰਣਨੀਤੀ ਕਾਫ਼ੀ ਉਥਲ ਪੁਥਲ ਭਰੀ ਸੀ ਜਦੋਂਕਿ ਬਾਇਡਨ ਪ੍ਰਸ਼ਾਸਨ ਨੇ ਵਧੇਰੇ ਬੱਝਵੀਂ ਪਹੁੰਚ ਅਪਣਾਈ ਹੈ। 2022 ਤੋਂ ਲੈ ਕੇ ਚੀਨ ਨੂੰ ਸੈਮੀਕੰਡਕਟਰਾਂ ਦੀ ਬਰਾਮਦ ਉੱਪਰ ਪਾਬੰਦੀ ਲਗਾਈ ਹੋਈ ਹੈ ਪਰ ਇਸ ਦੇ ਨਾਲ ਹੀ ਚੀਨ ਦੇ ਇੱਕ ਆਰਥਿਕ ਤਾਕਤ ਵਜੋਂ ਉਭਾਰ ਨੂੰ ਠੱਲ੍ਹ ਪਾਉਣ ਦੀ ਕੋਸ਼ਿਸ਼ ਵੀ ਹੋ ਰਹੀ ਹੈ। ਬਾਇਡਨ ਪ੍ਰਸ਼ਾਸਨ ਦੀ ਚੀਨ ਪ੍ਰਬੰਧਨ ਰਣਨੀਤੀ ਵਿੱਚ ਅਮਰੀਕੀ ਨਿਰਮਾਣ ਦੀ ਸੁਰਜੀਤੀ ਦੀਆਂ ਅਹਿਮ ਯੋਜਨਾਵਾਂ ਸ਼ਾਮਿਲ ਹਨ। ਅਮਰੀਕਾ ਨੇ ਚਿੱਪ ਨਿਰਮਾਣਕਾਰਾਂ ਨੂੰ ਅਮਰੀਕਾ ਵਿੱਚ ਪਲਾਂਟ ਲਾਉਣ ਲਈ 52 ਅਰਬ ਡਾਲਰ ਦੀ ਸਬਸਿਡੀ ਦੇਣ ਲਈ ਚਿਪਸ ਐਂਡ ਸਾਇੰਸ ਐਕਟ ਪਾਸ ਕੀਤਾ ਅਤੇ ਅਮਰੀਕੀ ਸਾਇੰਸ ਸੰਸਥਾਵਾਂ ਦੀ ਮਜ਼ਬੂਤੀ ਲਈ 200 ਅਰਬ ਡਾਲਰ ਦੀ ਹੋਰ ਸਹਾਇਤਾ ਦਿੱਤੀ ਗਈ ਹੈ।

ਬਾਇਡਨ ਨੇ ਕੁਆਡ ਤੇ ਆਸਟਰੇਲੀਆ-ਯੂਕੇ-ਯੂਐੱਸ (ਆਕਸ) ਗੱਠਜੋੜ ਨੂੰ ਹੱਲਾਸ਼ੇਰੀ ਦੇਣ ਅਤੇ ਅਮਰੀਕਾ ਵੱਲੋਂ ਚੀਨ ਦੀ ਘੇਰਾਬੰਦੀ ਦੀ ਨੀਤੀ ਦੇ ਫ਼ੌਜੀ, ਰਾਜਸੀ ਅਤੇ ਕੂਟਨੀਤਕ ਚੌਖਟੇ ਲਈ ਆਰਥਿਕ ਸਹਾਇਤਾ ਤਹਿਤ ਇੰਡੋ ਪੈਸੇਫਿਕ ਇਕੋਨੌਮਿਕ ਫੋਰਮ ਕਾਇਮ ਕਰਨ ਲਈ ਕਾਫ਼ੀ ਸਮਾਂ ਲਾਇਆ ਹੈ। ਉਂਝ, ਚੀਨ ਨੂੰ ਸੰਭਾਲਣ ਪੱਖੋਂ ਭਾਰਤ ਦੀ ਵਿਸ਼ੇਸ਼ ਥਾਂ ਬਣਦੀ ਹੈ। ਜੀਡੀਪੀ ਦੇ ਲਿਹਾਜ਼ ਤੋਂ ਕਿਸੇ ਸਮੇਂ ਦੋਵੇਂ ਦੇਸ਼ ਲਗਭਗ ਇੱਕੋ ਪੱਧਰ 'ਤੇ ਸਨ ਅਤੇ ਦੋਵੇਂ ਆਪਣੇ ਰਾਜਸੀ ਸਬੰਧਾਂ ਵਿੱਚ ਆਏ ਨਿਘਾਰ ਨੂੰ ਸੰਭਾਲਣ ਦੀ ਤਾਂਘ ਵੀ ਰੱਖਦੇ ਸਨ। ਇਹ 1993, 1996 ਅਤੇ 2005 ਵਿੱਚ ਹੋਏ ਕਈ ਸਮਝੌਤਿਆਂ ਤੋਂ ਪ੍ਰਤੱਖ ਹੁੰਦਾ ਹੈ ਕਿ ਨਾ ਕੇਵਲ ਸ਼ਾਂਤੀ ਤੇ ਸਥਿਰਤਾ ਸਥਾਪਤ ਕਰਨ ਸਗੋਂ ਇਨ੍ਹਾਂ ਵਿਚਕਾਰ ਬਹੁਤ ਹੀ ਜਟਿਲ ਸਰਹੱਦੀ ਵਿਵਾਦ ਨੂੰ ਸੁਲਝਾਉਣ ਦੀਆਂ ਕੋਸ਼ਿਸ਼ਾਂ ਹੁੰਦੀਆਂ ਰਹੀਆਂ ਹਨ।

ਪਰ ਜਿਵੇਂ ਹੀ ਆਲਮੀ ਦਰਜਾਬੰਦੀਆਂ 'ਚ ਚੀਨ ਦੀ ਚੜ੍ਹਤ ਦੇਖੀ ਗਈ, ਖ਼ਾਸ ਤੌਰ 'ਤੇ 2008 ਦੇ ਕੌਮਾਂਤਰੀ ਵਿੱਤੀ ਸੰਕਟ ਤੋਂ ਬਾਅਦ, ਤਾਂ ਭਾਰਤ ਨਾਲ ਇਸ ਦੇ ਸਮੀਕਰਨ ਵਿਗੜਨੇ ਸ਼ੁਰੂ ਹੋ ਗਏ। ਕੌਮਾਂਤਰੀ ਸਰਹੱਦ ਤੇ ਦੱਖਣ ਏਸ਼ਿਆਈ ਖੇਤਰ ਵਿੱਚ ਪੇਈਚਿੰਗ ਵੱਧ ਹਮਲਾਵਰ ਹੋ ਗਿਆ; ਇੱਕ ਦਹਾਕੇ ਦੇ ਅੰਦਰ ਹੀ ਇਸ ਨੇ ਹਿੰਦ ਮਹਾਸਾਗਰ ਖੇਤਰ ਵਿੱਚ ਵੀ ਆਪਣੀ ਮੌਜੂਦਗੀ ਦਰਜ ਕਰਾਉਣੀ ਸ਼ੁਰੂ ਕਰ ਦਿੱਤੀ। ਸਾਲ 2020 ਦਾ ਪੂਰਬੀ ਲੱਦਾਖ ਦਾ ਸੰਕਟ ਇਸੇ ਪ੍ਰਕਿਰਿਆ ਦਾ ਸਿਖ਼ਰ ਸੀ।

ਇਸ ਸਥਿਤੀ ਨੂੰ ਸੰਭਾਲਣ ਲਈ ਭਾਰਤ ਕੋਲ ਪਾਬੰਦੀਆਂ ਦੇ ਰੂਪ ਵਿੱਚ ਇੱਕੋ-ਇੱਕ ਬਦਲ ਬਚਿਆ ਸੀ- ਭਾਰਤ 'ਚ ਚੀਨੀ ਨਿਵੇਸ਼ ਸੀਮਤ ਕਰਨਾ, ਦੇਸ਼ ਵਿੱਚ ਹਰਮਨਪਿਆਰੀਆਂ ਹੋ ਰਹੀਆਂ ਚੀਨੀ ਐਪਸ ਨੂੰ ਬੰਦ ਕਰਨਾ ਤੇ ਹਵਾਈ ਸੰਪਰਕ ਘਟਾਉਣਾ ਇਨ੍ਹਾਂ 'ਚ ਸ਼ਾਮਿਲ ਸਨ। ਨਾਲ ਹੀ ਇਸ ਨੇ ਅਮਰੀਕਾ ਨੂੰ ਇਹ ਸੰਕੇਤ ਭੇਜਣ ਦੇ ਫ਼ੈਸਲੇ ਲਏ ਕਿ ਇਹ ਇਸ ਦੇ ਵਿਆਪਕ ਹਿੰਦ-ਪ੍ਰਸ਼ਾਂਤ ਗੱਠਜੋੜ ਦਾ ਹਿੱਸਾ ਬਣੇਗਾ ਤਾਂ ਕਿ ਚੀਨ ਦੀ ਹਮਲਾਵਰ ਪਹੁੰਚ 'ਤੇ ਨਜ਼ਰ ਰੱਖੀ ਜਾ ਸਕੇ।

ਫੇਰ ਵੀ ਭਾਰਤ ਪੱਛਮੀ ਮੁਲਕਾਂ ਤੇ ਚੀਨ ਦਰਮਿਆਨ ਲਗਾਤਾਰ ਵਧੀ ਦੂਰੀ ਦਾ ਲਾਹਾ ਲੈਣ ਦੇ ਯੋਗ ਨਹੀਂ ਹੋ ਸਕਿਆ ਹੈ, ਜਿਸ ਨੇ ਇਸ ਦੀ ਅਖੌਤੀ 'ਚੀਨ ਪਲੱਸ ਵਨ' ਰਣਨੀਤੀ ਨੂੰ ਜਨਮ ਦਿੱਤਾ। ਨਾ ਹੀ ਇਹ ਕਈ ਉਦਯੋਗਿਕ ਉਤਪਾਦਾਂ ਤੇ ਫਾਰਮਾ ਸਮੱਗਰੀਆਂ ਲਈ ਚੀਨ ਉੱਤੇ ਆਪਣੀ ਨਿਰਭਰਤਾ ਤੋੜਨ ਵਿੱਚ ਕਾਮਯਾਬ ਹੋ ਸਕਿਆ ਹੈ।

ਹੁਣ ਤੱਕ ਚੀਨ ਨਾਲ ਸਿੱਝਣ ਦੀ ਭਾਰਤ ਦੀ ਨੀਤੀ ਨਕਾਰਨ ਵਾਲੀ ਹੀ ਰਹੀ ਹੈ। ਭਾਰਤ ਦਾ ਕਹਿਣਾ ਹੈ ਕਿ ਚੀਨ ਜਦੋਂ ਤੱਕ ਪੂਰਬੀ ਲੱਦਾਖ ਵਿੱਚ ਮਾਰਚ 2020 ਤੋਂ ਪਹਿਲਾਂ ਵਾਲੀ ਸਥਿਤੀ ਬਹਾਲ ਕਰਨ ਲਈ ਸਹਿਮਤ ਨਹੀਂ ਹੁੰਦਾ, ਉਦੋਂ ਤੱਕ ਉਸ ਨਾਲ ਰਿਸ਼ਤੇ ਆਮ ਵਰਗੇ ਨਹੀਂ ਹੋ ਸਕਦੇ। ਵਿਦੇਸ਼ ਮੰਤਰੀ ਐੱਸ। ਜੈਸ਼ੰਕਰ ਜਿੰਨੀ ਵਾਰ ਵੀ ਆਪਣੇ ਹਮਰੁਤਬਾ ਵੈਂਗ ਯੀ ਨੂੰ ਮਿਲੇ, ਉਨ੍ਹਾਂ ਇਸ ਮੰਗ ਦੀ ਪੂਰਤੀ ਨੂੰ ਹੀ ਸਾਰੇ ਰੋਗਾਂ ਦੀ ਦਾਰੂ ਦੱਸਿਆ। ਭਾਰਤ ਨੂੰ ਹੁਣ ਲੋੜ ਹੈ ਕਿ ਉਹ ਚੀਨ ਨਾਲ ਨਿਪਟਣ ਲਈ ਸਕਾਰਾਤਮਕ ਰੁਖ਼ ਅਪਣਾਏ। ਇਹ ਸਵੈ-ਮਜ਼ਬੂਤੀ ਦੀ ਦੋ-ਮਾਰਗੀ ਨੀਤੀ ਹੋਣੀ ਚਾਹੀਦੀ ਹੈ। ਪਿਛਲੇ ਮਹੀਨੇ ਮਿਲਦਾ-ਜੁਲਦਾ ਸੰਕੇਤ ਦਿੰਦਿਆਂ ਵਿੱਤ ਮੰਤਰਾਲੇ ਨੇ ਉਦੋਂ ਹੈਰਾਨ ਕਰ ਦਿੱਤਾ ਜਦੋਂ ਆਪਣੇ ਸਾਲਾਨਾ ਆਰਥਿਕ ਸਰਵੇਖਣ ਵਿੱਚ ਇਸ ਨੇ ਚੀਨ ਤੋਂ ਸਿੱਧਾ ਵਿਦੇਸ਼ੀ ਨਿਵੇਸ਼ (ਐੱਫਡੀਆਈ) ਵਧਾਉਣ ਦਾ ਸੱਦਾ ਦਿੱਤਾ। ਇਸ ਦਾ ਉਦੇਸ਼ ਆਲਮੀ ਸਪਲਾਈ ਲੜੀ ਤੇ ਬਰਾਮਦਾਂ ਵਿੱਚ ਭਾਰਤੀ ਹਿੱਸੇਦਾਰੀ ਨੂੰ ਵਧਾਉਣਾ ਹੈ। ਇਸ 'ਚ ਨਾਲ ਹੀ ਕਿਹਾ ਗਿਆ, 'ਚੀਨੀ ਕੰਪਨੀਆਂ ਨੂੰ ਭਾਰਤ ਵਿੱਚ ਨਿਵੇਸ਼ ਕਰਨ ਦੇਣਾ ਜ਼ਿਆਦਾ ਅਸਰਦਾਰ ਹੈ ਤੇ ਮਗਰੋਂ ਉਤਪਾਦਾਂ ਨੂੰ ਇਨ੍ਹਾਂ ਬਾਜ਼ਾਰਾਂ 'ਚ ਸੁੱਟਿਆ ਜਾਵੇ, ਬਜਾਏ ਇਸ ਦੇ ਕਿ ਇਨ੍ਹਾਂ ਨੂੰ ਚੀਨ ਤੋਂ ਮੰਗਵਾਇਆ ਜਾਵੇ, ਜਿਸ ਨਾਲ ਕੀਮਤ ਘੱਟੋ-ਘੱਟ ਰਹੇਗੀ।''

ਭਾਰਤ ਨੂੰ ਰਣਨੀਤਕ ਰੋਕਥਾਮ ਯੋਜਨਾ ਵੀ ਬਣਾਉਣੀ ਪਏਗੀ ਤਾਂ ਕਿ ਪੇਈਚਿੰਗ 2020 ਦੀ ਐੱਲਏਸੀ ਵਾਲੀ ਸ਼ਰਾਰਤ ਨਾ ਦੁਹਰਾ ਸਕੇ। ਇਹ ਲਾਜ਼ਮੀ ਤੌਰ 'ਤੇ ਇੱਕ ਫ਼ੌਜੀ ਯੋਜਨਾ ਹੈ, ਜਿਸ ਤਹਿਤ ਚੀਨ ਨਾਲ ਲੱਗਦੀ ਜ਼ਮੀਨੀ ਸਰਹੱਦ ਦੇ ਨਾਲ ਢੁੱਕਵੀਂ ਸੈਨਿਕ ਸਮਰੱਥਾ ਵਿਕਸਿਤ ਹੋਵੇ ਤੇ ਨਾਲ ਹੀ ਹਿੰਦ ਮਹਾਸਾਗਰ ਖੇਤਰ ਵਿੱਚ ਵੀ ਫ਼ੌਜੀ ਤਾਕਤ ਵਧਾਈ ਜਾਵੇ। ਇੱਕ ਹੋਰ ਖੇਤਰ ਜਿੱਥੇ ਜ਼ਿਆਦਾ ਧਿਆਨ ਦੇਣ ਦੀ ਲੋੜ ਹੈ, ਉਹ ਹੈ ਪਰਮਾਣੂ ਡਰਾਵਾ ਕਿਉਂਕਿ ਚੀਨ ਤੇਜ਼ੀ ਨਾਲ ਆਪਣੀ ਪਰਮਾਣੂ ਸਮਰੱਥਾ ਦਾ ਵਿਸਤਾਰ ਕਰ ਰਿਹਾ ਹੈ।

ਇਸ 'ਚ ਕੋਈ ਸ਼ੱਕ ਨਹੀਂ ਕਿ ਅਜਿਹੇ ਪ੍ਰਬੰਧ ਲਈ ਨਵੀਂ ਦਿੱਲੀ ਨੂੰ ਦੁਨੀਆ ਦੇ ਹੋਰਾਂ ਹਿੱਸਿਆਂ ਵਿੱਚ ਵੀ ਆਪਣੇ ਵਰਗੇ ਭਾਈਵਾਲਾਂ ਨਾਲ ਹੱਥ ਮਿਲਾਉਣਾ ਪਏਗਾ ਨਾ ਕਿ ਸਿਰਫ਼ ਵਿਕਸਤ ਮੁਲਕਾਂ ਨਾਲ। ਉਸ ਨੂੰ 'ਗਲੋਬਲ ਸਾਊਥ' ਨਾਲ ਵੀ ਸਹਿਯੋਗ ਕਰਨਾ ਪਏਗਾ। ਭਾਵੇਂ ਇਹ ਸਾਰੇ ਲੰਮੇ ਸਮੇਂ ਦੇ ਟੀਚਿਆਂ ਦੀ ਪ੍ਰਾਪਤੀ ਦੇ ਮਾਧਿਅਮ ਹਨ, ਪਰ ਹੁਣ ਤੋਂ ਹੀ ਕੰਮ ਕਰਨਾ ਬਿਹਤਰ ਹੋਵੇਗਾ।




## Matrimonial ਵਿਆਹ/ਸ਼ਾਦੀ

'ਪਰਦੇਸ ਟਾਇਮਜ਼' ਇਕ ਯੋਗ ਵਰ ਲੱਭਣ ਵਿਚ ਤੁਹਾਡੀ ਬਹੁਤ ਸਹਾਇਤਾ ਕਰ ਸਕਦਾ ਹੈ। ਆਪਣਾ ਇਸ਼ਤਿਹਾਰ ਬੁੱਕ ਕਰਨ ਲਈ
ਸੰਪਰਕ ਕਰੋ: 510-938-7771 shaadi@pardestimes.com

### ਲੜਕੀ ਦੀ ਲੋੜ

ਸਿੱਖ, ਸਿਟੀਜ਼ਨ ਰਾਮਗੜ੍ਹੀਆ ਲੜਕਾ 31 ਸਾਲ ਕੱਦ 5,8'', ਸੋਹਣਾ ਸੁਨੱਖਾ ਬੀ. ਐਸ. ਹੈਲਥਸਾਇੰਸ, ਐਮਰਜੈਂਸੀ ਰੂਮ ਟੈਕਨੀਸ਼ੀਅਨ, ਕੈਲੇਫੋਰਨੀਆ ਦੇ ਬੇ-ਏਰੀਆ 'ਚ ਰਹਿੰਦੇ, ਲਈ ਖ਼ੂਬਸੂਰਤ ਤੇ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਲੜਕੀ ਰਾਮਗੜ੍ਹੀਆ 'ਚੋਂ ਹੋਵੇ ਤਾਂ ਠੀਕ ਹੈ। ਹੋਰ ਜਾਣਕਾਰੀ ਲਈ ਹਰਮਿੰਦਰ ਸਿੰਘ ਲੱਲ ਨਾਲ 510-468-5436 ਤੇ ਸੰਪਰਕ ਕਰੋ।

## ਸ. ਗੁਰਚਰਨ ਸਿੰਘ ਜੀ ਸਵਰਗਵਾਸ



ਹੇਵਰਡ- ਬੀਤੇ ਹਫਤੇ ਸ. ਗੁਰਚਰਨ ਸਿੰਘ ਜੀ ਅਚਾਨਕ ਸਵਰਗਵਾਸ ਹੋ ਗਏ। ਉਹ ਸਿਰਫ 62 ਕੁ ਸਾਲਾਂ ਦੇ ਸਨ। ਉਹਨਾਂ ਦਾ ਅੰਤਮ ਸਸਕਾਰ ਅਕਤੂਬਰ 2, 2024 ਨੂੰ ਚੈਪਲ ਆਫ ਦੀ ਚਾਈਮ, 32992 ਮਿਸ਼ਨ ਬੁਲੇਵਾਰਡ, ਹੇਵਰਡ ਵਿਖੇ ਕੀਤਾ ਜਾਵੇਗਾ। ਸਮਾਂ 12 ਤੋਂ 2 ਵਜੇ ਦੁਪਹਿਰ ਦਾ ਹੋਵੇਗਾ ਅਤੇ ਅੰਤਿਮ ਅਰਦਾ ਬਾਅਦ ਦੁਪਹਿਰ ਗੁਰਦੁਆਰਾ ਸਾਹਿਬ 300 ਗੁਰਦੁਆਰਾ ਰੋਡ, ਫਰੀਮਾਂਟ ਵਿਖੇ ਕੀਤੀ ਜਾਵੇਗੀ।

ਦੋਸਤਾਂ-ਮਿੱਤਰਾਂ ਨੂੰ ਅਰਦਾਸ 'ਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ। ਹੋਰ ਜਾਣਕਾਰੀ ਜਾਂ ਅਫਸੋਸ ਦੇ ਦੋ ਬੋਲਾਂ ਲਈ ਉਹਨਾਂ ਦੇ ਸਪੁੱਤਰ ਗੁਰਪ੍ਰੀਤ ਸਿੰਘ ਨਾਲ 510-935-9297 'ਤੇ ਸੰਪਰਕ ਕੀਤਾ ਜਾ ਸਕਦਾ ਹੈ।

Kw SILICON CITY
KELLERWILLIAMS.
To buy Home, business or any kind of property

Gurjeet Rai
408-802-5303
GurjeetRai@kw.com
SoldbyGurjeetRai.com
5-STAR RATING
DRE 02149422
Please consult before finalizing your deal or decision
REALTOR® OF THE YEAR 2022
AGENT OF THE EXCELLENCE 2022
2221 Oakland Rd, Ste 268
San Jose CA 95131

# ਅਮਰੀਕੀ ਲੋਕਤੰਤਰ ਦਾ ਮਜ਼ਬੂਤ ਥੰਮ੍ਹ ਨੇ ਉਮੀਦਵਾਰਾਂ ਵਿਚਕਾਰ ਬਹਿਸਾਂ



ਦਰਬਾਰਾ ਸਿੰਘ ਕਾਹਲੋਂ

ਅਮਰੀਕੀ ਰਾਜਨੀਤੀਵਾਨਾਂ, ਰਾਸ਼ਟਰਵਾਦੀ ਸ਼ਖ਼ਸੀਅਤਾਂ ਅਤੇ ਲੋਕਤੰਤਰ ਦੇ ਦੀਵਾਨਿਆਂ ਨੇ ਅਮਰੀਕੀ ਲੋਕਤੰਤਰ ਦੀ ਰਾਖੀ, ਵਿਕਾਸ, ਸਦਾਕਤ, ਪਵਿੱਤਰਤਾ, ਰਾਸ਼ਟਰਵਾਦੀ ਇਕਜੁੱਟਤਾ ਕਾਇਮ ਰੱਖਣ ਲਈ ਰਾਸ਼ਟਰਪਤੀ ਦੇ ਨਾਮਵਰ ਅਹੁਦੇ ਲਈ ਸਹੀ ਰਾਜਨੀਤਕ ਆਗੂ ਤੇ ਸ਼ਖ਼ਸੀਅਤ ਦੀ ਚੋਣ ਲਈ ਰਾਸ਼ਟਰੀ ਪੱਧਰ 'ਤੇ ਬਹਿਸ ਕੀਤੇ ਜਾਣ ਦੇ ਤਰੀਕਾਕਾਰ ਨੂੰ ਅਪਣਾਇਆ। ਅਮਰੀਕੀ ਲੋਕਤੰਤਰ ਦੀ ਮਜ਼ਬੂਤੀ ਸਵੱਛਤਾ, ਉੱਚ ਕਦਰਾਂ-ਕੀਮਤਾਂ ਦੀ ਰਾਖੀ ਲਈ ਇਸ ਨੂੰ ਇਕ ਜ਼ਰੂਰੀ ਰਵਾਇਤ ਵਜੋਂ ਅਪਣਾਇਆ ਭਾਵੇਂ ਇਸ ਨੂੰ ਕੋਈ ਸੰਵਿਧਾਨਕ ਮਾਨਤਾ ਹਾਸਲ ਨਹੀਂ ਹੈ।

ਰਾਸ਼ਟਰਪਤੀ ਪਦ ਲਈ ਪ੍ਰਾਇਮਰੀ ਚੋਣਾਂ ਵੇਲੇ ਵੱਖ-ਵੱਖ ਉਮੀਦਵਾਰਾਂ ਵਿਚਕਾਰ ਬਹਿਸਾਂ ਦਾ ਇਤਿਹਾਸ ਕਾਫ਼ੀ ਪੁਰਾਣਾ ਹੈ। ਸੰਨ 1860 'ਚ ਇਬਰਾਹੀਮ ਲਿੰਕਨ ਅਤੇ ਸੈਨੇਟਰ ਸਟੀਫਨ ਏ ਡਗਲਸ ਵੀ ਭਿੜੇ ਸਨ ਪਰ ਕਿਸੇ ਸੰਚਾਲਕ ਬਗੈਰ। ਰੇਡੀਓ ਤੇ ਟੈਲੀਵਿਜ਼ਨ 'ਤੇ ਅਮਰੀਕੀ ਰਾਸ਼ਟਰਪਤੀ ਪਦ ਲਈ ਪ੍ਰਮੁੱਖ ਡੈਮੋਕ੍ਰੈਟਿਕ ਤੇ ਰਿਪਬਲਿਕਨ ਉਮੀਦਵਾਰਾਂ ਦਰਮਿਆਨ ਪਹਿਲੀ ਵਿਧੀਵਤ ਬਹਿਸ 26 ਸਤੰਬਰ 1960 ਨੂੰ ਜਾਹਨ ਐੱਫ ਕੈਨੇਡੀ ਤੇ ਰਿਚਰਡ ਨਿਕਸਨ ਵਿਚਾਲੇ ਹੋਈ ਸੀ। ਅਮਰੀਕਾ ਦੀ ਉਸ ਸਮੇਂ ਕੁੱਲ ਆਬਾਦੀ 179 ਮਿਲੀਅਨ 'ਚੋਂ 66 ਮਿਲੀਅਨ ਲੋਕਾਂ ਨੇ ਇਸ ਨੂੰ ਵੇਖਿਆ ਸੀ। ਇਸ ਤੋਂ 16 ਸਾਲ ਬਾਅਦ 1976 'ਚ 23 ਸਤੰਬਰ ਨੂੰ ਜਿਮੀ ਕਾਰਟਰ ਤੇ ਜੇਰਾਲਡ ਫੋਰਡ ਦਰਮਿਆਨ ਗਹਿਗੱਚ ਬਹਿਸ ਵੇਖਣ ਨੂੰ ਮਿਲੀ ਸੀ। ਸੰਨ 1980 'ਚ ਹੋਈ ਬਹਿਸ 226 ਮਿਲੀਅਨ ਅਮਰੀਕੀਆਂ 'ਚੋਂ 80 ਮਿਲੀਅਨ ਨੇ ਵੇਖੀ ਸੀ। ਸੰਨ 1992 ਵਿਚ ਤ੍ਰੈਪੱਖੀ ਬਹਿਸ ਵੇਖਣ ਨੂੰ ਮਿਲੀ। ਇਹ ਡੈਮੋਕ੍ਰੈਟ ਬਿਲ ਕਲਿੰਟਨ, ਰਿਪਬਲਿਕਨ ਰਾਸ਼ਟਰਪਤੀ ਜਾਰਜ ਬੁਸ਼ ਤੇ ਅਰਬਪਤੀ ਰਾਸ ਪੀਰੋਟ ਦਰਮਿਆਨ ਹੋਈ ਸੀ। ਸੰਨ 2012 ਦੀ ਬਹਿਸ 67 ਮਿਲੀਅਨ ਲੋਕਾਂ ਨੇ ਵੇਖੀ ਸੀ ਪਰ ਸੰਨ 2016 'ਚ ਰਿਪਬਲਿਕਨ ਡੋਨਾਲਡ ਟਰੰਪ ਤੇ ਡੈਮੋਕ੍ਰੈਟ ਹਿਲੇਰੀ ਕਲਿੰਟਨ ਵਿਚਾਲੇ ਦਿਲਚਸਪ ਬਹਿਸ 'ਚ ਪਿਛਲੇ ਸਭ ਰਿਕਾਰਡ ਟੁੱਟੇ। ਲਗਪਗ 84 ਮਿਲੀਅਨ ਅਮਰੀਕਨਾਂ ਨੇ ਇਹ ਬਹਿਸ ਵੇਖੀ। ਸੰਨ 2020 'ਚ ਬਾਇਡਨ ਤੇ ਰਾਸ਼ਟਰਪਤੀ ਟਰੰਪ ਦੀ ਬਹਿਸ 73.1 ਮਿਲੀਅਨ ਲੋਕਾਂ ਵੇਖੀ। ਦਸ ਸਤੰਬਰ 2024 ਨੂੰ ਡੈਮੋਕ੍ਰੈਟ ਉਮੀਦਵਾਰ ਕਮਲਾ ਹੈਰਿਸ ਤੇ ਰਿਪਬਲਿਕਨ ਉਮੀਦਵਾਰ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਵਿਚਾਲੇ ਬਹਿਸ ਫਿਲਾਡੇਲਫੀਆ (ਪੈਨਸਿਲਵੇਨੀਆ) ਵਿਖੇ 90 ਮਿੰਟ ਚੱਲੀ।

ਇਹ ਬਹਿਸ 67.1 ਮਿਲੀਅਨ ਲੋਕਾਂ ਨੇ ਵੇਖੀ। ਇਹ ਗਿਣਤੀ 27 ਜੂਨ 2024 ਨੂੰ ਰਾਸ਼ਟਰਪਤੀ ਜੋਅ ਬਾਇਡਨ ਤਤਕਾਲੀ ਡੈਮੋਕ੍ਰੈਟਿਕ ਉਮੀਦਵਾਰ ਤੇ ਡੋਨਾਲਡ



ਟਰੰਪ ਰਿਪਬਲਿਕਨ ਉਮੀਦਵਾਰ ਦਰਮਿਆਨ ਹੋਈ ਬਹਿਸ ਨਾਲੋਂ 16 ਮਿਲੀਅਨ ਭਾਵ 31 ਪ੍ਰਤੀਸ਼ਤ ਗਿਣਤੀ ਪੱਖੋਂ ਵੱਧ ਸੀ। ਇਹ ਬਹਿਸਾਂ ਕਿਵੇਂ ਅਮਰੀਕੀ ਰਾਸ਼ਟਰ, ਜਨਤਾ ਤੇ ਨੀਤੀਆਂ ਨੂੰ ਪ੍ਰਭਾਵਿਤ ਕਰਦੀਆਂ ਹਨ, ਇਸ ਦੀ ਜਿਊਂਦੀ-ਜਾਗਦੀ ਮਿਸਾਲ 27 ਜੂਨ ਦੀ ਬਹਿਸ ਹੈ ਜਿਸ ਵਿਚ 82 ਸਾਲਾ ਬੁੱਢੇ ਭੁਲੱਕੜ ਮਾਨਸਿਕ ਤੇ ਸਰੀਰਕ ਪੱਖੋਂ ਕਮਜ਼ੋਰ ਪੈ ਚੁੱਕੇ ਰਾਸ਼ਟਰਪਤੀ ਜੋਅ ਬਾਇਡਨ ਦੀ ਅਤਿ-ਨਿਰਾਸ਼ਾਜਨਕ ਕਾਰਗੁਜ਼ਾਰੀ ਕਰ ਕੇ ਡੈਮੋਕ੍ਰੈਟਿਕ ਪਾਰਟੀ ਨੂੰ ਆਪਣਾ ਉਮੀਦਵਾਰ ਬਦਲਣਾ ਪਿਆ। ਉਸ ਦੀ ਥਾਂ ਗਤੀਸ਼ੀਲ ਕਾਨੂੰਨਦਾਨ, ਪ੍ਰਸ਼ਾਸਕ ਤੇ ਦੂਰ-ਅੰਦੇਸ਼ ਡਿਪਲੋਮੈਟ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੂੰ ਉਮੀਦ-ਵਾਰ ਚੁਣਨਾ ਪਿਆ। ਰਾਸ਼ਟਰਪਤੀ ਪਦ ਲਈ ਚੋਣ 5 ਨਵੰਬਰ 2024 ਨੂੰ ਹੋਣ ਜਾ ਰਹੀ ਹੈ। ਰਾਸ਼ਟਰਪਤੀ ਬਾਇਡਨ ਸਾਹਮਣੇ ਪਾਰਟੀ ਨਿਰਣੇ ਅੱਗੇ ਗੋਡੇ ਟੇਕਣ ਤੋਂ ਬਗੈਰ ਹੋਰ ਕੋਈ ਚਾਰਾ ਵੀ ਨਹੀਂ ਸੀ ਤਾਂ ਕਿ ਉਨ੍ਹਾਂ ਦੀ ਸਨਮਾਨਤ ਵਿਦਾਇਗੀ ਸੰਭਵ ਹੋ ਸਕੇ। ਸਾਰਾ ਵਿਸ਼ਵ ਜਾਣਦਾ ਹੈ ਕਿ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਸੰਨ 2020 ਦੀ ਚੋਣ ਹਾਰਨ ਦੇ ਬਾਵਜੂਦ ਆਪਣਾ ਅਹੁਦਾ ਨਹੀਂ ਸੀ ਛੱਡਣਾ ਚਾਹੁੰਦਾ। ਇਸ ਮੰਤਵ ਲਈ ਉਸ ਨੇ ਅਮ-ਰੀਕੀ ਇਤਿਹਾਸ ਵਿਚ ਕਮਲਾ ਹੈਰਿਸ ਅਨੁਸਾਰ 6 ਜਨਵਰੀ 2021 ਨੂੰ ਅਮਰੀਕੀ ਕੈਪੀਟਲ 'ਤੇ ਰਾਸ਼ਟਰਪਤੀ ਹੁੰਦੇ ਹਮਲੇ ਲਈ ਹਿੰਸਾ ਨੂੰ ਭੜਕਾਇਆ। ਸੋ, ਇਸ ਵਾਰ ਹਰ ਹਾਲਤ ਵਿਚ ਅਮਰੀਕੀ ਰਾਸ਼ਟਰਪਤੀ ਚੋਣਾਂ ਜਿੱਤਣਾ ਚਾਹੁੰਦਾ ਹੈ।

ਸਤਾਈ ਜੂਨ 2024 ਦੀ ਬਹਿਸ ਵਿਚ ਰਾਸ਼ਟਰਪਤੀ ਜੋਅ ਬਾਇਡਨ ਨੂੰ ਚਿੱਤ ਕਰਨ ਤੋਂ ਬਾਅਦ ਨਿਸ਼ਚਤ ਤੌਰ 'ਤੇ ਉਸ ਦੇ ਹੌਸਲੇ ਬੁਲੰਦ ਸਨ। ਪਰ ਜਿਉਂ ਹੀ ਬਹਿਸ ਦੇ ਪੋਡੀਅਮ 'ਤੇ ਕਮਲਾ ਹੈਰਿਸ ਨੇ ਪੂਰਨ ਵਿਸ਼ਵਾਸ ਅਤੇ ਸਵੈ ਮਾਨਸਿਕ ਸੰਤੁਲਨ ਦਾ ਮੁਜ਼ਾਹਰਾ ਕਰਦੇ ਹੋਏ ਡੋਨਾਲਡ ਟਰੰਪ ਨਾਲ ਹੱਥ ਮਿਲਾਇਆ, ਮਿਲੀਅਨਜ਼ ਲੋਕਾਂ ਨੇ ਮਹਿਸੂਸ ਕੀਤਾ ਜਿਵੇਂ ਉਹ ਛਾ ਗਈ ਹੋਵੇ। ਪੈਂਦਿਆਂ ਹੀ ਹੈਰਿਸ ਬਹਿਸ ਦੌਰਾਨ ਹਾਵੀ-ਪ੍ਰਭਾਵੀ ਹੁੰਦੀ ਦਿਸੀ। ਟਰੰਪ ਆਪਣੇ ਹਮਲਾਵਰ ਤੇ ਤੇਜ਼-ਤਰਾਰ ਗੁਸੈਲੇ ਸੁਭਾਅ ਕਰ ਕੇ ਮਸ਼ਹੂਰ ਹੈ ਪਰ ਇਸ ਬਹਿਸ ਵਿਚ ਉਹ ਜੁੰਬਸ਼ ਅੰਗੜਾਈ ਲੈਂਦੀ ਕਿਧਰੇ ਨਜ਼ਰ ਨਹੀਂ ਆਈ। ਇਹ ਗੱਲ ਰਿਪਬਲਿਕਨ ਸਾਂਸਦ ਵੀ ਮਹਿਸੂਸ ਕਰਦੇ ਵਿਖਾਈ ਦਿੰਦੇ ਦਿਸੇ। ਟੈਸਲਾ ਦੇ ਸੀਈਓ ਐਲਨ ਮਸਕ ਦਾ ਕਹਿਣਾ ਹੈ ਕਿ 10 ਸਤੰਬਰ ਦੀ ਰਾਤ ਟਰੰਪ ਲਈ ਬੁਰੀ ਸਾਬਿਤ ਹੋਈ। ਹੈਰਿਸ ਲੋਕਾਂ ਦੀਆਂ ਉਮੀਦਾਂ ਤੋਂ ਵੱਧ ਖਰੀ ਉਤਰੀ ਭਾਵੇਂ ਉਹ ਇਹ ਵੀ ਕਹਿੰਦਾ ਸੁਣਿਆ ਕਿ ਹੈਰਿਸ ਜੇ ਜਿੱਤ ਜਾਂਦੀ ਹੈ ਤਾਂ ਕੀ ਅਸੀਂ ਮੰਗਲ ਗ੍ਰਹਿ 'ਤੇ ਪੁੱਜ ਜਾਵਾਂਗੇ। ਹਕੀਕਤ ਵਿਚ ਇਹ ਬਹਿਸ ਬਹੁਤ ਹੀ ਤਿੱਖੀ ਅਤੇ ਹਮਲਾਵਰ ਕਿਸਮ ਦੀ ਸੀ। ਇਸ ਵਿਚ ਟਰੰਪ ਨੇ ਆਪਣੀ ਆਦਤ ਮੁਤਾਬਕ ਝੂਠ ਲੱਦਣ, ਬਦਨਾਮੀ ਭਰੀ ਸ਼ਬਦਾਵਲੀ, ਨਾਮਕਰਨ ਪੱਖੋਂ ਕੋਈ ਕਸਰ ਨਹੀਂ ਛੱਡੀ। ਕੌਮਾਂਤਰੀ ਮਸਲਿਆਂ 'ਤੇ ਗਾਜ਼ਾ ਜੰਗਬੰਦੀ, ਯੂਕਰੇਨ 'ਤੇ ਰੂਸੀ ਹਮਲਾ, ਵਾਤਾਵਰਨ, ਕੌਮਾਂਤਰੀ ਭਾਈਚਾਰੇ ਨਾਲ ਸਬੰਧ, ਨਾਟੋ, ਵਪਾਰਕ, ਘਰੋਗੀ ਮਤਿਆਂ ਤੇ ਟੈਕਸ ਨਿਜ਼ਾਮ, ਲੋਕਤੰਤਰ ਦੀ ਰਾਖੀ, ਗਰਭਪਾਤ, ਬੰਦੂਕ ਸੱਭਿਆਚਾਰ, ਅਮਰੀਕਨ ਕੌਮੀ ਸਬੰਧਾਂ, ਮਹਿੰਗਾਈ, ਰੁਜ਼ਗਾਰ ਆਦਿ 'ਤੇ ਗਹਿ-ਗੱਚ ਮੁਕਾਬਲਾ ਚੱਲਿਆ।

ਸ਼ੁਰੂ 'ਚ ਟਰੰਪ ਸ਼ਾਂਤੀ ਦਾ ਮੁਜ਼ਾਹਰਾ ਆਪਣੇ ਸੁਭਾਅ ਦੇ ਉਲਟ ਕਰਦਾ ਵਿਖਾਈ ਦਿੱਤਾ ਪਰ ਫਿਰ ਉਸ ਨੇ ਭੌਂਅ-ਭੌਂਅ ਹਮਲੇ ਕੀਤੇ। ਕਮਲਾ ਹੈਰਿਸ ਨੇ ਜਵਾਬ 'ਚ ਆਪਣੀਆਂ ਟੈਕਸ ਨੀਤੀਆਂ ਦਾ ਪ੍ਰਗਟਾਵਾ ਕਰਦੇ ਹੋਏ ਉਸ ਦੀ ਬੋਲਤੀ ਬੰਦ ਕਰਦਿਆਂ ਕਿਹਾ ਕਿ ਉਹ ਬਾਇਡਨ ਵਿਰੁੱਧ ਨਹੀਂ, ਉਸ ਵਿਰੁੱਧ ਚੋਣ ਲੜ ਰਹੇ ਹਨ। ਉਸ ਨੂੰ ਕਈ ਵਾਰ ਚਿਤਾਵਨੀ ਦਿੱਤੀ, 'ਕੁਫ਼ਰ ਮਤ ਤੋਲੋ।' ਟਰੰਪ ਨੇ ਆਪਣੇ ਵਿਰੁੱਧ ਅਪਰਾਧਾਂ ਨੂੰ ਡੈਮੋਕ੍ਰੈਟਾਂ ਵੱਲੋਂ ਬੁਣਿਆ ਜਾਲ਼ ਦੱਸਿਆ ਜਿਸ ਕਰਕੇ ਉਸ ਨੂੰ ਆਪਣੇ ਸਿਰ ਵਿਚ ਗੋਲ਼ੀ ਖਾਣੀ ਪਈ। ਪਰ ਕੌਣ ਨਹੀਂ ਜਾਣਦਾ ਉਸ ਦੇ ਸ਼ਰਮਨਾਕ ਅਪਰਾਧਾਂ ਨੂੰ। 'ਹੱਸ਼ ਮਨੀ' ਪੋਰਨ ਫਿਲਮ ਔਰਤ ਨਾਲ ਜਿਨਸੀ ਸਬੰਧਾਂ ਕਰਕੇ ਕੀ ਰਾਸ਼ਟਰਪਤੀ ਪਦ ਦੇ ਉਮੀਦਵਾਰ ਲਈ ਚੱਪਣੀ 'ਚ ਨੱਕ ਡੋਬ ਕੇ ਮਰਨ ਵਾਲੀ ਗੱਲ ਨਹੀਂ? ਹਰਬਰਟ ਹੂਵਰ ਅਨੁਸਾਰ ਸਿਰਫ਼ ਫਰੈਂਕਲਿਨ ਰੂਜ਼ਵੈਲਟ ਆਧੁਨਿਕ ਅਮਰੀਕਾ ਦੀ ਐਸੀ ਮਿਸਾਲ ਹਨ ਜਿਨ੍ਹਾਂ ਹਮੇਸ਼ਾ ਆਪਣੇ ਪੂਰਵਜ ਰਾਸ਼ਟਰਪਤੀਆਂ ਦੀ ਆਲੋਚਨਾ ਤੋਂ ਗੁਰੇਜ਼ ਕੀਤਾ। ਬਹਿਸ ਦੌਰਾਨ ਬਾਇਡਨ ਦੀ ਤਿੱਖੀ ਆਲੋਚਨਾ ਕਰਨ ਵਜੋਂ ਟਰੰਪ ਸਭ ਮਾਨਵੀ, ਰਾਸ਼ਟਰੀ ਅਮਰੀਕੀ ਕਦਰਾਂ-ਕੀਮਤਾਂ ਭੁੱਲ ਗਿਆ। ਉਸ ਨੇ ਹੈਰਿਸ ਨੂੰ ਮਾਰਕਸਵਾਦੀ ਗਰਦਾਨਿਆ ਤੇ ਡੈਮੋਕ੍ਰੈਟਾਂ 'ਤੇ ਦੇਸ਼ ਨੂੰ ਬਰਬਾਦ ਕਰਨ ਦਾ ਦੋਸ਼ ਲਗਾਇਆ। ਯੂਕਰੇਨ 'ਚ ਜੰਗਬੰਦੀ ਦਾ ਦਾਅਵਾ ਕੀਤਾ।

ਹੈਰਿਸ ਨੂੰ ਸੁਰੱਖਿਆ ਮਾਮਲਿਆਂ ਲਈ ਕਮਜ਼ੋਰ ਤੇ ਪਾਗਲਾਨਾ ਪਰਵਾਸੀ ਪਨਾਹਗਾਹ ਲਈ ਦੋਸ਼ੀ ਕਿਹਾ। ਹੈਰਿਸ ਨੇ ਉਸ ਨੂੰ ਪੁਤਿਨ ਦੀ ਤਰ੍ਹਾਂ ਡਿਕਟੇਟਰ ਬਣਨ ਦਾ ਚਾਹਵਾਨ ਦੱਸਿਆ। ਵਾਤਾਵਰਨ ਸਬੰਧੀ ਨੀਤੀਆਂ ਢਿੱਲੀਆਂ ਕਰ ਕੇ ਤੇਲ ਕੰਪਨੀਆਂ ਨੂੰ ਫ਼ਾਇਦਾ ਪਹੁੰਚਾਉਣ ਵਾਲਾ ਦੱਸਿਆ, ਉਨ੍ਹਾਂ ਤੋਂ ਚੋਣ ਮੁਹਿੰਮ ਲਈ 1 ਬਿਲੀਅਨ ਡਾਲਰ ਦਾਨ ਦੀ ਮੰਗ ਕੀਤੀ, ਅਮੀਰਾਂ ਤੋਂ ਫੈਕਸ ਹਟਾ ਕੇ ਦਰਾਮਦ 'ਤੇ 10 ਤੋਂ 20% ਟੈਰਿਫ ਠੋਕਣ, ਨੀਰਸ ਚੋਣ ਰੈਲੀਆਂ 'ਚ ਵਿੰਡ ਮਿੱਲਾਂ ਤੋਂ ਕੈਂਸਰ ਹੋਣ ਦਾ ਡਰ ਪੈਦਾ ਕਰਨ, ਅਮਰੀਕੀਆਂ 'ਚ ਰੰਗਭੇਦ ਤੇ ਸੱਜੇ-ਪੱਖੀਆਂ ਨੂੰ ਭੜਕਾ ਕੇ ਵੰਡ ਪਾਉਣ, ਗਰਭਪਾਤ ਤੇ ਬੰਦੂਕ ਸੱਭਿਆਚਾਰ 'ਤੇ ਸਟੈਂਡ ਨਾ ਲੈਣ, ਰੂਸ ਨੂੰ ਨਾਟੋ ਨਾਲ ਟਕਰਾਅ ਲਈ ਉਕਸਾਉਣ ਆਦਿ ਮੁੱਦਿਆਂ 'ਤੇ ਲੰਬੇ ਹੱਥੀਂ ਲਿਆ।

ਸੀਐੱਨਐੱਨ ਫਲੈਸ਼ ਪੋਲ ਅਨੁਸਾਰ 37 ਪ੍ਰਤੀਸ਼ਤ ਦੇ ਮੁਕਾਬਲੇ 63% ਲੋਕ ਮੰਨਦੇ ਹਨ ਕਿ ਹੈਰਿਸ ਨੇ ਵਧੀਆ ਬਹਿਸ ਕੀਤੀ। ਹੈਰਿਸ ਦੇ 96 ਫ਼ੀਸਦ ਜਦਕਿ ਟਰੰਪ ਦੇ 69% ਹਮਾਇਤੀ ਉਨ੍ਹਾਂ ਦੀ ਕਾਰਗੁਜ਼ਾਰੀ ਵਧੀਆ ਮੰਨਦੇ ਵਿਖਾਈ ਦਿੱਤੇ। ਪਰ ਟਰੰਪ ਦੀਆਂ ਨੀਤੀਆਂ ਤੋਂ ਗੁਆਂਢੀ ਕੈਨੇਡਾ ਤੇ ਮੈਕਸੀਕੋ ਸਹਿਮੇ ਨਜ਼ਰ ਆਏ।

ਟਰੰਪ ਨੇ ਬਹਿਸ ਤੋਂ ਬਾਅਦ ਦਾਅਵਾ ਕੀਤਾ ਕਿ ਲੋਕ ਇਸ ਨੂੰ ਉਸ ਦੀ ਵੱਡੀ ਜਿੱਤ ਦੱਸ ਰਹੇ ਹਨ। ਜਦੋਂ ਟਰੰਪ ਨੇ ਬਹਿਸ ਦੌਰਾਨ ਹੈਰਿਸ ਨੂੰ ਜੋਅ ਬਾਇਡਨ ਕਿਹਾ ਤਾਂ ਉਸ ਨੇ ਅਮਰੀਕੀਆਂ ਦੇ ਮਨਾਂ ਨੂੰ ਟੁੰਬਣ ਵਾਲੀ ਭਾਸ਼ਾ ਵਿਚ ਜਵਾਬ ਦਿੱਤਾ, "ਮੈਂ ਦੇਸ਼ ਨੂੰ ਨਵੀਂ ਪੀੜ੍ਹੀ ਦੀ ਲੀਡਰਸ਼ਿਪ ਪੇਸ਼ ਕਰ ਰਹੀ ਹਾਂ।" ਇਸ ਬਹਿਸ ਤੋਂ ਬਾਅਦ ਸਟਾਰ ਟੇਲਰ ਸਵਿਫਟ ਨੇ ਹੈਰਿਸ ਦੀ ਹਮਾਇਤ ਦਾ ਐਲਾਨ ਕਰ ਦਿੱਤਾ।

# ਕੇਜਰੀਵਾਲ ਨੇ ਆਖਿਰ ਅਸਤੀਫਾ ਦੇ ਹੀ ਦਿੱਤਾ

ਅਣਕਿਆਸੇ ਫ਼ੈਸਲੇ ਲੈਣ ਲਈ ਚਰਚਿਤ ਦਿੱਲੀ ਦੇ ਮੁੱਖ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਪ੍ਰਮੁੱਖ ਅਰਵਿੰਦ ਕੇਜਰੀਵਾਲ ਨੇ ਇਹ ਕਹਿ ਕੇ ਇਕ ਵਾਰ ਮੁੜ ਹੈਰਾਨ ਕਰ ਦਿੱਤਾ ਹੈ ਕਿ ਉਹ ਦੋ ਦਿਨਾਂ ਬਾਅਦ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦੇਣਗੇ। ਉਨ੍ਹਾਂ ਜਿਵੇਂ ਇਹ



ਸਪਸ਼ਟ ਨਹੀਂ ਕੀਤਾ ਕਿ ਦਿੱਲੀ ਦਾ ਅਗਲਾ ਮੁੱਖ ਮੰਤਰੀ ਕੌਣ ਹੋਵੇਗਾ, ਉਸ ਤੋਂ ਇਹ ਸਪਸ਼ਟ ਹੈ ਕਿ ਅਗਲੇ ਦੋ ਦਿਨਾਂ ਤੱਕ ਕਿਆਸ-ਅਰਾਈਆਂ ਦਾ ਦੌਰ ਚੱਲਦਾ ਰਹੇਗਾ ਤੇ ਇਸ ਨਾਲ ਦੇਸ਼ ਭਰ ਵਿਚ ਕੇਜਰੀਵਾਲ ਤੇ ਦਿੱਲੀ ਦੀ ਚਰਚਾ ਹੁੰਦੀ ਰਹੇਗੀ।

ਇਹ ਸਪਸ਼ਟ ਹੀ ਹੈ ਕਿ ਕੇਜਰੀਵਾਲ ਇਹ ਚਾਹੁੰਦੇ ਹੋਣਗੇ ਕਿ ਉਹ ਚਰਚਾ ਦੇ ਕੇਂਦਰ ਵਿਚ ਬਣੇ ਰਹਿਣ। ਉਨ੍ਹਾਂ ਇਹ ਕਹਿੰਦੇ ਹੋਏ ਅਸਤੀਫ਼ਾ ਦਿੱਤਾ ਕਿ ਉਹ ਆਮ ਜਨਤਾ ਦੇ ਸਾਹਮਣੇ ਅਗਨੀ ਪ੍ਰੀਖਿਆ ਦੇਣਾ ਚਾਹੁੰਦੇ ਹਨ ਪਰ ਕੋਈ ਵੀ ਸਮਝ ਸਕਦਾ ਹੈ ਕਿ ਅਸਤੀਫ਼ੇ ਦੇ ਮੂਲ ਕਾਰਨ ਕੁਝ ਹੋਰ ਹੀ ਹਨ। ਪਹਿਲਾ ਕਾਰਨ ਤਾਂ ਇਹੀ ਦਿਸਦਾ ਹੈ ਕਿ ਆਬਕਾਰੀ ਨੀਤੀ ਘੁਟਾਲੇ ਵਿਚ ਸੁਪਰੀਮ ਕੋਰਟ ਨੇ ਉਨ੍ਹਾਂ ਨੂੰ ਜ਼ਮਾਨਤ ਤਾਂ ਦੇ ਦਿੱਤੀ ਹੈ ਪਰ ਉਨ੍ਹਾਂ 'ਤੇ ਕਈ ਸਖ਼ਤ ਸ਼ਰਤਾਂ ਵੀ ਲਗਾ ਦਿੱਤੀਆਂ ਹਨ। ਇਨ੍ਹਾਂ ਸ਼ਰਤਾਂ ਕਾਰਨ ਮੁੱਖ ਮੰਤਰੀ ਦੇ ਰੂਪ ਵਿਚ ਉਨ੍ਹਾਂ ਲਈ ਕੰਮ ਕਰਨਾ ਅਸੰਭਵ ਜਿਹਾ ਹੋ ਗਿਆ ਸੀ ਤੇ ਸੁਪਰੀਮ ਕੋਰਟ ਨੇ ਉਨ੍ਹਾਂ ਨੂੰ ਨਾ ਸਿਰਫ਼ ਮੁੱਖ ਮੰਤਰੀ ਦਫ਼ਤਰ ਜਾਣ ਤੋਂ ਰੋਕਿਆ ਬਲਕਿ ਉਪ-ਰਾਜਪਾਲ ਦੀ ਇਜਾਜ਼ਤ ਤੋਂ ਬਿਨਾਂ ਕਿਸੇ ਸਰਕਾਰੀ ਫਾਈਲ 'ਤੇ ਦਸਤਖ਼ਤ ਕਰਨ ਤੋਂ ਵੀ ਰੋਕ ਦਿੱਤਾ।

ਇੰਨਾ ਹੀ ਨਹੀਂ, ਇਹ ਵੀ ਸ਼ਰਤ ਲਗਾਈ ਕਿ ਉਹ ਆਬਕਾਰੀ ਨੀਤੀ ਘੁਟਾਲੇ 'ਤੇ ਕੁਝ ਨਹੀਂ ਕਹਿ ਸਕਦੇ। ਹੈਰਾਨੀ ਨਹੀਂ ਕਿ ਕੇਜਰੀਵਾਲ ਨੇ ਇਹ ਮਹਿਸੂਸ ਕੀਤਾ ਹੋਵੇ ਕਿ ਉਨ੍ਹਾਂ ਕੋਲ ਅਸਤੀਫ਼ਾ ਦੇਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਹੈ। ਉਨ੍ਹਾਂ ਨੂੰ ਉਦੋਂ ਹੀ ਅਸਤੀਫ਼ਾ ਦੇ ਦੇਣਾ ਚਾਹੀਦਾ ਸੀ ਜਦੋਂ ਆਬਕਾਰੀ ਨੀਤੀ ਘੁਟਾਲੇ ਵਿਚ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜਿਆ ਗਿਆ ਸੀ। ਹੈਰਾਨੀਜਨਕ ਰੂਪ ਨਾਲ ਉਨ੍ਹਾਂ ਨੇ ਜੇਲ੍ਹ ਤੋਂ ਹੀ ਸਰਕਾਰ ਚਲਾਉਣ ਦੀ ਜ਼ਿੱਦ ਫੜੀ ਰੱਖੀ।

ਇਸ ਦੌਰਾਨ ਉਹ ਤੇ ਉਨ੍ਹਾਂ ਦੇ ਸਾਥੀ ਭਾਵੇਂ ਇਹ ਕਹਿੰਦੇ ਰਹੇ ਹੋਣ ਕਿ ਨਵੀਂ ਆਬਕਾਰੀ ਨੀਤੀ ਲਿਆ ਕੇ ਕਿਤੇ ਕੋਈ ਬੇਨਿਯਮੀ ਨਹੀਂ ਕੀਤੀ ਗਈ ਪਰ ਇਸ ਪ੍ਰਸ਼ਨ ਦਾ ਉੱਤਰ ਕਿਸੇ ਕੋਲ ਨਹੀਂ ਕਿ ਜੇ ਇਸ ਨੀਤੀ ਵਿਚ ਕਿਤੇ ਕੋਈ ਗੜਬੜੀ ਨਹੀਂ ਸੀ ਤਾਂ ਉਸ ਨੂੰ ਵਾਪਸ ਕਿਉਂ ਲਿਆ ਗਿਆ। ਇਹ ਠੀਕ ਹੈ ਕਿ ਇਸ ਘੁਟਾਲੇ ਵਿਚ ਹੋਰ ਅਨੇਕ ਲੋਕਾਂ ਦੇ ਨਾਲ ਅਰਵਿੰਦ ਕੇਜਰੀਵਾਲ ਨੂੰ ਵੀ ਜ਼ਮਾਨਤ ਮਿਲ ਗਈ ਹੈ ਪਰ ਜ਼ਮਾਨਤ ਕਲੀਨਚਿੱਟ ਨਹੀਂ ਹੋ ਸਕਦੀ।

ਭਾਵੇਂ ਕੇਜਰੀਵਾਲ ਕਹਿ ਰਹੇ ਹੋਣ ਕਿ ਉਨ੍ਹਾਂ ਨੂੰ ਗ਼ਲਤ ਤਰੀਕੇ ਨਾਲ ਫਸਾਇਆ ਗਿਆ ਹੈ ਅਤੇ ਉਹ ਜਨਤਾ ਤੋਂ ਇਮਾਨਦਾਰੀ ਦਾ ਸਰਟੀਫਿਕੇਟ ਲੈਣ ਤੋਂ ਬਾਅਦ ਹੀ ਮੁੱਖ ਮੰਤਰੀ ਦਾ ਅਹੁਦਾ ਸੰਭਾਲਣਗੇ ਪਰ ਆਬਕਾਰੀ ਘੁਟਾਲੇ ਦੇ ਸੱਚ-ਝੂਠ ਦਾ ਨਿਖੇੜਾ ਜਨਤਾ ਨੇ ਨਹੀਂ, ਦੇਸ਼ ਦੀਆਂ ਅਦਾਲਤਾਂ ਨੇ ਕਰਨਾ ਹੈ।

ਕੇਜਰੀਵਾਲ ਦੇ ਅਸਤੀਫ਼ੇ ਦਾ ਇਕ ਕਾਰਨ ਇਹ ਵੀ ਦਿਸਦਾ ਹੈ ਕਿ ਉਹ ਹਰਿਆਣਾ ਤੇ ਫਿਰ ਆਗਾਮੀ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਜਨਤਾ ਦੀ ਹਮਦਰਦੀ ਹਾਸਲ ਕਰਨੀ ਚਾਹੁੰਦੇ ਹਨ। ਉਨ੍ਹਾਂ ਨੇ ਦਿੱਲੀ ਦੀਆਂ ਚੋਣਾਂ ਲਗਪਗ ਤਿੰਨ ਮਹੀਨੇ ਪਹਿਲਾਂ ਨਵੰਬਰ ਵਿਚ ਕਰਾਉਣ ਦੀ ਮੰਗ ਵੀ ਕੀਤੀ ਹੈ। ਇਹ ਸਮਾਂ ਹੀ ਦੱਸੇਗਾ ਕਿ ਉਨ੍ਹਾਂ ਨੂੰ ਹਮਦਰਦੀ ਦਾ ਲਾਭ ਪ੍ਰਾਪਤ ਕਰਨ ਵਿਚ ਸਫਲਤਾ ਮਿਲਦੀ ਹੈ ਜਾਂ ਨਹੀਂ ਪਰ ਉਨ੍ਹਾਂ ਨੇ ਆਪਣੇ ਹੁਣ ਤੱਕ ਦੇ ਸਿਆਸੀ ਜੀਵਨ 'ਚ ਜਿਸ ਤਰ੍ਹਾਂ ਕਈ ਵਾਰ ਆਪਣੇ ਹੀ ਕਹੇ ਨੂੰ ਨਕਾਰ ਕੇ ਫ਼ੈਸਲੇ ਲਏ ਹਨ, ਉਸ ਨਾਲ ਉਨ੍ਹਾਂ ਦਾ ਉਹ ਅਕਸ ਨਹੀਂ ਰਹਿ ਗਿਆ ਹੈ ਜੋ ਪਹਿਲਾਂ ਸੀ।


TANVIR Tour & Travels FRESNO
(559) 803-0055
Where journey don't cost the world
Cheap Fares For Airline Tickets all around the world
Best Deals to India England, Pakistan, Canada and Europe
Our Services
* Cheap Fares For Airline Tickets all around the world
* Best Deals to India, England, Pakistan, Canada and Europe
* Apply for USA Citizenship
* Indian Passport renewal and Visa
* OCI Card and Renunciation
* Family Petition, Work Permit
* Power of Attorney
* Green card renewal
B.R. Joshi, Prop.
5627 N. Figarden Dr. STE 114 Fresno, CA 93722
email: tanvirtravels@gmail.com, www.tanvirtravels.com

# ਕਮਲਾ ਹੈਰਿਸ ਤੇ ਟਰੰਪ ਵਿਚਾਲੇ ਕਾਂਟੇ ਦੀ ਟੱਕਰ



ਸ਼ਿਵਕਾਂਤ ਸ਼ਰਮਾ

ਅਮਰੀਕੀ ਰਾਸ਼ਟਰਪਤੀ ਲਈ ਚੋਣਾਂ ਵਿਚ ਉਮੀਦਵਾਰਾਂ ਵਿਚਾਲੇ ਲਗਪਗ 65 ਸਾਲਾਂ ਤੋਂ ਹੁੰਦੀਆਂ ਆ ਰਹੀਆਂ ਟੀਵੀ ਬਹਿਸਾਂ ਵਿਚ ਬੀਤੇ ਮੰਗਲਵਾਰ ਨੂੰ ਉਪ-ਰਾਸ਼ਟਰਪਤੀ ਕਮਲਾ ਹੈਰਿਸ ਤੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਵਿਚਾਲੇ ਹੋਈ ਬਹਿਸ ਸ਼ਾਇਦ ਸਭ ਤੋਂ ਮਹੱਤਵਪੂਰਨ ਸੀ। ਇਸ ਤੋਂ ਪਿਛਲੀ ਬਹਿਸ ਵਿਚ ਕਮਜ਼ੋਰ ਪੈਣ ਕਾਰਨ ਰਾਸ਼ਟਰਪਤੀ ਬਾਇਡਨ ਨੂੰ ਚੁਣਾਵੀ ਦੌੜ ਤੋਂ ਹਟਣਾ ਪਿਆ ਸੀ।

ਚੋਣਾਂ ਵਿਚ ਬਹਿਸਾਂ ਦੇ ਇਤਿਹਾਸ ਵਿਚ ਅਜਿਹਾ ਪਹਿਲੀ ਵਾਰ ਹੋਇਆ ਸੀ। ਇਸ ਵਾਰ ਦੀ ਬਹਿਸ ਅਮਰੀਕਾ ਦੇ ਇਤਿਹਾਸ ਵਿਚ ਪਹਿਲੀ ਵਾਰ ਉਮੀਦਵਾਰ ਚੁਣੀ ਗਈ ਭਾਰਤ ਅਤੇ ਅਫ਼ਰੀਕਾਵੰਸ਼ੀ ਮਹਿਲਾ ਤੇ ਸਾਬਕਾ ਰਾਸ਼ਟਰਪਤੀ ਵਿਚਾਲੇ ਹੋ ਰਹੀ ਸੀ ਜਿਸ ਨਾਲ ਅਮਰੀਕਾ ਦੇ ਲੋਕਤੰਤਰ ਤੇ ਵਿਦੇਸ਼ ਨੀਤੀ ਦੀ ਦਿਸ਼ਾ ਤੈਅ ਹੋਣ ਵਾਲੀ ਸੀ।

ਆਮ ਰਾਇ ਇਹ ਹੈ ਕਿ ਬਹਿਸ ਵਿਚ ਕਮਲਾ ਹੈਰਿਸ ਜੇਤੂ ਰਹੀ ਕਿਉਂਕਿ ਬਹਿਸ ਤੋਂ ਤੁਰੰਤ ਬਾਅਦ ਦੇ ਇਕ ਸਰਵੇਖਣ ਵਿਚ ਲਗਪਗ ਦੋ ਤਿਹਾਈ ਦਰਸ਼ਕਾਂ ਨੇ ਕਮਲਾ ਹੈਰਿਸ ਦੇ ਪ੍ਰਦਰਸ਼ਨ ਨੂੰ ਬਿਹਤਰ ਦੱਸਿਆ। ਅਮਰੀਕੀ ਚੋਣ 'ਤੇ ਸੱਟਾ ਲਗਾਉਣ ਵਾਲੇ ਪਾਲੀਮਾਰਕੀਟ ਸੱਟਾ ਬਾਜ਼ਾਰ ਵਿਚ ਵੀ ਕਮਲਾ ਹੈਰਿਸ ਦੀ ਜਿੱਤ ਦੇ ਭਾਅ ਵਿਚ ਤਿੰਨ ਅੰਕਾਂ ਦੀ ਤੇਜ਼ੀ ਦਰਜ ਹੋਈ। ਆਪਣੇ ਪ੍ਰਦਰਸ਼ਨ ਤੋਂ ਉਤਸ਼ਾਹਤ ਕਮਲਾ ਹੈਰਿਸ ਨੇ ਟਰੰਪ ਨੂੰ ਇਕ ਟੀਵੀ ਬਹਿਸ ਦੀ ਚੁਣੌਤੀ ਦੇ ਦਿੱਤੀ। ਟਰੰਪ ਨੇ ਉਸ ਦਾ ਸਿੱਧਾ ਜਵਾਬ ਨਾ ਦਿੰਦੇ ਹੋਏ ਬਹਿਸ ਸੰਚਾਲਕਾਂ ਦੀ ਨਿਰਪੱਖਤਾ 'ਤੇ ਸਵਾਲ ਚੁੱਕੇ ਜੋ ਇਸ ਦਾ ਸੰਕੇਤ ਹੈ ਕਿ ਖ਼ੁਦ ਉਹ ਵੀ ਆਪਣੇ ਪ੍ਰਦਰਸ਼ਨ ਤੋਂ ਸੰਤੁਸ਼ਟ ਨਹੀਂ ਪਰ ਹੰਕਾਰ ਕਾਰਨ ਟਰੰਪ ਆਪਣੇ ਜਾਣੇ-ਪਛਾਣੇ ਅੰਦਾਜ਼ ਵਿਚ ਆਪਣੀ ਹੀ ਜਿੱਤ ਦੇ ਦਾਅਵੇ ਕਰਦੇ ਫਿਰ ਰਹੇ ਹਨ। ਤ੍ਰਾਸਦੀ ਇਹ ਰਹੀ ਕਿ ਬਹਿਸ ਦੇਸ਼ ਅਤੇ ਵਿਦੇਸ਼ ਦੀਆਂ ਨੀਤੀਆਂ 'ਤੇ ਕੇਂਦਰਿਤ ਨਾ ਰਹਿ ਕੇ ਨਿੱਜੀ ਤੂੰ-ਤੂੰ, ਮੈਂ-ਮੈਂ, ਨਿੱਜੀ ਹਮਲਿਆਂ ਅਤੇ ਮਿੱਥਾਂ 'ਤੇ ਆਧਾਰਤ ਪ੍ਰਚਾਰ ਵਿਚ ਬਦਲ ਗਈ।

ਬਹਿਸ ਦੀ ਸ਼ੁਰੂਆਤ ਕਮਲਾ ਹੈਰਿਸ ਨੇ ਮੰਚ 'ਤੇ ਡੋਨਾਲਡ ਟਰੰਪ ਕੋਲ ਜਾ ਕੇ ਉਨ੍ਹਾਂ ਨਾਲ ਹੱਥ ਮਿਲਾ ਕੇ ਕੀਤੀ। ਪਹਿਲਾ ਸਵਾਲ ਅਰਥਚਾਰੇ ਤੇ ਮਹਿੰਗਾਈ 'ਤੇ ਸੀ। ਕਮਲਾ ਹੈਰਿਸ ਤੋਂ ਪੁੱਛਿਆ ਗਿਆ ਕਿ ਪਿਛਲੇ ਚਾਰ ਸਾਲਾਂ ਦੇ ਬਾਇਡਨ-ਹੈਰਿਸ ਸ਼ਾਸਨ ਵਿਚ ਅਮਰੀਕਾ ਦੇ ਆਮ ਨਾਗਰਿਕ ਦੀ ਜ਼ਿੰਦਗੀ ਬਿਹਤਰ ਹੋਈ ਹੈ ਜਾਂ ਖ਼ਰਾਬ? ਇਸ ਦਾ ਜਵਾਬ ਦਿੰਦੇ ਸਮੇਂ ਉਹ ਥੋੜ੍ਹਾ ਲੜਖੜਾਈ।

ਪਰਿਵਾਰਾਂ ਅਤੇ ਛੋਟੇ ਕਾਰੋਬਾਰਾਂ ਲਈ ਟੈਕਸ ਰਾਹਤ ਦੀਆਂ ਭਾਵੀ ਯੋਜਨਾਵਾਂ ਗਿਣਾਉਂਦੇ ਹੋਏ ਉਹ ਗੱਲ ਨੂੰ ਪਲਟ ਗਈ ਅਤੇ ਰਾਸ਼ਟਰਪਤੀ ਟਰੰਪ ਦੀ ਅਮੀਰਾਂ ਨੂੰ ਟੈਕਸ ਰਾਹਤ ਦੇਣ ਅਤੇ 20 ਪ੍ਰਤੀਸ਼ਤ ਵਿਕਰੀ ਕਰ ਲਗਾ ਕੇ ਆਮ ਲੋਕਾਂ ਦੀ ਜ਼ਿੰਦਗੀ ਮੁਹਾਲ ਬਣਾਉਣ ਵਾਲੀਆਂ ਨੀਤੀਆਂ ਦੀ ਆਲੋਚਨਾ ਕਰਨ ਲੱਗੀ।

ਆਲੋਚਨਾ ਦੇ ਜਵਾਬ ਵਿਚ ਟਰੰਪ ਨੇ ਕਮਲਾ ਹੈਰਿਸ ਦੇ ਕਾਰਜਕਾਲ ਵਿਚ ਮਹਿੰਗਾਈ ਅਤੇ ਗ਼ੈਰ-ਕਾਨੂੰਨੀ ਪਰਵਾਸ ਦੇ ਵਧਣ ਦੇ ਦਾਅਵੇ ਕੀਤੇ ਜਿਸ ਤੋਂ ਬਾਅਦ



ਇਕ-ਦੂਜੇ 'ਤੇ ਇਲਜ਼ਾਮਤਰਾਸ਼ੀ, ਨਿੱਜੀ ਹਮਲਿਆਂ ਅਤੇ ਮਿੱਥ ਵਾਲੇ ਦਾਅਵਿਆਂ ਦਾ ਦੌਰ ਸ਼ੁਰੂ ਹੋਇਆ ਅਤੇ ਬਹਿਸ ਦਾ ਪੱਧਰ ਡਿੱਗਦਾ ਚਲਾ ਗਿਆ।

ਟਰੰਪ ਨੇ ਹੈਰਿਸ ਨੂੰ ਮਾਰਕਸਵਾਦੀ ਗਰਮਖ਼ਿਆਲੀ ਤੇ ਮਿੱਥਵਾਦੀ ਗਰਦਾਨਿਆ ਅਤੇ ਕਿਹਾ ਕਿ ਹੰਗਰੀ ਦੇ ਰਾਸ਼ਟਰਪਤੀ ਵਿਕਟਰ ਓਰਬਾਨ ਵਰਗੇ ਦਬੰਗ ਨੇਤਾ ਅਤੇ ਪੁਤਿਨ, ਚੀਨ ਅਤੇ ਉੱਤਰੀ ਕੋਰੀਆ ਵਰਗੇ ਦੇਸ਼ ਵੀ ਉਨ੍ਹਾਂ ਦਾ ਲੋਹਾ ਮੰਨਦੇ ਹਨ। ਕਮਲਾ ਹੈਰਿਸ ਨੇ ਟਰੰਪ 'ਤੇ ਚੱਲ ਰਹੇ ਕੇਸ ਗਿਣਾਉਂਦੇ ਹੋਏ ਉਨ੍ਹਾਂ ਨੂੰ ਦੰਗੇ ਉਕਸਾਉਣ ਵਾਲਾ ਅਤੇ ਲੋਕਤੰਤਰ ਲਈ ਖ਼ਤਰਾ ਦੱਸਿਆ। ਉਨ੍ਹਾਂ ਨੇ ਕਿਹਾ ਕਿ ਦੁਨੀਆ ਉਨ੍ਹਾਂ ਦੀ ਕਮਜ਼ੋਰੀ 'ਤੇ ਹੱਸਦੀ ਹੈ ਅਤੇ ਪੁਤਿਨ ਤਾਂ ਉਨ੍ਹਾਂ ਨੂੰ 'ਹਜ਼ਮ' ਕਰ ਸਕਦੇ ਹਨ। ਬਹਿਸ ਵਿਚ ਇਕ ਵਕਤਾ ਦੇ ਬੋਲਦੇ ਸਮੇਂ ਦੂਜੇ ਦਾ ਮਾਈਕ ਬੰਦ ਰੱਖਿਆ ਗਿਆ ਸੀ।

ਇਸ ਲਈ ਇਕ-ਦੂਜੇ ਨੂੰ ਟੋਕਣਾ ਤਾਂ ਸੰਭਵ ਨਹੀਂ ਸੀ ਪਰ ਹੈਰਿਸ ਨੇ ਟਰੰਪ ਦਾ ਸੰਤੁਲਨ ਵਿਗਾੜਨ ਲਈ ਆਪਣੇ ਵੱਖ-ਵੱਖ ਹਾਵ-ਭਾਵਾਂ ਦਾ ਬਾਖ਼ੂਬੀ ਇਸਤੇਮਾਲ ਕੀਤਾ। ਟਰੰਪ ਨੂੰ ਸਭ ਤੋਂ ਵੱਧ ਗੁੱਸਾ ਉਦੋਂ ਆਇਆ ਜਦ ਹੈਰਿਸ ਨੇ ਉਨ੍ਹਾਂ ਦੀਆਂ ਰੈਲੀਆਂ 'ਤੇ ਵਿਅੰਗ ਕੱਸਿਆ। ਉਸ ਤੋਂ ਬਾਅਦ ਉਹ ਗ਼ੈਰ-ਕਾਨੂੰਨੀ ਪਰਵਾਸੀ ਪਾਲਤੂ ਕੁੱਤੇ-ਬਿੱਲੀਆਂ ਮਾਰ ਕੇ ਖਾ ਰਹੇ ਹਨ ਅਤੇ ਹਸਪਤਾਲਾਂ ਵਿਚ ਗਰਭਪਾਤ ਦੇ ਨਾਂ 'ਤੇ ਨਵਜਾਤ ਬੱਚਿਆਂ ਨੂੰ ਮਾਰਿਆ ਜਾ ਰਿਹਾ ਹੈ, ਵਰਗੇ ਬੇਸਿਰ-ਪੈਰ ਦੇ ਦਾਅਵੇ ਕਰਨ ਲੱਗੇ।

ਹੈਰਿਸ ਨੇ ਵੀ ਟਰੰਪ ਦੁਆਰਾ ਗਰਭਪਾਤ 'ਤੇ ਪਾਬੰਦੀ ਲਗਾਉਣ ਅਤੇ 20 ਪ੍ਰਤੀਸ਼ਤ ਵਿਕਰੀ ਕਰ ਲਗਾਉਣ ਵਰਗੇ ਮਿੱਥ 'ਤੇ ਆਧਾਰਤ ਦਾਅਵੇ ਕੀਤੇ। ਟਰੰਪ ਦੀ ਪਿਛਲੇ ਦਸ ਸਾਲ ਦੀ ਰਾਜਨੀਤੀ ਦਾ ਅਧਿਐਨ ਕਰਨ ਤੋਂ ਸਪਸ਼ਟ ਹੈ ਕਿ ਉਨ੍ਹਾਂ ਦੇ ਜਨ ਆਧਾਰ ਨੂੰ ਬਹਿਸ ਵਿਚ ਹਾਰ ਦਾ ਖ਼ਾਸ ਅਸਰ ਨਹੀਂ ਪੈਂਦਾ। ਹੈਰਿਸ ਹਾਰਦੀ ਤਾਂ ਉਸ ਦੀਆਂ ਮੁਸ਼ਕਲਾਂ ਵਧ ਸਕਦੀਆਂ ਸਨ। ਉਸ ਦੀ ਚੜ੍ਹਤ ਉਸ ਦੇ ਜਨ ਆਧਾਰ ਨੂੰ ਮਜ਼ਬੂਤ ਕਰੇਗੀ ਜਿਸ ਦੇ ਸਹਾਰੇ ਉਹ ਟਰੰਪ ਨੂੰ ਸਖ਼ਤ ਟੱਕਰ ਦੇ ਸਕੇਗੀ ਪਰ ਇਸ ਨਾਲ ਚੋਣਾਂ ਵਿਚ ਉਸ ਦੀ ਜਿੱਤ ਪੱਕੀ ਹੋ ਗਈ ਹੋਵੇ, ਅਜਿਹਾ ਨਹੀਂ ਹੈ। ਜਨਮਤ ਸੂਚਕ ਅੰਕ ਦੱਸਦੇ ਹਨ ਕਿ ਹੈਰਿਸ ਦੀ ਇਸ ਜਿੱਤ ਤੋਂ ਬਾਅਦ ਵੀ ਟੱਕਰ ਕਾਂਟੇ ਦੀ ਬਣੀ ਹੋਈ ਹੈ।

ਉੱਤਰੀ ਤੇ ਦੱਖਣੀ ਜਿਨ੍ਹਾਂ ਸੱਤ ਸੂਬਿਆਂ ਵਿਚ ਹਾਰ-ਜਿੱਤ ਫ਼ੈਸਲਾਕੁੰਨ ਹੈ, ਉਨ੍ਹਾਂ ਵਿਚ ਵਿਸਕਾਨਸਿਨ, ਮਿਸ਼ੀਗਨ ਤੇ ਨਵਾਡਾ ਵਿਚ ਹੈਰਿਸ ਅੱਗੇ ਹੈ ਜਦਕਿ ਏਰੀਜ਼ੋਨਾ ਅਤੇ ਜਾਰਜੀਆ ਵਿਚ ਟਰੰਪ। ਫ਼ਰਕ ਇੰਨਾ ਮਾਮੂਲੀ ਹੈ ਕਿ ਦੋਵਾਂ 'ਚੋਂ ਕੋਈ ਵੀ ਜਿੱਤ ਸਕਦਾ ਹੈ।

ਇਨ੍ਹਾਂ 'ਚੋਂ ਸਭ ਤੋਂ ਵੱਡਾ ਸੂਬਾ ਪੈਨਸਿਲਵੇਨੀਆ ਹੈ ਜਿੱਥੇ ਟੀਵੀ ਬਹਿਸ ਹੋਈ ਸੀ। ਇੱਥੇ ਦੋਵੇਂ ਉਮੀਦਵਾਰ ਬਰਾਬਰੀ 'ਤੇ ਚੱਲ ਰਹੇ ਹਨ। ਜਿੱਤ-ਹਾਰ ਇਸ ਗੱਲ 'ਤੇ ਨਿਰਭਰ ਕਰੇਗੀ ਕਿ ਕੌਣ ਆਪਣੇ ਕਿੰਨੇ ਜ਼ਿਆਦਾ ਸਮਰਥਕਾਂ ਤੋਂ ਵੋਟਾਂ ਪੁਆ ਸਕਦਾ ਹੈ।ਅਮਰੀਕਾ ਦੀਆਂ ਰਾਸ਼ਟਰਪਤੀ ਚੋਣਾਂ ਦੀ ਪ੍ਰਕਿਰਿਆ ਕਾਫ਼ੀ ਪੇਚੀਦਾ ਹੈ। ਪੰਜਾਹ ਸੂਬਿਆਂ ਦੇ ਆਪੋ-ਆਪਣੇ ਚੁਣਾਵੀ ਨਿਯਮ ਹਨ।

ਕੁਝ ਸੂਬਿਆਂ ਵਿਚ ਅਗਾਊਂ ਮਤਦਾਨ ਸ਼ੁਰੂ ਹੋ ਚੁੱਕਾ ਹੈ ਅਤੇ ਹੋਰਾਂ ਵਿਚ ਸ਼ੁਰੂ ਹੋਣ ਵਾਲਾ ਹੈ। ਅਜਿਹੇ ਵਿਚ ਆਪਣੇ ਸਮਰਥਕਾਂ ਦਾ ਮਤਦਾਨ ਯਕੀਨੀ ਕਰਵਾ ਸਕਣਾ ਆਸਾਨ ਕੰਮ ਨਹੀਂ ਹੈ। ਸੰਨ 2016 ਵਿਚ ਹਿਲੇਰੀ ਕਲਿੰਟਨ ਆਪਣੇ ਸਮਰਥਕਾਂ ਤੋਂ ਢੁੱਕਵੀਂ ਗਿਣਤੀ ਵਿਚ ਵੋਟਾਂ ਨਹੀਂ ਪੁਆ ਸਕੀ ਸੀ, ਇਸ ਲਈ ਹਾਰ ਗਈ ਸੀ। ਟੀਵੀ ਬਹਿਸ ਵਿਚ ਹੈਰਿਸ ਦੇ ਪ੍ਰਦਰਸ਼ਨ ਤੋਂ ਉਮੀਦ ਬੱਝੀ ਹੈ ਕਿ ਉਹ ਬੇਯਕੀਨੀ ਦੀ ਸਥਿਤੀ ਵਿਚ ਫਸੇ ਵੋਟਰਾਂ ਨੂੰ ਲੁਭਾਉਣ ਦੇ ਨਾਲ-ਨਾਲ ਡੈਮੋਕ੍ਰੈਟਿਕ ਪਾਰਟੀ ਦੇ ਸਮਰਥਕਾਂ ਨੂੰ ਵੀ ਵੋਟ ਪਾਉਣ ਲਈ ਉਤਸ਼ਾਹਤ ਕਰ ਸਕੇਗੀ। ਉਸ ਨੂੰ ਸਮਰਥਨ ਦੇਣ ਦਾ ਐਲਾਨ ਰਿਪਬਲਿਕਨ ਪਾਰਟੀ ਦੇ ਉਨ੍ਹਾਂ ਦਿੱਗਜ ਨੇਤਾਵਾਂ ਵੀ ਕਰ ਦਿੱਤਾ ਹੈ ਜੋ ਟਰੰਪ ਦੀਆਂ ਨੀਤੀਆਂ ਤੋਂ ਨਾਰਾਜ਼ ਹਨ। ਇਨ੍ਹਾਂ ਵਿਚ ਸਾਬਕਾ ਰਾਸ਼ਟਰਪਤੀ ਬੁਸ਼, ਉਪ-ਰਾਸ਼ਟਰਪਤੀ ਡਿਕ ਚੇਨੀ, ਉਨ੍ਹਾਂ ਦੀ ਬੇਟੀ ਲਿਜ਼ ਚੇਨੀ ਅਤੇ ਸੈਨੇਟ ਦੇ ਸਾਬਕਾ ਨੇਤਾ ਮਿਚ ਮਕਾਨਲ ਸ਼ਾਮਲ ਹਨ।

ਮਸ਼ਹੂਰ ਗਾਇਕਾ ਟੇਲਰ ਸਵਿਫਟ ਵੀ ਹੈਰਿਸ ਦੇ ਪੱਖ ਵਿਚ ਆ ਗਈ ਹੈ। ਉਸ ਦੇ ਪ੍ਰਸ਼ੰਸਕਾਂ ਦੀ ਗਿਣਤੀ 25 ਕਰੋੜ ਤੋਂ ਵੀ ਜ਼ਿਆਦਾ ਹੈ। ਇਸ ਲਈ ਕੁਝ ਦਿਨ ਪਹਿਲਾਂ ਉਸ ਦੇ ਸਮਰਥਨ ਦਾ ਦਾਅਵਾ ਟਰੰਪ ਨੇ ਵੀ ਕੀਤਾ ਸੀ ਜੋ ਗ਼ਲਤ ਨਿਕਲਿਆ। ਸਮਰਥਕਾਂ ਵਿਚ ਉਤਸ਼ਾਹ ਜਗਾਉਣ ਦੇ ਨਾਲ ਹੀ ਬੇਯਕੀਨੀ ਵਿਚ ਫਸੇ ਵੋਟਰਾਂ ਨੂੰ ਲੁਭਾਉਣ ਲਈ ਅਗਲੇ ਸੱਤ ਹਫ਼ਤਿਆਂ ਵਿਚ ਵਿਗਿਆਪਨਾਂ ਦੀ ਜੰਗ ਲੜੀ ਜਾਵੇਗੀ।

ਇਸ ਵਿਚ ਤੱਥਾਂ ਦੀ ਘਾਟ ਅਤੇ ਭਾਰਤ ਦੀਆਂ ਆਮ ਚੋਣਾਂ ਵਰਗੀਆਂ ਜਿਵੇਂ ਸੰਵਿਧਾਨ ਖ਼ਤਰੇ ਵਿਚ ਹੈ ਜਾਂ ਮੰਗਲ-ਸੂਤਰ ਖੋਹ ਲਏ ਜਾਣਗੇ, ਵਰਗੀਆਂ ਮਿੱਥਾਂ 'ਤੇ ਆਧਾਰਤ ਗੱਲਾਂ ਜ਼ਿਆਦਾ ਹੋਣਗੀਆਂ। ਇਸ ਚੋਣ ਨੂੰ ਲੈ ਕੇ ਸਭ ਤੋਂ ਵੱਡਾ ਖ਼ਦਸ਼ਾ ਇਸ ਦਾ ਹੈ ਕਿ ਕਾਂਟੇ ਦੀ ਟੱਕਰ ਹੋਣ ਅਤੇ ਟਰੰਪ ਸਮਰਥਕ ਸਰਕਾਰਾਂ ਦੁਆਰਾ ਕਈ ਸੂਬਿਆਂ ਦੇ ਚੋਣ ਨਿਯਮਾਂ ਵਿਚ ਕੀਤੇ ਗਏ ਪਰਿਵਰਤਨਾਂ ਕਾਰਨ ਸਮੇਂ ਸਿਰ ਨਤੀਜਿਆਂ ਦੀ ਘੋਸ਼ਣਾ ਹੋ ਸਕੇਗੀ ਜਾਂ ਨਹੀਂ? ਹੋਣ 'ਤੇ ਵੀ ਕੀ ਉਨ੍ਹਾਂ ਨੂੰ ਸਵੀਕਾਰ ਕੀਤਾ ਜਾਵੇਗਾ ਅਤੇ ਕੀ ਸਮੇਂ ਸਿਰ ਸੱਤਾ ਦਾ ਸ਼ਾਂਤੀਪੂਰਨ ਤਬਾਦਲਾ ਹੋ ਸਕੇਗਾ?

# ਕੁਦਰਤੀ ਖੇਤੀ ਵਾਤਾਵਰਨ ਲਈ ਹੈ ਵਰਦਾਨ



ਡਾ. ਸ. ਸ. ਛੀਨਾ

ਰੋਟੀ, ਕੱਪੜਾ ਤੇ ਮਕਾਨ, ਤਿੰਨਾਂ ਤਰ੍ਹਾਂ ਦੀਆਂ ਲੋੜਾਂ ਦੀ ਪੂਰਤੀ ਖੇਤੀ ਤੋਂ ਹੁੰਦੀ ਹੈ ਜਿਹੜੀ ਕੁਦਰਤੀ ਵਾਤਾਵਰਨ 'ਤੇ ਨਿਰਭਰ ਕਰਦੀ ਹੈ। ਇੱਥੋਂ ਤੱਕ ਕਿ ਫ਼ਸਲਾਂ ਜਾਂ ਵੱਖ-ਵੱਖ ਉਪਜਾਂ ਰੁੱਤਾਂ 'ਤੇ ਨਿਰਭਰ ਕਰਦੀਆਂ ਹਨ। ਧਰਤੀ ਅਤੇ ਪਾਣੀ, ਦੋਵਾਂ ਦੀ ਖੇਤੀ ਉਤਪਾਦਨ ਵਿਚ ਮਹੱਤਤਾ ਹੈ ਪਰ ਭਾਰਤ ਸੁਤੰਤਰਤਾ ਤੋਂ ਬਾਅਦ ਭਾਵੇਂ ਇਕ ਖੇਤੀ ਪ੍ਰਧਾਨ ਦੇਸ਼ ਸੀ ਜਿਸ ਦੀ 75 ਫ਼ੀਸਦੀ ਵਸੋਂ ਖੇਤੀ 'ਤੇ ਨਿਰਭਰ ਕਰਦੀ ਸੀ ਪਰ ਉਹ ਆਪਣੀਆਂ ਅੰਨ ਦੀਆਂ ਲੋੜਾਂ ਦੀ ਪੂਰਤੀ ਵਿਚ ਸਵੈ-ਨਿਰਭਰ ਨਹੀਂ ਸੀ। ਅਨਾਜ ਲੋੜਾਂ ਪੂਰੀਆਂ ਕਰਨ ਲਈ ਜਿੱਥੇ ਵਿਦੇਸ਼ ਤੋਂ ਮਹਿੰਗੀ ਵਿਦੇਸ਼ੀ ਮੁਦਰਾ ਨਾਲ ਅਨਾਜ ਮੰਗਵਾਇਆ ਜਾਂਦਾ ਸੀ ਉੱਥੇ ਹੀ ਉਨ੍ਹਾਂ ਦੇਸ਼ਾਂ ਵੱਲੋਂ ਕਈ ਰਾਜਨੀਤਕ ਸ਼ਰਤਾਂ ਲਾ ਦਿੱਤੀਆਂ ਜਾਂਦੀਆਂ ਸਨ।

ਸੰਨ 1965 ਵਿਚ ਜਦੋਂ ਲਾਲ ਬਹਾਦਰ ਸ਼ਾਸਤਰੀ ਪ੍ਰਧਾਨ ਮੰਤਰੀ ਸਨ ਤਾਂ ਉਨ੍ਹਾਂ ਨੇ ਅਨਾਜ ਦੀ ਆਯਾਤ ਘਟਾਉਣ ਲਈ ਦੇਸ਼ ਭਰ ਵਿਚ ਸੋਮਵਾਰ ਸ਼ਾਮ ਦੇ ਵਰਤ ਰੱਖਣ ਲਈ ਅਪੀਲ ਕੀਤੀ ਜਿਸ ਦਾ ਬਹੁਤ ਚੰਗਾ ਪ੍ਰਭਾਵ ਪਿਆ ਇੱਥੋਂ ਤੱਕ ਕਿ ਸੋਮਵਾਰ ਸ਼ਾਮ ਨੂੰ ਢਾਬੇ ਤੇ ਹੋਟਲਾਂ 'ਚ ਵੀ ਖਾਣਾ ਨਹੀਂ ਸੀ ਮਿਲਦਾ।

ਅੱਜ ਵੀ ਦੇਸ਼ ਦੀ ਵੱਡੀ ਵਸੋਂ ਦੇਸ਼ ਦੇ ਸਾਧਨਾਂ 'ਤੇ ਇਕ ਵੱਡਾ ਭਾਰ ਹੈ। ਦੁਨੀਆ ਦੀ ਕੁੱਲ ਵਸੋਂ ਦੀ 17.6 ਫ਼ੀਸਦੀ ਭਾਰਤ ਵਿਚ ਹੈ ਜਦਕਿ ਖੇਤਰ 2.5 ਫ਼ੀਸਦੀ ਦੇ ਕਰੀਬ ਅਤੇ ਪਾਣੀ ਦੇ ਸਾਧਨ 4 ਫ਼ੀਸਦੀ ਹਨ। ਪਰ ਭਾਰਤ 'ਚ 1968 ਤੋਂ ਬਾਅਦ ਅਨਾਜ ਵਧਾਉਣ ਦੀਆਂ ਕੋਸ਼ਿਸ਼ਾਂ 'ਚ ਬਹੁਤ ਨਵੀਆਂ ਗੱਲਾਂ ਅਪਣਾਈਆਂ ਗਈਆਂ। ਬਿਜਲੀਕਰਨ ਸਦਕਾ ਟਿਊਬਵੈੱਲਾਂ ਨਾਲ ਵੱਧ ਤੋਂ ਵੱਧ ਸਿੰਚਾਈ ਦਾ ਪ੍ਰਬੰਧ ਕੀਤਾ ਗਿਆ ਤੇ 14 ਵੱਡੇ ਵਪਾਰਕ ਬੈਂਕਾਂ ਦਾ ਕੌਮੀਕਰਨ ਕਰ ਕੇ ਉਨ੍ਹਾਂ ਨੂੰ ਕਿਰਸਾਨੀ ਲਈ ਖ਼ਾਸ ਤੌਰ 'ਤੇ ਸਸਤੀਆਂ ਦਰਾਂ 'ਤੇ ਕਰਜ਼ੇ ਦੇਣ ਦੀਆਂ ਹਦਾਇਤਾਂ ਦਿੱਤੀਆਂ ਗਈਆਂ।

ਸਰਕਾਰ ਵੱਲੋਂ ਕਣਕ ਅਤੇ ਝੋਨੇ ਦੀਆਂ ਫ਼ਸਲਾਂ ਦੀਆਂ ਸਮਰਥਨ ਕੀਮਤਾਂ ਘੋਸ਼ਿਤ ਕਰ ਕੇ ਆਪ ਖ਼ਰੀਦਣ ਦਾ ਪ੍ਰਬੰਧ ਕੀਤਾ ਗਿਆ ਅਤੇ ਇਸ ਨਾਲ ਕਣਕ ਅਤੇ ਝੋਨੇ ਦਾ ਉਤਪਾਦਨ ਇੰਨਾ ਵਧਿਆ ਕਿ ਭਾਰਤ ਖ਼ੁਰਾਕ ਆਯਾਤ ਕਰਨ ਵਾਲੇ ਦੇਸ਼ ਤੋਂ ਬਦਲ ਕੇ ਖ਼ੁਰਾਕ ਨਿਰਯਾਤ ਕਰਨ ਵਾਲਾ ਦੇਸ਼ ਬਣ ਗਿਆ।

ਪਰ ਇਸ ਹੋਏ ਹਰੇ ਇਨਕਲਾਬ ਦੀ ਉਪਜ 'ਚ ਵਾਧਾ ਖਾਦਾਂ ਦੀ ਵੱਧ ਤੋਂ ਵੱਧ ਵਰਤੋਂ ਕਰਕੇ ਹੋਇਆ। ਪਹਿਲਾਂ ਰਸਾਇਣਿਕ ਖਾਦਾਂ ਦੀ ਵੱਧ ਤੋਂ ਵੱਧ ਵਰਤੋਂ ਨਹੀਂ ਸੀ ਹੋ ਰਹੀ। ਉਸ ਦੀ ਇਕ ਵੱਡੀ ਵਜ੍ਹਾ ਇਹ ਵੀ ਸੀ ਕਿ ਸਿੰਚਾਈ ਦੀ ਵੱਡੀ ਮਾਤਰਾ 'ਚ ਲੋੜ ਸੀ ਜਿਹੜੀ ਹੁਣ ਟਿਊਬਵੈੱਲਾਂ ਨੇ ਪੂਰੀ ਕਰ ਦਿੱਤੀ। ਰਸਾਇਣਿਕ ਖਾਦਾਂ ਉਨ੍ਹਾਂ ਖੇਤਰਾਂ 'ਚ ਹੀ ਜ਼ਿਆਦਾ ਵਰਤੀਆਂ ਗਈਆਂ ਜਿਨ੍ਹਾਂ ਵਿਚ ਪਾਣੀ ਜ਼ਿਆਦਾ ਉਪਲਬਧ ਸੀ।

ਪੰਜਾਬ, ਹਰਿਆਣਾ ਅਤੇ ਯੂਪੀ ਉਹ ਤਿੰਨ ਪ੍ਰਾਂਤ ਸਨ ਜਿੱਥੇ ਪਾਣੀ ਧਰਤੀ ਤੋਂ 7/8 ਫੁੱਟ ਨੀਵਾਂ ਮਿਲ ਜਾਂਦਾ ਸੀ। ਇਨ੍ਹਾਂ ਖੇਤਰਾਂ ਵਿਚ ਧੜਾਧੜ ਟਿਊਬਵੈੱਲ ਲੱਗਣੇ ਸ਼ੁਰੂ ਹੋ ਗਏ। ਪੰਜਾਬ 'ਚ ਜਿੱਥੇ 1960 ਤੱਕ ਮਸਾਂ 7000 ਟਿਊਬਵੈੱਲ ਲੱਗੇ ਸਨ, ਹੁਣ ਉੱਥੇ ਲਗਪਗ 14.5 ਲੱਖ ਟਿਊਬਵੈੱਲ ਹੋ ਗਏ ਹਨ। ਬਿਜਲੀਕਰਨ ਵਧਣ ਅਤੇ ਖ਼ਾਸ ਕਰਕੇ 1997 ਤੋਂ ਬਾਅਦ ਖੇਤੀ ਲਈ ਬਿਜਲੀ ਮੁਫ਼ਤ ਕਰਨ ਕਰਕੇ ਇਨ੍ਹਾਂ ਟਿਊਬਵੈੱਲਾਂ ਨੇ ਬੇਤਹਾਸ਼ਾ ਪਾਣੀ ਧਰਤੀ ਵਿੱਚੋਂ ਕੱਢਣਾ ਸ਼ੁਰੂ ਕਰ ਦਿੱਤਾ ਅਤੇ ਇੱਥੋਂ ਤੱਕ ਕਿ ਪਾਣੀ ਦੀ ਯੋਗ ਲੋੜ ਤੋਂ ਕਿਤੇ ਵੱਧ ਪਾਣੀ ਕੱਢਣਾ ਸ਼ੁਰੂ ਹੋ ਗਿਆ। ਇਸ ਲਈ ਜਿੱਥੇ ਪਾਣੀ ਦਾ ਪੱਧਰ ਜਿਹੜਾ 8/10 ਫੁੱਟ 'ਤੇ ਸੀ, ਉਹ ਹੁਣ ਜ਼ਿਆਦਾ ਥਾਵਾਂ 'ਤੇ 150 ਫੁੱਟ ਤੋਂ ਵੀ ਹੇਠਾਂ ਚਲਾ ਗਿਆ ਜਿਸ ਕਾਰਨ ਵਾਤਾਵਰਨ ਦਾ ਵਿਗਾੜ ਸ਼ੁਰੂ ਹੋ ਗਿਆ। ਵਾਤਾਵਰਨ ਦਾ ਵਿਗਾੜ ਦੋ ਕਾਰਨਾਂ ਕਰਕੇ ਹੋਇਆ। ਇਕ ਰਸਾਇਣਾਂ ਦੀ ਜ਼ਿਆਦਾ ਵਰਤੋਂ ਅਤੇ ਦੂਸਰਾ, ਪਾਣੀ ਦਾ ਪੱਧਰ ਬਹੁਤ ਹੇਠਾਂ ਚਲੇ ਜਾਣਾ। ਰਸਾਇਣਾਂ ਦੀ ਵਰਤੋਂ ਨਾਲ ਬੇਸ਼ੱਕ ਉਪਜ ਵਿਚ ਤਾਂ ਵਾਧਾ ਹੁੰਦਾ ਹੈ ਪਰ ਇਹ ਧਰਤੀ ਦੀ ਉਪਜਾਊ ਸ਼ਕਤੀ ਦੀ ਲਾਗਤ 'ਤੇ ਹੁੰਦਾ ਹੈ। ਧਰਤੀ ਦੀ ਉਪਜਾਊ ਸ਼ਕਤੀ ਰਸਾਇਣਾਂ ਦੀ ਵਰਤੋਂ ਨਾਲ ਘਟਦੀ ਜਾਂਦੀ ਹੈ।

ਜੇ ਪਹਿਲੇ ਸਾਲ ਇਕ ਇਕਾਈ ਉਪਜ ਲੈਣ ਲਈ 4 ਬੋਰੀਆਂ ਰਸਾਇਣਾਂ ਦੀਆਂ ਵਰਤੀਆਂ ਸਨ ਤਾਂ ਅਗਲੇ ਸਾਲ 5 ਵਰਤਣੀਆਂ ਪੈਣਗੀਆਂ। ਓਨੀ ਹੀ ਉਪਜ ਲੈਣ ਲਈ ਅਗਲੇ ਸਾਲ 5 ਨਹੀਂ ਸਗੋਂ 6 ਬੋਰੀਆਂ ਵਰਤਣੀਆਂ ਪੈਣਗੀਆਂ ਤੇ ਇੰਜ ਇਹ ਮਾਤਰਾ ਹਰ ਸਾਲ ਵਧਦੀ ਜਾਵੇਗੀ ਤਾਂ ਅੰਦਾਜ਼ਾ ਲਾ ਲਓ ਕਿ ਫਿਰ ਇਸ ਦਾ ਅੰਤ ਕਿੱਥੇ ਹੋਵੇਗਾ। ਦੂਸਰੀ ਤਰਫ਼ ਇਨ੍ਹਾਂ ਰਸਾਇਣਾਂ ਦੇ ਜ਼ਹਿਰ ਪਹਿਲਾਂ ਹਵਾ, ਫਿਰ ਪਾਣੀ ਅਤੇ ਮਗਰੋਂ ਧਰਤੀ ਵਿਚ ਅਤੇ ਫਿਰ ਖ਼ੁਰਾਕ 'ਚ ਸ਼ਾਮਲ ਹੋ ਜਾਣਗੇ ਜਿਹੜੇ ਕਈ ਕਿਸਮ ਦੀਆਂ ਸਮੱਸਿਆਵਾਂ ਪੈਦਾ ਕਰ ਦੇਣਗੇ।

ਅੱਜ-ਕੱਲ੍ਹ ਇਨ੍ਹਾਂ ਰਸਾਇਣਾਂ ਕਰਕੇ ਕੁਦਰਤੀ ਵਾਤਾਵਰਨ 'ਚ ਵੱਡਾ ਵਿਗਾੜ ਪੈ ਗਿਆ ਹੈ। ਜਿਨ੍ਹਾਂ ਖੇਤਾਂ 'ਚ ਇਹ ਰਸਾਇਣ ਵਰਤੇ ਜਾਂਦੇ ਹਨ, ਉਨ੍ਹਾਂ ਨੂੰ ਤਾਂ ਪ੍ਰਭਾਵਿਤ ਕਰਦੇ ਹੀ ਹਨ, ਇਹ ਨਾਲ ਲੱਗਦੇ ਖੇਤਾਂ ਨੂੰ ਵੀ ਪ੍ਰਭਾਵਿਤ ਕਰਦੇ ਹਨ। ਇਹੋ ਵਜ੍ਹਾ ਹੈ ਕਿ ਇਸ ਨੇ ਜੈਵਿਕ ਜਾਂ ਕੁਦਰਤੀ ਖੇਤੀ ਕਰਨ 'ਚ ਵੀ ਕਈ ਰੁਕਾਵਟਾਂ ਪਾ ਦਿੱਤੀਆਂ ਹਨ। ਪਾਣੀ ਜਿਹੜਾ 7/8 ਫੁੱਟ ਦੀ ਡੂੰਘਾਈ 'ਤੇ ਮਿਲਦਾ ਸੀ, ਉਸ ਲਈ ਧਰਤੀ ਦੇ ਉੱਪਰ ਬਿਜਲੀ ਦੀਆਂ ਮੋਟਰਾਂ ਲਾਈਆਂ ਜਾਂਦੀਆਂ ਸਨ ਪਰ 1980 ਤੋਂ ਬਾਅਦ ਧਰਤੀ 'ਤੇ ਲਾਈਆਂ ਮੋਟਰਾਂ ਪਾਣੀ ਨਹੀਂ ਸਨ ਕੱਢ ਸਕਦੀਆਂ। ਇਸ ਲਈ ਇਕ ਟੋਆ ਪੁੱਟ ਕੇ ਧਰਤੀ ਦੇ ਹੇਠਾਂ ਖੂਹੀ ਜਿਹੀ ਬਣਾ ਕੇ ਮੋਟਰਾਂ ਲਾਈਆਂ ਜਾਂਦੀਆਂ ਸਨ। ਉਹ ਤਾਂ ਹੀ ਪਾਣੀ ਕੱਢ ਸਕਦੀਆਂ ਸਨ ਕਿਉਂਕਿ ਇਹ ਪਾਣੀ ਦੀ ਦੂਸਰੀ ਪਰਤ ਸੀ। ਫਿਰ ਇਸ ਪਰਤ ਤੋਂ ਵੀ ਪਾਣੀ ਖ਼ਤਮ ਹੋ ਗਿਆ। ਤਾਂ ਫਿਰ ਪਾਣੀ ਕੱਢਣ ਲਈ ਸਬਮਰਸੀਬਲ ਪੰਪ ਲਾਏ ਜਾ ਰਹੇ ਹਨ ਤਾਂ ਕਿ ਪਾਣੀ ਕੱਢਿਆ ਜਾ ਸਕੇ। ਜੇ ਇਸ ਹਿਸਾਬ ਨਾਲ ਪਾਣੀ ਕੱਢਣਾ ਜਾਰੀ ਰਿਹਾ ਤਾਂ ਇਸ ਪਰਤ 'ਚੋਂ ਵੀ ਪਾਣੀ ਖ਼ਤਮ ਹੋ ਜਾਵੇਗਾ। ਫਿਰ ਕੀ ਬਣੇਗਾ? ਇਸ ਦਾ ਖ਼ਿਆਲ ਕਰਨ 'ਤੇ ਵੀ ਡਰ ਲੱਗਦਾ ਹੈ। ਇਸ ਲਈ ਲੋੜ ਹੈ ਕਿ ਬਗ਼ੈਰ ਦੇਰ ਕੀਤਿਆਂ ਇਸ ਮਸਲੇ ਦਾ ਹੱਲ ਕੱਢਿਆ ਜਾਵੇ।

ਰਸਾਇਣਾਂ ਦੀ ਵਰਤੋਂ ਅਨਾਜ ਦੀ ਉਪਜ ਬਣਾਈ ਰੱਖਣ ਜਾਂ ਵਧਾਉਣ ਲਈ ਕੀਤੀ ਜਾਂਦੀ ਹੈ। ਜੇ ਰਸਾਇਣਾਂ ਦੇ ਬਦਲ ਵਜੋਂ ਜੈਵਿਕ ਖਾਦਾਂ ਅਤੇ ਹੋਰ ਖਾਦਾਂ ਤੇ ਪਦਾਰਥਾਂ ਨਾਲ ਉਪਜ ਵਧਾਈ ਜਾ ਸਕੇ ਜਾਂ ਖੇਤੀ ਢੰਗਾਂ ਵਿਚ ਤਬਦੀਲੀ ਕਰ ਕੇ ਜੈਵਿਕ ਫ਼ਸਲਾਂ ਨਾਲ ਵੀ ਓਨੀ ਹੀ ਉਪਜ ਹੋ ਜਾਵੇ ਤਾਂ ਰਸਾਇਣਾਂ ਦੀ ਲੋੜ ਖ਼ਤਮ ਹੋ ਜਾਵੇਗੀ ਜੋ ਵਾਤਾਵਰਨ ਦੇ ਵਿਗਾੜ ਦਾ ਮੁੱਖ ਕਾਰਨ ਹੈ। ਇਸ ਸਬੰਧੀ ਸਰਕਾਰ ਦੀ ਸਰਪ੍ਰਸਤੀ ਦੀ ਲੋੜ ਹੈ।

ਜਿੰਨੀ ਮਿਹਨਤ ਅਤੇ ਲਗਨ ਨਾਲ ਨਵੇਂ ਬੀਜਾਂ, ਰਸਾਇਣਾਂ ਅਤੇ ਖੇਤੀ ਢੰਗਾਂ ਲਈ ਖੇਤੀ ਯੂਨੀਵਰਸਿਟੀਆਂ ਅਤੇ ਖੇਤੀ ਖੋਜ ਕੇਂਦਰਾਂ ਨੇ ਖੋਜ ਕੀਤੀ ਸੀ ਜਿਸ ਕਰਕੇ ਇੰਨੀ ਉਪਜ ਦੇ ਸਿੱਟੇ ਮਿਲੇ ਸਨ, ਓਨੀ ਹੀ ਲਗਨ ਨਾਲ ਜੈਵਿਕ ਖਾਦਾਂ ਅਤੇ ਉਪਜ ਢੰਗਾਂ ਲਈ ਖੋਜ ਹੋਣੀ ਚਾਹੀਦੀ ਹੈ। ਇਹ ਗੱਲ ਵੇਖੀ ਗਈ ਹੈ ਕਿ ਕੁਝ ਕੁਦਰਤੀ ਫਾਰਮਾਂ 'ਤੇ ਰਸਾਇਣਿਕ ਫਾਰਮਾਂ ਨਾਲੋਂ ਵੱਧ ਉਪਜ ਲਈ ਜਾ ਰਹੀ ਹੈ ਜਿਸ ਤਰ੍ਹਾਂ ਪਿੰਗਲਵਾੜਾ ਸੰਸਥਾ ਵੱਲੋਂ ਚਲਾਇਆ ਜਾਂਦਾ ਜੰਡਿਆਲੇ ਦੇ ਨਜ਼ਦੀਕ ਫਾਰਮ ਅਤੇ ਹੋਰ ਜ਼ਿਲ੍ਹਿਆਂ ਵਿਚ ਕੁਝ ਹੋਰ ਫਾਰਮ ਹਨ।

ਇਕ ਹੋਰ ਗੱਲ ਵੇਖੀ ਗਈ ਹੈ ਕਿ ਖੇਤੀ ਜੈਵਿਕ ਹੋਣ ਸਬੰਧੀ ਕੁਝ ਗ਼ਲਤ-ਫਹਿਮੀਆਂ ਵੀ ਹਨ। ਕੁਝ ਸਾਲ ਪਹਿਲਾਂ ਇੰਡੀਅਨ ਕੌਂਸਲ ਆਫ ਸੋਸ਼ਲ ਸਾਇੰਸਿਜ਼ ਨਵੀ ਦਿੱਲੀ ਵੱਲੋਂ ਮੈਨੂੰ ਪੰਜਾਬ ਵਿਚ ਜੈਵਿਕ ਅਤੇ ਰਸਾਇਣਿਕ ਫਾਰਮਾਂ ਦੇ ਮੁਕਾਬਲੇ ਦਾ ਇਕ ਪ੍ਰਾਜੈਕਟ ਦਿੱਤਾ ਗਿਆ ਸੀ। ਮੈਂ ਕੁਝ ਅਜਿਹੇ ਫਾਰਮਾਂ 'ਤੇ ਵੀ ਗਿਆ ਜਿਨ੍ਹਾਂ ਨੇ ਛੋਟੇ ਪੋਲਟਰੀ ਫਾਰਮ ਵੀ ਬਣਾਏ ਹੋਏ ਸਨ। ਮੈਂ ਖ਼ਾਸ ਤੌਰ 'ਤੇ ਨੋਟ ਕੀਤਾ ਕਿ ਉਨ੍ਹਾਂ ਫਾਰਮਾਂ 'ਤੇ ਆਲੂ 150 ਕੁਇੰਟਲ ਤੋਂ ਵੱਧ ਇਕ ਏਕੜ ਵਿੱਚੋਂ ਲਏ ਜਾਂਦੇ ਸਨ ਜਦਕਿ ਰਸਾਇਣਿਕ ਫਾਰਮਾਂ ਵਿਚ ਇਹ ਉਪਜ 100 ਕੁਇੰਟਲ ਸੀ। ਇਸ ਤਰ੍ਹਾਂ ਹੀ ਉਸ ਪੋਲਟਰੀ ਦੀ ਖਾਦ ਨਾਲ ਉਹ 400 ਕੁਇੰਟਲ ਪ੍ਰਤੀ ਏਕੜ ਗੰਨੇ ਦੀ ਉਪਜ ਕਰ ਰਹੇ ਸਨ ਜਦਕਿ ਰਸਾਇਣਿਕ ਫਾਰਮਾਂ 'ਤੇ ਵੱਧ ਤੋਂ ਵੱਧ 300 ਕੁਇੰਟਲ ਗੰਨਾ ਹੁੰਦਾ ਸੀ। ਪਰ ਜਦ ਮੈਂ ਖੇਤੀਬਾੜੀ ਯੂਨੀਵਰਸਿਟੀ ਦੇ ਡਾਇਰੈਕਟਰ ਐਕਸਟੈਨਸ਼ਨ ਜਿਨ੍ਹਾਂ ਨੇ ਚੰਗੀ ਖੋਜ ਨੂੰ ਅੱਗੇ ਕਿਸਾਨਾਂ ਤੱਕ ਪਹੁੰਚਾਉਣਾ ਸੀ, ਨਾਲ ਗੱਲ ਕੀਤੀ ਤਾਂ ਉਸ ਦਾ ਜਵਾਬ ਸੀ ਕਿ ਮੁਰਗੀਆਂ ਨੂੰ ਟੀਕੇ ਲੱਗਦੇ ਹਨ। ਇਸ ਲਈ ਉਹ ਖਾਦ ਜੈਵਿਕ ਰਹਿੰਦੀ ਹੀ ਨਹੀਂ ਪਰ ਮੈਂ ਸਮਝਦਾ ਹਾਂ ਕਿ ਕਈ ਮਹੀਨੇ ਮੀਂਹ, ਧੁੱਪ ਵਿਚ ਪਈਆਂ ਮੁਰਗੀਆਂ ਦੀਆਂ ਵਿੱਠਾਂ ਦੀ ਖਾਦ ਇੰਨੀ ਜ਼ਹਿਰੀਲੀ ਨਹੀਂ ਰਹਿੰਦੀ।

# ਕੀ ਕਾਂਗਰਸ ਨੂੰ ਵੱਖਰੇ ਰਾਹ ’ਤੇ ਤੋਰ ਰਹੇ ਨੇ ਰਾਹੁਲ ਗਾਂਧੀ

ਸੰਜੇ ਗੁਪਤ




ਰਾਹੁਲ ਗਾਂਧੀ ਨੇ ਆਪਣੇ ਅਮਰੀਕਾ ਦੌਰੇ ਦੌਰਾਨ ਜੋ ਬਿਆਨ ਦਿੱਤੇ, ਉਨ੍ਹਾਂ ਨੂੰ ਲੈ ਕੇ ਭਾਰਤ ਵਿਚ ਵਿਵਾਦ ਹੋਣਾ ਹੀ ਸੀ ਅਤੇ ਉਹ ਹੋਇਆ ਵੀ। ਉਨ੍ਹਾਂ ਦੇ ਇਸ ਬਿਆਨ ’ਤੇ ਸਭ ਤੋਂ ਵੱਧ ਇਤਰਾਜ਼ ਜ਼ਾਹਰ ਕੀਤਾ ਗਿਆ ਕਿ ਭਾਰਤ ਵਿਚ ਲੜਾਈ ਇਸ ਦੀ ਹੈ ਕਿ ਸਿੱਖ ਪੱਗੜੀ, ਕੜਾ ਧਾਰਨ ਕਰ ਸਕਣਗੇ ਜਾਂ ਨਹੀਂ ਅਤੇ ਗੁਰਦੁਆਰੇ ਜਾ ਸਕਣਗੇ ਜਾਂ ਨਹੀਂ? ਉਨ੍ਹਾਂ ਨੇ ਇਹ ਗੱਲ ਆਪਣੇ ਪ੍ਰੋਗਰਾਮ ਵਿਚ ਮੌਜੂਦ ਇਕ ਸਿੱਖ ਪੱਤਰਕਾਰ ਭਲਿੰਦਰ ਸਿੰਘ ਵਿਰਮਾਨੀ ਦਾ ਨਾਂ ਪੁੱਛਣ ਤੋਂ ਬਾਅਦ ਆਖੀ।

ਭਾਜਪਾ ਨੇਤਾਵਾਂ ਨੇ ਤਾਂ ਇਸ ਦਾ ਜ਼ੋਰਦਾਰ ਵਿਰੋਧ ਕੀਤਾ ਹੀ, ਖ਼ੁਦ ਭਲਿੰਦਰ ਸਿੰਘ ਅਤੇ ਹੋਰ ਸਿੱਖਾਂ ਨੇ ਵੀ ਉਸ ’ਤੇ ਇਤਰਾਜ਼ ਪ੍ਰਗਟਾਇਆ। ਇਹ ਇਸ ਲਈ ਜ਼ਾਹਰ ਕੀਤਾ ਗਿਆ ਕਿਉਂਕਿ ਇਹ ਬਿਆਨ ਅਸਲ ਵਿਚ ਉਕਸਾਵੇ ਅਤੇ ਆਪਣੇ ਰਾਜਨੀਤਕ ਸਵਾਰਥ ਲਈ ਲੋਕਾਂ ਨੂੰ ਲੜਾਉਣ-ਭਿੜਾਉਣ ਵਾਲਾ ਹੈ।

ਭਾਰਤ ਵਿਚ ਉਹੋ ਜਿਹਾ ਕੁਝ ਵੀ ਨਹੀਂ ਹੈ ਜਿਸ ਦੀ ਸ਼ੰਕਾ ਰਾਹੁਲ ਗਾਂਧੀ ਜ਼ਾਹਰ ਕਰ ਰਹੇ ਹਨ। ਕੀ ਕੋਈ ਹੋਰ ਇੱਥੋਂ ਤੱਕ ਕਿ ਸਿੱਖ ਇਹ ਕਹਿ ਸਕਦੇ ਹਨ ਕਿ ਕਿਸੇ ਸਿੱਖ ਨੂੰ ਪੱਗੜੀ, ਕੜਾ ਧਾਰਨ ਕਰਨ ਜਾਂ ਫਿਰ ਗੁਰਦੁਆਰੇ ਜਾਣ ਤੋਂ ਰੋਕਿਆ ਜਾ ਰਿਹਾ ਹੈ ਜਾਂ ਫਿਰ ਅਜਿਹਾ ਕੁਝ ਹੋਣ ਦਾ ਖ਼ਦਸ਼ਾ ਦਿਸ ਰਿਹਾ ਹੈ। ‘ਤੋਲ-ਮੋਲ ਕੇ ਬੋਲ’ ਸਾਡੀ ਲੋਕ-ਸਿਆਣਪ ਦਾ ਹਿੱਸਾ ਹੈ। ਰਾਹੁਲ ਗਾਂਧੀ ਨੇ ਸਿਆਸਤ ਵਿਚ ਲੰਬਾ ਸਫ਼ਰ ਤੈਅ ਕਰ ਲਿਆ ਹੈ। ਸੰਵੇਦਨਸ਼ੀਲ ਮੁੱਦਿਆਂ ’ਤੇ ਬੋਲਣ ਤੋਂ ਪਹਿਲਾਂ ਉਨ੍ਹਾਂ ਨੂੰ ਹਜ਼ਾਰ ਵਾਰ ਸੋਚਣਾ ਚਾਹੀਦਾ ਹੈ। ਆਪਣੀ ਜ਼ੁਬਾਨ ’ਚੋਂ ਅਜਿਹੇ ਸ਼ਬਦ ਕਦੇ ਨਹੀਂ ਕੱਢਣੇ ਚਾਹੀਦੇ ਜਿਨ੍ਹਾਂ ਨਾਲ ਸਮਾਜ ਵਿਚ ਕੋਈ ਤਰੇੜ ਪਵੇ। ਰਾਹੁਲ ਗਾਂਧੀ ਦਾ ਸਿੱਖਾਂ ਨੂੰ ਲੈ ਕੇ ਦਿੱਤਾ ਗਿਆ ਬਿਆਨ ਕਿੰਨਾ ਭੜਕਾਊ ਹੈ, ਇਸ ਨੂੰ ਇਸ ਤੋਂ ਸਮਝਿਆ ਜਾ ਸਕਦਾ ਹੈ ਕਿ ਖ਼ਾਲਿਸਤਾਨੀ ਅੱਤਵਾਦੀ ਗੁਰਪਤਵੰਤ ਸਿੰਘ ਪੰਨੂ ਨੇ ਉਨ੍ਹਾਂ ਦੇ ਕਹੇ ਨੂੰ ਦਰੁਸਤ ਕਰਾਰ ਦਿੱਤਾ। ਇਕ ਤਰ੍ਹਾਂ ਨਾਲ ਰਾਹੁਲ ਨੇ ਖ਼ਾਲਿਸਤਾਨੀ ਅੱਤਵਾਦੀਆਂ ਦਾ ਹੀ ਕੰਮ ਆਸਾਨ ਕੀਤਾ।

ਇਹ ਤੈਅ ਹੈ ਕਿ ਹੁਣ ਉਹ ਉਨ੍ਹਾਂ ਦੇ ਬਿਆਨ ਦਾ ਸਹਾਰਾ ਲੈ ਕੇ ਭਾਰਤ ਵਿਰੁੱਧ ਹੋਰ ਜ਼ਿਆਦਾ ਕੂੜ-ਪ੍ਰਚਾਰ ਕਰਨਗੇ ਪਰ ਰਾਹੁਲ ਗਾਂਧੀ ਦੇ ਵਤੀਰੇ ਤੋਂ ਇਹ ਸਾਫ਼ ਹੈ ਕਿ ਉਨ੍ਹਾਂ ’ਤੇ ਇਸ ਦਾ ਕੋਈ ਫ਼ਰਕ ਨਹੀਂ ਪੈ ਰਿਹਾ ਹੈ ਅਤੇ ਉਹ ਇਸ ’ਤੇ ਗ਼ੌਰ ਕਰਨ ਨੂੰ ਤਿਆਰ ਨਹੀਂ ਕਿ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦਿੱਲੀ ਅਤੇ ਦੇਸ਼ ਦੇ ਕੁਝ ਹੋਰ ਸ਼ਹਿਰਾਂ ਵਿਚ ਸਿੱਖਾਂ ਖ਼ਿਲਾਫ਼ ਜੋ ਭਿਆਨਕ ਦੰਗੇ ਹੋਏ, ਉਨ੍ਹਾਂ ਨੂੰ ਰੋਕਣ ਲਈ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਕੁਝ ਨਹੀਂ ਕੀਤਾ ਸੀ ਅਤੇ ਉਲਟਾ ਇਹ ਕਿਹਾ ਸੀ ਕਿ ਜਦ ਕੋਈ ਵੱਡਾ ਰੁੱਖ ਡਿੱਗਦਾ ਹੈ ਤਾਂ ਧਰਤੀ ਹਿੱਲਦੀ ਹੈ। ਅਸਲ ਵਿਚ ਇਹੀ ਉਹ ਦੌਰ ਸੀ ਜਦ ਸਿੱਖ ਆਪਣੀ ਸੁਰੱਖਿਆ ਨੂੰ ਲੈ ਕੇ ਸ਼ੰਕਾ ਵਿਚ ਸਨ। ਰਾਹੁਲ ਇਸ ਦਾ ਨੋਟਿਸ ਲੈਣ ਨੂੰ ਵੀ ਤਿਆਰ ਨਹੀਂ ਦਿਸ ਰਹੇ ਕਿ ਇੰਦਰਾ ਗਾਂਧੀ ਨੇ ਭਿੰਡਰਾਂਵਾਲੇ ਨੂੰ ਖੜ੍ਹਾ ਕਰਨ ਦਾ ਜੋ ਕੰਮ ਕੀਤਾ,



ਉਸ ਦੇ ਦੇਸ਼ ਨੂੰ ਭਿਆਨਕ ਨਤੀਜੇ ਭੋਗਣੇ ਪਏ। ਉਹ ਪੰਜਾਬ ਦੇ ਸਬੰਧ ਵਿਚ ਇੰਦਰਾ ਗਾਂਧੀ ਦੀਆਂ ਇਤਿਹਾਸਕ ਭੁੱਲਾਂ ਦੀ ਅਣਦੇਖੀ ਹੀ ਨਹੀਂ ਕਰ ਰਹੇ ਹਨ ਬਲਕਿ ਖ਼ਾਲਿਸਤਾਨ ਪੱਖੀਆਂ ਨੂੰ ਰਾਸ ਆਉਣ ਵਾਲੇ ਬਿਆਨ ਵੀ ਦੇ ਰਹੇ ਹਨ। ਕਾਂਗਰਸ ਨੇ ਅਮਰੀਕਾ ਵਿਚ ਰਾਹੁਲ ਗਾਂਧੀ ਵੱਲੋਂ ਸਿੱਖਾਂ ਨੂੰ ਲੈ ਕੇ ਦਿੱਤੇ ਗਏ ਬਿਆਨ ਨੂੰ ਸਹੀ ਸਾਬਿਤ ਕਰਨ ਲਈ ਪੰਜਾਬ ਦੇ ਆਪਣੇ ਨੇਤਾਵਾਂ ਪ੍ਰਤਾਪ ਸਿੰਘ ਬਾਜਵਾ ਤੇ ਚਰਨਜੀਤ ਸਿੰਘ ਚੰਨੀ ਨੂੰ ਜਿਸ ਤਰ੍ਹਾਂ ਮੈਦਾਨ ਵਿਚ ਉਤਾਰਿਆ, ਉਸ ਤੋਂ ਇਹੀ ਪਤਾ ਲੱਗਦਾ ਹੈ ਕਿ ਰਾਹੁਲ ਦੀ ਅਗਵਾਈ ਵਿਚ ਪਾਰਟੀ ਇਹ ਦਰਸਾਉਣਾ ਚਾਹੁੰਦੀ ਹੈ ਕਿ ਉਸ ਨੂੰ ਕਾਂਗਰਸ ਦੀਆਂ ਇਤਿਹਾਸਕ ਭੁੱਲਾਂ ਨਾਲ ਮਤਲਬ ਨਹੀਂ।

ਸ਼ਾਇਦ ਇਸੇ ਲਈ ਇਨ੍ਹਾਂ ਦੋਵਾਂ ਨੇਤਾਵਾਂ ਤੋਂ ਇਹ ਵੀ ਕਹਾਇਆ ਗਿਆ ਕਿ ਆਪ੍ਰੇਸ਼ਨ ਬਲਿਊ ਸਟਾਰ ਵਿਚ ਭਾਜਪਾ ਤੇ ਆਰਐੱਸਐੱਸ ਦਾ ਹੱਥ ਸੀ। ਇਹ ਸਿਰਫ਼ ਖ਼ਤਰਨਾਕ ਮਾਹੌਲ ਸਿਰਜਣ ਵਾਲਾ ਹੀ ਨਹੀਂ ਬਲਕਿ ਲੋਕਾਂ ਨੂੰ ਭਰਮਾਉਣ ਵਾਲਾ ਝੂਠ ਹੈ ਪਰ ਸ਼ਾਇਦ ਰਾਹੁਲ ਗਾਂਧੀ ਕਾਂਗਰਸ ਨੂੰ ਅਲੱਗ ਰਾਹ ’ਤੇ ਲੈ ਕੇ ਜਾਣ ਲਈ ਛਲ-ਕਪਟ ਦਾ ਸਹਾਰਾ ਲੈਣ ਵਿਚ ਵੀ ਝਿਜਕ ਨਹੀਂ ਦਿਖਾ ਰਹੇ ਹਨ। ਹੈਰਾਨੀ ਨਹੀਂ ਕਿ ਇਸੇ ਕਾਰਨ ਅਮਰੀਕਾ ਵਿਚ ਉਨ੍ਹਾਂ ਨੇ ਇਹ ਵੀ ਕਿਹਾ ਕਿ ਭਾਰਤ ਵਿਚ ਤਾਮਿਲ, ਤੇਲਗੂ ਆਦਿ ਭਾਸ਼ਾਵਾਂ ਬੋਲਣ ਵਾਲਿਆਂ ਨੂੰ ਇਹ ਕਿਹਾ ਜਾ ਰਿਹਾ ਹੈ ਕਿ ਉਨ੍ਹਾਂ ਦੀ ਭਾਸ਼ਾ, ਸੰਸਕ੍ਰਿਤੀ ਤੇ ਖਾਣਾ-ਪੀਣਾ ਘਟੀਆ ਹੈ।

ਰਾਹੁਲ ਗਾਂਧੀ ਨੇ ਅਮਰੀਕਾ ’ਚ ਆਪਣੇ ਜਾਣੇ-ਪਛਾਣੇ ਅੰਦਾਜ਼ ’ਚ ਇਹ ਵੀ ਕਿਹਾ ਕਿ ਚੀਨ ਨੇ ਭਾਰਤ ਦੀ ਸੈਂਕੜੇ ਕਿੱਲੋਮੀਟਰ ਜ਼ਮੀਨ ’ਤੇ ਕਬਜ਼ਾ ਕੀਤਾ ਹੋਇਆ ਹੈ ਅਤੇ ਪ੍ਰਧਾਨ ਮੰਤਰੀ ਮੋਦੀ ਉਸ ਨਾਲ ਨਜਿੱਠ ਨਹੀਂ ਪਾ ਰਹੇ। ਉਹ ਇਹ ਗੱਲ ਪਤਾ ਨਹੀਂ ਕਦੋਂ ਤੋਂ ਦੁਹਰਾਈ ਜਾ ਰਹੇ ਹਨ। ਸਾਫ਼ ਹੈ ਕਿ ਉਹ ਇਹ ਭੁੱਲਣਾ ਪਸੰਦ ਕਰ ਰਹੇ ਹਨ ਕਿ ਚੀਨ ਨੇ ਭਾਰਤ ਦੀ ਜ਼ਮੀਨ ’ਤੇ ਉਸ ਸਮੇਂ ਕਬਜ਼ਾ ਕੀਤਾ ਸੀ ਜਦੋਂ ਕਾਂਗਰਸ ਸੱਤਾ ’ਚ ਸੀ। ਚੀਨ ਪ੍ਰਤੀ ਜਵਾਹਰਲਾਲ ਨਹਿਰੂ ਦੀ ਨਰਮ ਨੀਤੀ ਦੇ ਨਤੀਜਿਆਂ ਦੀ ਅਣਦੇਖੀ ਕਰ ਕੇ ਰਾਹੁਲ ਗਾਂਧੀ ਇਹੀ ਸਾਬਿਤ ਕਰ ਰਹੇ ਹਨ ਕਿ ਨਹਿਰੂ ਜੀ ਨੇ ਜੋ ਵੱਡੀ ਭੁੱਲ ਕੀਤੀ ਸੀ, ਉਸ ਨਾਲ ਉਨ੍ਹਾਂ ਨੂੰ ਕੋਈ ਮਤਲਬ ਹੀ ਨਹੀਂ। ਰਾਹੁਲ ਨੇ ਅਮਰੀਕਾ ’ਚ ਇਹ ਵੀ ਕਿਹਾ ਕਿ ਜਦੋਂ ਹਾਲਾਤ ਅਨੁਕੂਲ ਹੋਣਗੇ ਤਾਂ ਰਾਖਵਾਂਕਰਨ ਖ਼ਤਮ ਕਰ ਦਿੱਤਾ ਜਾਵੇਗਾ।

ਜਦੋਂ ਇਸ ਦਾ ਵਿਰੋਧ ਹੋਇਆ ਤਾਂ ਉਨ੍ਹਾਂ ਨੇ ਕਿਹਾ ਕਿ ਉਹ ਤਾਂ ਰਾਖਵਾਂਕਰਨ ਨੂੰ 50 ਫ਼ੀਸਦੀ ਤੋਂ ਜ਼ਿਆਦਾ ਕਰਨਾ ਚਾਹੁੰਦੇ ਹਨ। ਇਸ ਤੋਂ ਜੇਕਰ ਕੁਝ ਸਾਫ਼ ਹੁੰਦਾ ਹੈ ਤਾਂ ਇਹੀ ਕਿ ਰਾਹੁਲ ਇਸ ਤੱਥ ਨੂੰ ਲੁਕਾਉਣਾ ਚਾਹੁੰਦੇ ਹਨ ਕਿ ਕਾਂਗਰਸ ਕਿਸ ਤਰ੍ਹਾਂ ਨੀਤੀਗਤ ਪੱਧਰ ’ਤੇ ਸਦਾ ਰਾਖਵਾਂਕਰਨ ਦੇ ਖ਼ਿਲਾਫ਼ ਰਹੀ।

ਸਭ ਜਾਣਦੇ ਹਨ ਕਿ ਜਦੋਂ ਵੀਪੀ ਸਿੰਘ ਨੇ ਮੰਡਲ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਲਾਗੂ ਕੀਤਾ ਸੀ ਤਾਂ ਰਾਜੀਵ ਗਾਂਧੀ ਦੀ ਅਗਵਾਈ ’ਚ ਕਾਂਗਰਸ ਨੇ ਇਸ ਦਾ ਖੁੱਲ੍ਹ ਕੇ ਵਿਰੋਧ ਕੀਤਾ ਸੀ। ਅੱਜ ਰਾਹੁਲ ਗਾਂਧੀ ਇਹ ਸਭ ਭੁੱਲ ਕੇ ਖ਼ੁਦ ਨੂੰ ਰਾਖਵਾਂਕਰਨ ਦਾ ਸਭ ਤੋਂ ਵੱਡਾ ਪੈਰੋਕਾਰ ਸਾਬਿਤ ਕਰਨ ’ਚ ਲੱਗੇ ਹੋਏ ਹਨ। ਉਹ ਕਾਂਗਰਸ ਦੀਆਂ ਇਤਿਹਾਸਕ ਭੁੱਲਾਂ ਦੇ ਨਾਲ-ਨਾਲ ਪਾਰਟੀ ਦੀਆਂ ਪੁਰਾਣੀਆਂ ਨੀਤੀਆਂ ਤੋਂ ਵੀ ਕਿਨਾਰਾ ਕਰ ਰਹੇ ਹਨ। ਇਸ ਦਾ ਸਬੂਤ ਸਿਰਫ਼ ਰਾਖਵਾਂਕਰਨ ਵਧਾਉਣ ਦੀ ਉਨ੍ਹਾਂ ਦੀ ਮੰਗ ਹੀ ਨਹੀਂ, ਜਾਤੀਗਤ ਗਣਨਾ ਕਰਾਉਣ ਦਾ ਉਨ੍ਹਾਂ ਦਾ ਵਾਅਦਾ ਵੀ ਹੈ। ਧਿਆਨ ਰਹੇ ਕਿ ਕਾਂਗਰਸ ਨੇ ਕਿਸ ਤਰ੍ਹਾਂ ਸੱਤਾ ’ਚ ਰਹਿੰਦੇ ਸਮੇਂ ਜਾਤੀਗਤ ਜਨਗਣਨਾ ਕਰਾਉਣ ਤੋਂ ਵਾਰ-ਵਾਰ ਇਨਕਾਰ ਕੀਤਾ। ਅੱਜ ਰਾਹੁਲ ਗਾਂਧੀ ਜਾਤੀਗਤ ਜਨਗਣਨਾ ’ਤੇ ਜ਼ੋਰ ਦਿੰਦੇ ਸਮੇਂ ਇਹ ਦੱਸਣ ਨੂੰ ਤਿਆਰ ਨਹੀਂ ਕਿ ਆਖ਼ਰ ਕਾਂਗਰਸ ਸੱਤਾ ’ਚ ਰਹਿੰਦੇ ਸਮੇਂ ਜਾਤੀਗਤ ਜਨਗਣਨਾ ਕਰਾਉਣ ਤੋਂ ਕਿਉਂ ਇਨਕਾਰ ਕਰਦੀ ਰਹੀ? ਸਪਸ਼ਟ ਹੈ ਕਿ ਉਹ ਕਾਂਗਰਸ ਨੂੰ ਬਦਲਣ ’ਚ ਲੱਗੇ ਹੋਏ ਹਨ ਅਤੇ ਇਸ ਲੜੀ ’ਚ ਨਹਿਰੂ, ਇੰਦਰਾ ਅਤੇ ਰਾਜੀਵ ਗਾਂਧੀ ਦੀ ਰੀਤੀ-ਨੀਤੀ ਤੋਂ ਵੀ ਪੱਲਾ ਝਾੜ ਰਹੇ ਹਨ।

ਰਾਹੁਲ ਇਸ ਦੀ ਕਿਤੇ ਕੋਈ ਪਰਵਾਹ ਕਰਦੇ ਨਹੀਂ ਦਿਸ ਰਹੇ ਕਿ ਕਾਂਗਰਸ ਨੂੰ ਨਵਾਂ ਰੂਪ-ਸਰੂਪ ਦੇਣ ਦੀ ਉਨ੍ਹਾਂ ਦੀ ਕੋਸ਼ਿਸ਼ ਪਾਰਟੀ ਦੇ ਪੁਰਾਣੇ ਆਗੂਆਂ ਨੂੰ ਹਜ਼ਮ ਹੋ ਰਹੀ ਹੈ ਜਾਂ ਨਹੀਂ? ਭਾਜਪਾ ਕਾਂਗਰਸ ਦੀਆਂ ਇਤਿਹਾਸਕ ਭੁੱਲਾਂ ਦੇ ਆਧਾਰ ’ਤੇ ਰਾਹੁਲ ਗਾਂਧੀ ਨੂੰ ਘੇਰਨ ਦੀ ਹਰ ਸੰਭਵ ਕੋਸ਼ਿਸ਼ ਤਾਂ ਕਰ ਰਹੀ ਹੈ ਪਰ ਉਹ ਇਹੀ ਦਿਖਾ ਰਹੇ ਹਨ ਕਿ ਇਸ ਨਾਲ ਉਨ੍ਹਾਂ ਦੀ ਸਿਹਤ ’ਤੇ ਕੋਈ ਅਸਰ ਨਹੀਂ ਪੈ ਰਿਹਾ। ਰਾਹੁਲ ਗਾਂਧੀ ਦਾ ਰਵੱਈਆ ਅਜਿਹਾ ਹੈ ਜਿਵੇਂ ਉਹ ਇਹ ਕਹਿਣਾ ਚਾਹੁੰਦੇ ਹੋਣ ਕਿ ਨਹਿਰੂ, ਇੰਦਰਾ ਅਤੇ ਰਾਜੀਵ ਗਾਂਧੀ ਦੀ ਕਾਂਗਰਸ ਨਾਲ ਉਨ੍ਹਾਂ ਦਾ ਕੋਈ ਨਾਤਾ ਨਹੀਂ ਅਤੇ ਇਨ੍ਹਾਂ ਆਗੂਆਂ ਨੇ ਜੋ ਕੁਝ ਚੰਗਾ-ਬੁਰਾ ਕੀਤਾ, ਉਸ ਨਾਲ ਉਨ੍ਹਾਂ ਨੂੰ ਕੋਈ ਮਤਲਬ ਨਹੀਂ।

ਪਰ ਉਨ੍ਹਾਂ ਲਈ ਆਪਣੇ ਉਕਤ ਆਗੂਆਂ ਦੇ ਕੀਤੇ ਕੰਮਾਂ ਤੋਂ ਪੱਲਾ ਝਾੜਨਾ ਇੰਨਾ ਸੌਖਾ ਵੀ ਨਹੀਂ ਹੈ ਜਿੰਨਾ ਉਹ ਸੋਚ ਰਹੇ ਹਨ। ਰਾਹੁਲ ਗਾਂਧੀ ਦੇ ਇਸ ਰੁਖ਼ ਦਾ ਸਾਹਮਣਾ ਕਾਂਗਰਸ ਕਿਸ ਤਰ੍ਹਾਂ ਕਰੇਗੀ, ਇਹ ਤਾਂ ਉਹੀ ਜਾਣੇ ਪਰ ਭਾਜਪਾ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਉਹ ਕਾਂਗਰਸ ਦੀਆਂ ਗ਼ਲਤੀਆਂ ਅਤੇ ਨੀਤੀਆਂ ਦਾ ਜ਼ਿਕਰ ਕਰ ਕੇ ਰਾਹੁਲ ਨੂੰ ਘੇਰਨ ਵਿਚ ਕਾਮਯਾਬ ਨਹੀਂ ਹੋਣ ਵਾਲੀ। ਸਪਸ਼ਟ ਹੈ ਕਿ ਉਸ ਨੂੰ ਆਪਣੀ ਰਣਨੀਤੀ ’ਤੇ ਨਵੇਂ ਸਿਰੇ ਤੋਂ ਵਿਚਾਰ ਕਰਨਾ ਹੋਵੇਗਾ।

# ਪੁਰਾਣੇ ਵੇਲਿਆਂ ’ਚ ਬੱਚੇ ਮਾਪਿਆਂ ਦੇ ਬੜੇ ਆਗਿਆਕਾਰੀ ਹੋਇਆ ਕਰਦੇ ਸਨ

ਦਰਸ਼ਨ ਸਿੰਘ

ਜ਼ਿੰਦਗੀ ਦੀ ਰੋਜ਼ਾਨਾ ਨੱਠ-ਭੱਜ ਨੇ ਪਰਿਵਾਰਕ ਤੇ ਸਮਾਜਿਕ ਰਿਸ਼ਤਿਆਂ ਨੂੰ ਬਹੁਤ ਕਮਜ਼ੋਰ ਕਰ ਦਿੱਤਾ ਹੈ। ਜਿਉਣ ਦਾ ਸਲੀਕਾ ਹੀ ਬਦਲ ਗਿਆ ਹੈ। ਨਾ ਸਾਂਝਾਂ ਰਹੀਆਂ, ਨਾ ਮਿਲ-ਬੈਠਣ ਦੇ ਰੰਗਲੇ ਚਾਅ। ਮਾਪਿਆਂ ਦੀ ਗੱਲ ਵੀ ਧੀ-ਪੁੱਤ ਹੁਣ ਘੱਟ ਹੀ ਸੁਣਦੇ ਹਨ। ਕੈਮਰੇ ਦੀ ਅੱਖ ਹਰ ਬੰਦੇ ਦਾ ਪਿੱਛਾ ਕਰ ਰਹੀ ਹੈ। ਹਰ ਵਿਅਕਤੀ ਨੈਤਿਕ ਪੱਖੋਂ ਊਣਾ ਹੋ ਗਿਆ ਜਾਪਦਾ ਹੈ। ਸਾਡੇ ਵੇਲਿਆਂ ਦੇ ਧੀ-ਪੁੱਤ ਮਾਪਿਆਂ ਵੱਲੋਂ ਮਿਲੇ ਸੰਸਕਾਰ ਉਮਰ ਭਰ ਸਾਂਭਦੇ ਤੇ ਰੀਝ ਨਾਲ ਨਿਭਾਉਣ ਦੀ ਹਰ ਕੋਸ਼ਿਸ਼ ਕਰਦੇ ਸਨ। ਹਰ ਮਾਂ-ਪਿਉ ਦੀ ਇਹੋ ਕੋਸ਼ਿਸ਼ ਹੁੰਦੀ ਸੀ ਕਿ ਪੁੱਤਾਂ ਨੂੰ ਇਹ ਜ਼ਰੂਰ ਸਿਖਾਇਆ ਜਾਵੇ ਕਿ ਪਿੰਡ ਦੀਆਂ ਧੀਆਂ ਸਭ ਦੀਆਂ ਸਾਂਝੀਆਂ ਹੁੰਦੀਆਂ ਹਨ। ਇਸੇ ਕਰਕੇ ਪਿੰਡ ਦੀ ਧੀ ਦੇ ਵਿਆਹ ’ਚ ਹਰ ਪਿੰਡ ਵਾਸੀ ਦਾ ਸਲਾਹੁਣਯੋਗ ਹਿੱਸਾ ਹੁੰਦਾ ਸੀ। ਮੇਰੇ ਉੱਪਰ ਵੀ ਅਜਿਹੇ ਸੰਸਕਾਰਾਂ ਦਾ ਬਹੁਤ ਪ੍ਰਭਾਵ ਸੀ। ਇਹੋ ਜਿਹੇ ਸੰਸਕਾਰ ਇਕ-ਦੂਜੇ ਨੂੰ ਸਮਝਣ ਤੇ ਸਮਾਜਿਕ ਰਿਸ਼ਤਿਆਂ ’ਚ ਬੜੇ ਸਹਾਈ ਹੁੰਦੇ ਸਨ। ਰਿਸ਼ਤਿਆਂ ਦੇ ਨਾਲ ਹੀ ਉਮਰਾਂ ਦੇ ਲੰਮੇ ਪੈਂਡੇ ਸੁਖਾਵੇਂ ਤੈਅ ਹੁੰਦੇ ਹਨ। ਹਰ ਰਿਸ਼ਤੇ ਦਾ ਕੋਈ ਡੂੰਘਾ ਅਰਥ ਹੁੰਦਾ ਹੈ। ਸਮੇਂ ਨਾਲ ਨੈਤਿਕਤਾ ਭਾਵੇਂ ਖ਼ੁਰਦੀ ਤੇ ਨਿੱਘਰਦੀ ਜਾ ਰਹੀ ਹੈ ਪਰ ਤੀਹ-ਪੈਂਤੀ ਵਰ੍ਹੇ ਪਹਿਲਾਂ ਦੇ ਗੂੜ੍ਹੇ ਸੁੱਚੇ ਮੋਹ, ਆਪਸੀ ਵਿਸ਼ਵਾਸ ਤੇ ਇਕ-ਦੂਜੇ ਲਈ ਕੁਝ ਕਰ ਸਕਣ ਦੀਆਂ ਗੱਲਾਂ ਮਨ ਨੂੰ ਬਹੁਤ ਸਕੂਨ ਦਿੰਦੀਆਂ ਹਨ।

ਉਦੋਂ ਮੇਰੀ ਉਮਰ ਛੱਬੀ ਕੁ ਸਾਲ ਦੀ ਸੀ। ਜਲੰਧਰ ਤੋਂ ਤੀਹ ਕੁ ਕਿੱਲੋਮੀਟਰ ਦੀ ਦੂਰੀ ਉੱਤੇ ਸਕੂਲ ਸੀ ਜਿੱਥੇ ਮੈਂ ਪੜ੍ਹਾਉਂਦਾ ਸਾਂ। ਸਵੇਰੇ ਛੇ ਕੁ ਵਜੇ ਮੈਂ ਪਿੰਡ ਤੋਂ ਬੱਸ ਫੜਦਾ। ਇਕ ਕੁੜੀ ਕਿਸੇ ਹੋਰ ਸ਼ਹਿਰੋਂ ਆਉਂਦੀ ਤੇ ਅਸੀਂ ਨੂਰਮਹਿਲ ਉਤਰ ਕੇ ਇਕੱਠੇ ਹੀ ਆਪੋ-ਆਪਣੇ ਸਾਈਕਲਾਂ ’ਤੇ ਸਕੂਲ ਜਾਂਦੇ। ਪੰਜ ਕੁ ਕਿੱਲੋਮੀਟਰ ਦੇ ਸੁੰਨੇ-ਸੁੰਨੇ ਰਾਹ ਦੇ ਇਸ ਸਾਂਝੇ ਸਫ਼ਰ ਕਾਰਨ ਸਾਡੇ ਵਿਚਕਾਰ ਭਰੋਸਾ ਤੇ ਪਰਿਵਾਰਕ ਸਾਂਝ ਬਣ ਗਈ। ਮੇਰੇ ਨਾਲ ਹੁੰਦਿਆਂ ਉਹ ਸੁੰਨੀ ਸੜਕ ਦੇ ਸੁਭਾਵਿਕ ਡਰ ਤੋਂ ਆਪਣੇ-ਆਪ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਸਮਝਦੀ ਸੀ। “ਤੂੰ ਐਮਏ ਕਰ ਲੈ, ਦੀਪ” ਗੱਲਾਂ -ਗੱਲਾਂ ’ਚ ਮੈਂ ਇਕ ਦਿਨ ਉਸ ਨੂੰ ਸਲਾਹ ਦਿੱਤੀ।

ਉਸ ਦਾ ਪੂਰਾ ਨਾਂ ਕੁਲਦੀਪ ਸੀ ਪਰ ਦੀਪ ਕਹਿਣਾ ਮੈਨੂੰ ਵਧੇਰੇ ਚੰਗਾ ਲੱਗਦਾ ਸੀ। ਭਾਵੇਂ ਜਾਣਦਾ ਸਾਂ ਕਿ ਬਿਨ ਮੰਗੀਆਂ ਸਲਾਹਾਂ ਦੇਣੀਆਂ ਕੋਈ ਸਿਆਣਪ ਨਹੀਂ ਪਰ ਉਸ ਦੇ ਭਵਿੱਖ ਲਈ ਅਜਿਹੀ ਸਲਾਹ ਮਾੜੀ ਗੱਲ ਵੀ ਨਹੀਂ ਸੀ। ਕਮਜ਼ੋਰ ਜਿਹਾ ਹੁੰਗਾਰਾ ਉਸ ਨੇ ਭਰਿਆ। ਮੈਂ ਪੁੱਛ ਹੀ ਲਿਆ ਕਿ ਕੀ ਗੱਲ ਹੈ? “ਮਾਪਿਆਂ ਨੂੰ ਪੁੱਛ ਕੇ ਦੱਸਾਂਗੀ।” ਉਨ੍ਹਾਂ ਵੇਲਿਆਂ ’ਚ ਬੱਚੇ ਮਾਪਿਆਂ ਦੇ ਬੜੇ



ਆਗਿਆਕਾਰੀ ਸਨ ਅਤੇ ਮਾਪਿਆਂ ਦੇ ਫ਼ੈਸਲੇ ਉਨ੍ਹਾਂ ਦੇ ਸਿਰ-ਮੱਥੇ ਹੁੰਦੇ ਸਨ। “ਮੈਂ ਐਮਏ ਕਰਾਂਗੀ। ਮਾਪੇ ਵੀ ਰਜ਼ਾਮੰਦ ਹਨ।” ਇਕ ਦਿਨ ਉਸ ਨੇ ਦੱਸਿਆ। ਉਸ ਦਿਨ ਉਹ ਬੜੀ ਖ਼ੁਸ਼ ਸੀ। ਆਖ਼ਰ ਕਿਤਾਬਾਂ ਵੀ ਉਸ ਨੇ ਲੈ ਲਈਆਂ। ਪ੍ਰੀਖਿਆ ਫਾਰਮ ਭਰ ਕੇ ਲੋੜੀਂਦੀ ਫੀਸ ਨਾਲ ਜਮ੍ਹਾ ਵੀ ਕਰਵਾ ਦਿੱਤਾ। ਪ੍ਰੀਖਿਆ ਕੇਂਦਰ ਲੁਧਿਆਣਾ ਬਣਿਆ ਸੀ ਜੋ ਉਸ ਦੇ ਘਰ ਤੋਂ ਸੱਠ-ਪੈਂਹਠ ਕਿੱਲੋਮੀਟਰ ਦੂਰ ਪਰ ਮੇਰੇ ਘਰ ਤੋਂ ਨੇੜੇ ਹੀ ਸੀ। ਉਦੋਂ ਦੀਆਂ ਸਹੂਲਤਾਂ ਅਨੁਸਾਰ ਸਵੇਰੇ ਅੱਠ ਵਜੇ ਪੁੱਜਣਾ ਅਸੰਭਵ ਸੀ। “ਮੈਂ ਕੁਝ ਦਿਨ ਤੁਹਾਡੇ ਘਰ ਰਹਾਂਗੀ।” ਉਸ ਨੇ ਆਖਿਆ। “ਜ਼ਰੂਰ” ਮੈਂ ਕਿਹਾ। ਪ੍ਰੀਖਿਆ ਵਾਲੇ ਦਿਨ ਤੋਂ ਪਹਿਲਾਂ ਉਹ ਸ਼ਾਮ ਨੂੰ ਘਰ ਆ ਗਈ।

ਉਸ ਦਿਨ ਮੈਂ ‘ਪੰਜਾਬ ਯੂਨੀਵਰਸਿਟੀ ਐਕਸਟੈਨਸ਼ਨ ਲਾਇਬਰੇਰੀ, ਲੁਧਿਆਣਾ’ ਗਿਆ ਹੋਇਆ ਸਾਂ। ਰਾਤ ਪੌਣੇ ਅੱਠ ਵਜੇ ਵਾਲੀ ਗੱਡੀ ’ਚ ਘਰ ਪਰਤਣਾ ਸੀ। ਫੋਨ ਉਦੋਂ ਹੁੰਦੇ ਨਹੀਂ ਸਨ। ਮੇਰੇ ਆਉਣ ਜਾਂ ਨਾ ਆਉਣ ਦੀ ਸ਼ੰਕਾ ਕਾਰਨ ਪਾਪਾ ਜੀ ਨੇ ਮਾਂ ਨਾਲ ਆਪਣੀ ਚਿੰਤਾ ਕਈ ਵਾਰ ਸਾਂਝੀ ਕੀਤੀ, “ਧੀ ਧਿਆਣੀ ਏਨੀ ਸਾਝਰੇ ’ਕੱਲੀ ਕਿਵੇਂ ਜਾਵੇਗੀ? ਪਤਾ ਨਹੀਂ ਬੱਸ ਮਿਲੇ ਕਿ ਨਾ। ਸ਼ਹਿਰ ਵੀ ਐਨਾ ਵੱਡਾ ਕਿ ਟਿਕਾਣਾ ਲੱਭਦਾ ਬੰਦਾ ਆਪ ਹੀ ਗੁਆਚ ਜਾਵੇ...” ਫ਼ਿਕਰ ਨਾਲ ਭਰੇ ਕਦੇ ਕਿਸੇ ਕੋਲ ਜਾਂਦੇ, ਕਦੇ ਕਿਸੇ ਕੋਲ। ਉਹ ਸਮੇਂ ਸਿਰ ਉੱਥੇ ਪਹੁੰਚਣ ਦਾ ਕੋਈ ਨਾ ਕੋਈ ਇੰਤਜ਼ਾਮ ਕਰਨਾ ਚਾਹੁੰਦੇ ਸਨ। ਆਖ਼ਰ ਇਕ ਟੈਂਪੂ ਵਾਲੇ ਨੂੰ ਕਹਿ ਹੀ ਆਏ ਕਿ ਸਵੇਰੇ ਛੇ ਵਜੇ ਮੈਂ ਤੇ ਮੇਰੀ ਧੀ ਨੇ ਲੁਧਿਆਣੇ ਚੱਲਣਾ ਹੈ। ਇਹ ਟੈਂਪੂ ਰੋਜ਼ ਹੀ ਲੁਧਿਆਣਿਓਂ ਦੁਕਾਨਦਾਰਾਂ ਵੱਲੋਂ ਵੇਚਣ ਲਈ ਖ਼ਰੀਦੀ ਸਬਜ਼ੀ ਲੱਦ ਕੇ ਲਿਆਉਂਦਾ ਸੀ।

ਉਨ੍ਹਾਂ ਦੇ ਮਨ ਦਾ ਇਹ ਫ਼ਿਕਰ ਲੱਥਣ ਪਿੱਛੋਂ ਹੀ ਉਨ੍ਹਾਂ ਰੋਟੀ ਖਾਧੀ ਤੇ ਪਾਠ ਕੀਤਾ। ਸੁੱਖ ਦਾ ਸਾਹ ਸਭ ਨੇ ਉਦੋਂ ਲਿਆ ਜਦੋਂ ਰਾਤੀਂ ਨੌਂ ਵਜੇ ਮੈਂ ਘਰ ਮੁੜਿਆ। ਕੁਲਦੀਪ ਉਦੋਂ ਚੁਬਾਰੇ ’ਚ ਪੜ੍ਹ ਰਹੀ ਸੀ। ਮੈਂ ਵੀ ਕੁਝ ਦੇਰ ਲਈ ਉਸ ਕੋਲ ਬੈਠ ਕੇ ਪੜ੍ਹਨ ਲੱਗਾ। “ਸੌਂ ਜਾ ਧੀਏ ਹੁਣ। ਅੰਮ੍ਰਿਤ ਵੇਲੇ ਪੜ੍ਹ ਲਈਂ। ਮੈਂ ਜਗਾ ਦਿਆਂਗੀ।” ਸਾਢੇ ਗਿਆਰਾਂ ਕੁ ਵਜੇ ਮਾਂ ਨੇ ਦੁੱਧ ਦਾ ਗਲਾਸ ਉਸ ਨੂੰ ਫੜਾਉਂਦੇ ਹੋਏ ਕਿਹਾ। “ਅੱਛਾ ਬੀਜੀ, ਹੁਣੇ ਆਈ।” ਵਿਹੜੇ ’ਚ ਮਾਂ ਨੇ ਆਪਣੇ ਬਰਾਬਰ ਕੁਲਦੀਪ ਲਈ ਮੰਜੀ ਡਾਹੀ ਹੋਈ ਸੀ। ਸਵੇਰ ਹੋਈ। ਮਾਂ ਨੇ ਕੁਲਦੀਪ ਨੂੰ ਜਗਾਇਆ। ਚਾਹ ਧਰੀ। ਮੂੰਹ-ਹੱਥ ਧੋ ਕੇ ਉਹ ਪੜ੍ਹਨ ਬੈਠ ਗਈ। ਜਾਣ ਵੇਲੇ ਮਾਂ ਨੇ ਰੋਟੀ ਬਣਾਈ ਤੇ ਦਹੀਂ ਦਿੱਤੀ। ਦਹੀਂ ਖਾ ਕੇ ਘਰੋਂ ਜਾਣਾ ਹੁਣ ਵੀ ਚੰਗਾ ਸ਼ਗਨ ਸਮਝਿਆ ਜਾਂਦਾ ਹੈ। ਮਾਂ ਦਾ ਵੀ ਇਹੋ ਵਿਸ਼ਵਾਸ ਸੀ। ਟੈਂਪੂ ਵਾਲਾ ਵੀ ਹੁਣ ਆ ਗਿਆ ਸੀ। “ਚੱਲ ਵੀਰਿਆ, ਚੱਲੀਏ।” ਆਪਣਾ ਪੈਨ ਤੇ ਰੋਲ ਨੰਬਰ ਸੰਭਾਲਦੇ ਉਸ ਨੇ ਕਿਹਾ।

“ਵਾਗਰੂ ਭਾਗ ਲਾਵੇ। ਅੱਗੇ ਤੋਂ ਦਿਨ ਖੜ੍ਹੇ-ਖੜ੍ਹੇ ਆ ਜਾਇਆ ਕਰ। ਕੱਲ੍ਹ ਸੂਰਜ ਛਿਪੇ ਆਈ ਸੀ..” ਘਰੋਂ ਤੁਰਨ ਵੇਲੇ ਪਾਪਾ ਜੀ ਦੀ ਦੀਪ ਨੂੰ ਦਿੱਤੀ ਇਹ ਅਸੀਸ ਵੀ ਸੀ, ਦੁਆ, ਸਿੱਖਿਆ ਤੇ ਕੁਝ ਚਿੰਤਾ ਵੀ। ਟੈਂਪੂ ਦੇ ਇੰਜਣ ਦੀ ਖੜ-ਖੜ ’ਚ ਵੀ ਉਹ ਕਿਤਾਬ ਦਾ ਇਕ ਪਿੱਛੋਂ ਦੂਜਾ ਪੰਨਾ ਪਲਟਦੀ ਰਹੀ। ਟਾਈਮ ਤੋਂ ਪਹਿਲਾਂ ਹੀ ਅਸੀਂ ਸੈਂਟਰ ’ਤੇ ਪੁੱਜ ਗਏ ਸਾਂ। ਬਾਰਾਂ ਵਜੇ ਪੇਪਰ ਖ਼ਤਮ ਹੋਣ ਤੱਕ ਇੱਧਰ-ਉੱਧਰ ਘੁੰਮ ਕੇ ਮੈਂ ਸਮਾਂ ਗੁਜ਼ਾਰਿਆ। ਉਸ ਦਾ ‘ਪੇਪਰ’ ਬਹੁਤ ਵਧੀਆ ਹੋਇਆ ਸੀ।

ਹੁਣ ਅਗਲਾ ਪੇਪਰ ਪੰਜ ਦਿਨ ਬਾਅਦ ਹੋਣ ਕਰ ਕੇ ਉਸ ਨੇ ਵਾਪਸ ਆਪਣੇ ਘਰ ਮੁੜਨਾ ਸੀ। “ਕੁਲਦੀਪ ਨੂੰ ਬੱਸ ਚੜ੍ਹਾ ਕੇ ਆਈਂ..” ਪਾਪਾ ਜੀ ਦੀ ਕਹੀ ਗੱਲ ਮੈਨੂੰ ਯਾਦ ਸੀ। ਬੱਸ ਦੀ ਉਡੀਕ ਵਿਚ ਬੱਸ ਸਟੈਂਡ ’ਤੇ ਅਸੀਂ ਇਕ ਬੈਂਚ ’ਤੇ ਬੈਠ ਗਏ। “ਕਿਹੋ ਜਿਹਾ ਲੱਗਾ ਘਰ?” ਮੈਂ ਦੀਪ ਨੂੰ ਪੁੱਛਿਆ। “ਬਿਲਕੁਲ ਆਪਣਾ ਹੋ...” ਹੱਸਦੇ ਹੋਏ ਉਸ ਨੇ ਕਿਹਾ। ਖ਼ੈਰ! ਬੱਸ ਆਈ ਤੇ ਅਗਲੇ ਸਫ਼ਰ ਲਈ ਤੁਰ ਪਈ। ..ਤੇ ਫਿਰ ਸਵਾਲਾਂ ਦਾ ਸਿਲਸਿਲਾ। ‘ਪੇਪਰ ਕਿਵੇਂ ਹੋਇਆ?

ਬੱਸ ਕਦੋਂ ਮਿਲੀ? ਨੇਰ੍ਹਾ ਹੋਣ ਤੋਂ ਪਹਿਲੋਂ ਘਰ ਪਹੁੰਚ ਜਾਵੇਗੀ? ਹੁਣ ਕਦੋਂ ਆਊਣਾ ਉਸ ਨੇ?’ ਘਰ ਆਉਂਦਿਆਂ ਹੀ ਮੇਰੇ ਮਾਪਿਆਂ ਨੇ ਮੈਨੂੰ ਪੁੱਛਿਆ। ਫ਼ਿਕਰ, ਅਪਣੱਤ, ਭਾਵਨਾਵਾਂ, ਸੁਖਮਤਾ, ਉਡੀਕ। ਕਿੰਨਾ ਕੁਝ ਮੇਰੇ ਮਾਪਿਆਂ ਦੇ ਮਨ ਅੰਦਰ ਦੀਪ ਲਈ ਸੀ। ਨਾ ਇਨ੍ਹਾਂ ਦੀਆਂ ਕੋਈ ਸੀਮਾਵਾਂ ਸਨ, ਨਾ ਰੇਖਾਵਾਂ।

ਮੈਂ ਇਹ ਸਵਾਲ ਕਈ ਵਾਰ ਆਪਣੇ-ਆਪ ਨੂੰ ਕਰਦਾ ਰਿਹਾ ਹਾਂ ਕਿ ਕੀ ਅਜੋਕੇ ਧੁੰਦ ਰੂਪੀ ਸਮੇਂ ’ਚ ਵੀ ਇਹ ਸੰਭਵ ਹੈ? ਕੀ ਹੁਣ ਵੀ ਧੀਆਂ-ਭੈਣਾਂ ਨੂੰ ਸਭ ਦੀਆਂ ਸਾਂਝੀਆਂ ਸਮਝਿਆ ਜਾਂਦਾ ਹੈ?

ਕੋਲਕਾਤਾ ਦੇ ਮੈਡੀਕਲ ਕਾਲਜ ਤੇ ਹਸਪਤਾਲ ’ਚ ਮਹਿਲਾ ਟਰੇਨੀ ਡਾਕਟਰ ਦੀ ਜਬਰ-ਜਨਾਹ ਮਗਰੋਂ ਹੋਈ ਹੱਤਿਆ ਜਿਹੇ ਦੁਖਾਂਤ ਵੱਲ ਮੇਰਾ ਧਿਆਨ ਮੁੜਦਿਆਂ ਹੀ ਮੇਰਾ ਰੋਣ ਨਿਕਲ ਗਿਆ ਸੀ।

# ਕੰਮ ਵਾਲੀਆਂ ਥਾਵਾਂ ’ਤੇ ਔਰਤਾਂ ਦਾ ਸ਼ੋਸ਼ਣ ਅਤੇ ਸੁਰੱਖਿਆ



ਕੰਵਲਜੀਤ ਕੌਰ ਗਿੱਲ

ਕਿਸੇ ਦੇਸ਼ ਜਾਂ ਸਮਾਜ ਦੇ ਵਿਕਾਸ ਦੇ ਪੱਧਰ ਦਾ ਅੰਦਾਜ਼ਾ ਲਾਉਣ ਲਈ ਵੇਖਿਆ ਜਾਂਦਾ ਹੈ ਕਿ ਉਸ ਸਮਾਜ ਵਿੱਚ ਔਰਤ ਦਾ ਸਥਾਨ ਕੀ ਹੈ। ਪੁਰਸ਼ ਤੇ ਔਰਤ ਵਿਚਾਲੇ ਨਾ-ਬਰਾਬਰੀ ਦਾ ਘੱਟ ਤੋਂ ਘੱਟ ਹੋਣਾ ਹੀ ਕਿਸੇ ਸਮਾਜ ਦੇ ਵਿਕਸਤ ਅਤੇ ਸੱਭਿਅਕ ਹੋਣ ਦੀ ਨਿਸ਼ਾਨੀ ਹੈ। ਅੱਜ ਔਰਤ ਹਰ ਉਸ ਕਿੱਤੇ ਅਤੇ ਖਿੱਤੇ ਵਿੱਚ ਕੰਮ ਕਰ ਰਹੀ ਹੈ ਜਿਹੜੇ ਕਦੇ ਉਸ ਲਈ ਵਰਜਿਤ ਸਨ। ਫਿਰ ਵੀ ਰੁਜ਼ਗਾਰ ’ਚ ਔਰਤ ਨਾਲ ਪੈਰ-ਪੈਰ ’ਤੇ ਵਿਤਕਰਾ ਹੁੰਦਾ ਹੈ। ਉਹ ਵੱਖਵਾਦ ਦੇ ਨਾਲ ਜਿਨਸੀ ਸੋਸ਼ਣ ਦਾ ਸ਼ਿਕਾਰ ਹੁੰਦੀ ਹੈ। ਮਾਨਸਿਕ ਅਤੇ ਭਾਵਨਾਤਮਕ ਪ੍ਰੇਸ਼ਾਨੀ ਦਾ ਸਾਹਮਣਾ ਕਰਦੀ ਹੈ। ਉਹ ਆਪਣੇ ਕੰਮ ਕਰਨ ਵਾਲੇ ਸਥਾਨ ’ਤੇ ਆਪਣੇ ਆਪ ਨੂੰ ਅਸੁਰੱਖਿਅਤ ਸਮਝਦੀ ਹੈ ਕਿਉਂਕਿ ਉੱਥੋਂ ਦਾ ਮਾਹੌਲ ਸੁਖਾਵਾਂ ਨਹੀਂ ਹੈ। ਸਰਕਾਰੀ ਤੌਰ ’ਤੇ ਵੀ ਅਜੇ ਕੋਈ ਅਜਿਹਾ ਮਾਪਦੰਡ ਲਾਗੂ ਕਰਨਾ ਜ਼ਰੂਰੀ ਨਹੀਂ ਸਮਝਿਆ ਗਿਆ ਜਿਸ ਦੀ ਸਹਾਇਤਾ ਨਾਲ ਅਸੀਂ ਔਰਤ ਕਰਮਚਾਰੀਆਂ ਨੂੰ ਕੰਮ ਦੌਰਾਨ ਮਿਲਦੀਆਂ ਸਹੂਲਤਾਂ ਪ੍ਰਤੀ ਸੰਤੁਸ਼ਟੀ ਦਾ ਪੱਧਰ ਮਾਪ ਸਕੀਏ।

ਕੰਮ ਦੌਰਾਨ ਔਰਤਾਂ ਪ੍ਰਤੀ ਹੁੰਦੇ ਅਪਰਾਧਾਂ ਦੀ ਗਿਣਤੀ ਨਿੱਤ ਦਿਨ ਵਧ ਰਹੀ ਹੈ। ਨੈਸ਼ਨਲ ਕ੍ਰਾਈਮ ਬਰਾਂਚ ਬਿਊਰੋ ਦਾ ਅੰਦਾਜ਼ਾ ਹੈ ਕਿ ਭਾਰਤ ਵਿੱਚ ਰੋਜ਼ਾਨਾ 86 ਕੇਸ ਔਰਤਾਂ ਵਿਰੁੱਧ ਅਪਰਾਧ ਜਾਂ ਹਿੰਸਕ ਘਟਨਾਵਾਂ ਦੇ ਹੁੰਦੇ ਹਨ। ਗਲੋਬਲ ਜੈਂਡਰ ਗੈਪ 2024 ਦੀ ਰਿਪੋਰਟ ਅਨੁਸਾਰ ਭਾਰਤ ਦਾ 146 ਦੇਸ਼ਾਂ ਵਿੱਚੋਂ 129ਵਾਂ ਸਥਾਨ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਭਾਰਤ ਦਾ ਵਿਕਾਸ ਕਿੰਨਾ ਕੁ ‘ਸਭ ਦੀ ਸ਼ਮੂਲੀਅਤ ਵਾਲਾ’ ਹੈ ਕਿਉਂਕਿ ਵਿਕਾਸ ਤੋਂ ਹੋਣ ਵਾਲੇ ਲਾਭਾਂ ਦੀ ਵੰਡ ਪੁਰਸ਼ ਔਰਤ ਵਿਚਾਲੇ ਬਰਾਬਰ ਨਹੀਂ। ਭਾਰਤ ਵਿੱਚ ਕੇਵਲ 39 ਫ਼ੀਸਦੀ ਔਰਤਾਂ ਹੀ ਰੁਜ਼ਗਾਰ ਵਿੱਚ ਹਨ ਜਦੋਂਕਿ ਪੁਰਸ਼ਾਂ ਦੀ ਪ੍ਰਤੀਸ਼ਤਤਾ 76 ਹੈ। ਕੰਮਕਾਜੀ ਥਾਵਾਂ ’ਤੇ ਔਰਤਾਂ ਨਾਲ ਪੱਖਪਾਤ, ਜ਼ਿਆਦਤੀਆਂ ਅਤੇ ਅਪਰਾਧਿਕ ਘਟਨਾਵਾਂ ਦਾ ਹੋਣਾ ਆਮ ਵਰਤਾਰਾ ਹੈ ਜਿਹੜਾ ਉਨ੍ਹਾਂ ਦੀ ਰੁਜ਼ਗਾਰ ਪ੍ਰਾਪਤੀ ਦੀ ਪ੍ਰਕਿਰਿਆ ਵੇਲੇ ਹੀ ਸ਼ੁਰੂ ਹੋ ਜਾਂਦਾ ਹੈ।

ਇੰਟਰਵਿਊ ਦੌਰਾਨ ਅਣਸੁਖਾਵੇਂ ਸੁਆਲ ਪੁੱਛਣੇ, ਪ੍ਰਾਈਵੇਟ ਅਦਾਰਿਆਂ ਅਤੇ ਕੰਪਨੀਆਂ ਆਦਿ ਵਿੱਚ ਪੁਰਸ਼ਾਂ ਦੇ ਬਰਾਬਰ ਕਾਬਲੀਅਤ ਹੋਣ ਦੇ ਬਾਵਜੂਦ ਪੇ-ਸਕੇਲ ਘੱਟ ਦੇਣਾ, ਪ੍ਰਸੂਤੀ ਛੁੱਟੀ ਲੈਣ ਦੇ ਮੁੱਢਲੇ ਅਧਿਕਾਰ ਦੇਣ ਵੇਲੇ ਵੀ ਟਾਲ-ਮਟੋਲ ਕਰਨਾ, ਉੱਚ ਅਧਿਕਾਰੀਆਂ ਵੱਲੋਂ ਛੁੱਟੀ ਤੋਂ ਬਾਅਦ ਵੀ ਕੰਮ ਕਰਦੇ ਰਹਿਣ ਲਈ ਹੁਕਮ ਕਰਦੇ ਰਹਿਣਾ ਆਦਿ ਆਮ ਹਨ। ਔਰਤਾਂ ਲਈ ਵੱਖਰੇ ਅਤੇ ਸਾਫ਼ ਬਾਥਰੂਮ, ਦੁਪਹਿਰ ਦੀ ਬਰੇਕ ਦੌਰਾਨ ਥੋੜ੍ਹਾ ਬਹੁਤ ਆਰਾਮ ਕਰਨ ਵਾਸਤੇ ਵੱਖਰਾ ਕਮਰਾ, ਨੌਜਵਾਨ ਤੇ ਛੋਟੇ ਬੱਚਿਆਂ ਦੀਆਂ ਮਾਵਾਂ ਲਈ ਕਰੈਚ ਆਦਿ ਕੁਝ ਸਹੂਲਤਾਂ ਹੋਣੀਆਂ ਲਾਜ਼ਮੀ ਹਨ। ਇਸ ਤੋਂ ਵੀ ਵਧੇਰੇ ਜ਼ਰੂਰੀ ਸੁਖਾਵਾਂ ਤੇ ਸੁਰੱਖਿਅਤ ਮਾਹੌਲ ਹੋਣਾ ਹੈ। ਭਾਵੇਂ ਸਰਕਾਰੀ ਅਦਾਰਿਆਂ ਵਿੱਚ ਕੰਮ ਦੌਰਾਨ ਇਹੋ ਜਿਹਾ ਵਰਤਾਰਾ ਜਾਂ ਵਿਤਕਰਾ ਜ਼ਾਹਰਾ ਤੌਰ ’ਤੇ ਨਜ਼ਰ ਨਹੀਂ ਆਉਂਦਾ ਪਰ ਕੁਝ ਸੰਸਥਾਵਾਂ ਵਿੱਚ ਔਰਤਾਂ ਨੂੰ ਜਿਨਸੀ ਸੋਸ਼ਣ ਦਾ ਸ਼ਿਕਾਰ ਵੀ ਬਣਾਇਆ ਜਾਂਦਾ ਹੈ। ਹਾਲ ਹੀ ਵਿੱਚ ਕਲਕੱਤਾ ਦੇ ਆਰਜੀ ਕਾਰ ਮੈਡੀਕਲ ਕਾਲਜ ਵਿੱਚ ਟ੍ਰੇਨਿੰਗ ਅਧੀਨ ਡਾਕਟਰ ਨਾਲ ਸਮੂਹਿਕ ਬਲਾਤਕਾਰ ਅਤੇ ਅਜਿਹੀਆਂ ਘਟਨਾਵਾਂ ਦੀ ਜਦੋਂ ਕਦੇ ਜਾਂਚ ਪੜਤਾਲ ਹੁੰਦੀ



ਹੈ ਤਾਂ ਕੁਝ ਅਰਸੇ ਬਾਅਦ ਦੋਸ਼ੀ ਨੂੰ ਜੁਰਮਾਨਾ ਜਾਂ ਕੈਦ ਦੀ ਸਜ਼ਾ ਸੁਣਾ ਦਿੱਤੀ ਜਾਂਦੀ ਹੈ। ਇਸ ਸਾਰੇ ਸਮੇਂ ਦੌਰਾਨ ਪੀੜਤਾ ਅਤੇ ਉਸਦੇ ਪਰਿਵਾਰਕ ਮੈਂਬਰਾਂ ’ਤੇ ਕੀ ਬੀਤਦੀ ਹੈ, ਉਹ ਕਿਸ ਨਮੋਸ਼ੀ ਅਤੇ ਮਾਨਸਿਕ ਪੀੜਾ ਦਾ ਸਾਹਮਣਾ ਕਰਦੇ ਹਨ, ਇਹ ਦਰਦ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਇਨਸਾਫ਼ ਵਿੱਚ ਦੇਰੀ ਅਸਲ ਵਿੱਚ ਇਨਸਾਫ਼ ਤੋਂ ਇਨਕਾਰੀ ਹੋਣਾ ਹੀ ਹੋ ਨਿਬੜਦਾ ਹੈ।

ਦਸੰਬਰ 2012 ਵਿੱਚ ਅੱਜ ਤੋਂ 12 ਸਾਲ ਪਹਿਲਾਂ ਦਿੱਲੀ ਵਿੱਚ 6 ਦਰਿੰਦਿਆਂ ਨੇ ਫਿਜ਼ੀਓਥੈਰੇਪਿਸਟ ਕੁੜੀ ਨਾਲ ਚਲਦੀ ਬੱਸ ਵਿੱਚ ਇਸੇ ਪ੍ਰਕਾਰ ਦੀ ਵਹਿਸ਼ੀਆਨਾ ਕਰਤੂਤ ਕੀਤੀ। ਇਸ ਵਾਰਦਾਤ ਨੇ ਆਲਮੀ ਪੱਧਰ ’ਤੇ ਹਲਚਲ ਮਚਾ ਦਿੱਤੀ ਤੇ ਲੱਗਦਾ ਸੀ ਕਿ ਭਾਰਤ ਵਿੱਚ ਔਰਤਾਂ ਦੀ ਸੁਰੱਖਿਆ ਨਾਮ ਦੀ ਕੋਈ ਸ਼ੈਅ ਨਹੀਂ। ਨਿਰਭਯਾ ਕਤਲ ਕਾਂਡ ਦੇ ਨਾਮ ਵਾਲੀ ਇਸ ਦਰਦਨਾਕ ਘਟਨਾ ਤੋਂ ਬਾਅਦ ਕੰਮਕਾਜੀ ਥਾਵਾਂ ’ਤੇ ਔਰਤਾਂ ਪ੍ਰਤੀ ਹੁੰਦੀਆਂ ਹਿੰਸਕ ਘਟਨਾਵਾਂ ਨੂੰ ਰੋਕਣ ਵਾਸਤੇ 2013 ਵਿੱਚ ਕਾਨੂੰਨ ਬਣਾਇਆ ਗਿਆ। ਇਸ ਦਾ ਮੁੱਖ ਮੰਤਵ ਔਰਤਾਂ ਲਈ ਸੁਰੱਖਿਅਤ ਕੰਮਕਾਜੀ ਮਾਹੌਲ ਯਕੀਨੀ ਬਣਾਉਣਾ ਸੀ ਪਰ ਇਸ ਤੋਂ ਬਾਅਦ ਵੀ ਇਹੋ ਜਿਹੀਆਂ ਘਟਨਾਵਾਂ ਨੂੰ ਕੋਈ ਠੱਲ੍ਹ ਨਹੀਂ ਪਈ। ਨੈਸ਼ਨਲ ਕ੍ਰਾਈਮ ਰਿਪੋਰਟ ਬਿਊਰੋ 2023 ਅਨੁਸਾਰ ਔਰਤਾਂ ਵਿਰੁੱਧ ਹਿੰਸਕ ਘਟਨਾਵਾਂ ਵਿੱਚ ਪਿਛਲੇ ਸਾਲ ਦੇ ਮੁਕਾਬਲੇ 4 ਫ਼ੀਸਦੀ ਦਾ ਵਾਧਾ ਰਿਕਾਰਡ ਕੀਤਾ ਗਿਆ। 2020 ਵਿੱਚ 3,71,503 ਕੇਸ ਦਰਜ ਕੀਤੇ ਗਏ। 2021 ਵਿੱਚ 4,28,278 ਤੋਂ ਵਧ ਕੇ 2022 ਵਿੱਚ ਇਨ੍ਹਾਂ ਦੀ ਗਿਣਤੀ 4,45,256 ਹੋ ਗਈ ਜਿਨ੍ਹਾਂ ਵਿੱਚ ਮੁੱਖ ਤੌਰ ’ਤੇ ਘਰੇਲੂ ਹਿੰਸਾ, ਅਗਵਾ ਕਰਨਾ ਜਾਂ ਉਧਾਲਣਾ, ਰਾਹ ਜਾਂਦੀਆਂ ਔਰਤਾਂ ਉੱਪਰ ਕਾਤਲਾਨਾ ਹਮਲੇ ਕਰਨੇ ਤੇ ਬਲਾਤਕਾਰ ਆਦਿ ਜਿਹੇ ਘਿਨਾਉਣੇ ਅਪਰਾਧ ਸ਼ਾਮਿਲ ਹਨ। ਜੇਕਰ ਗਿਆਨ ਦੇਣ ਵਾਲੇ ਵਿਦਿਅਕ ਅਦਾਰੇ ਅਤੇ ਹਸਪਤਾਲ ਜਾਂ ਮੈਡੀਕਲ ਕਾਲਜ ਵਿੱਚ ਦੂਜਿਆਂ ਦੀ ਜਾਨ ਬਚਾਉਣ ਵਾਲੇ ਡਾਕਟਰ, ਨਰਸਾਂ, ਮੈਡੀਕਲ/ ਪੈਰਾ ਮੈਡੀਕਲ ਸਟਾਫ ਸੁਰੱਖਿਅਤ ਨਹੀਂ ਤਾਂ ਸਪਸ਼ਟ ਹੈ ਕਿ ਸਮਾਜ ਨੈਤਿਕ ਕਦਰਾਂ ਕੀਮਤਾਂ ਪੱਖੋਂ ਕਿਸੇ ਡੂੰਘੀ ਖਾਈ ਵਿੱਚ ਡਿੱਗ ਚੁੱਕਾ ਹੈ।

ਬ੍ਰਿਟਿਸ਼ ਸੇਫਟੀ ਕੌਂਸਲ ਅਨੁਸਾਰ ਭਾਰਤ ਵਿੱਚ ਕੇਵਲ 20 ਫ਼ੀਸਦੀ ਕਰਮਚਾਰੀ ਸਿਹਤ ਅਤੇ ਹਿਫਾਜ਼ਤ ਦੇ ਕਵਰ ਅਧੀਨ ਹਨ। ਬਾਕੀ 80 ਫ਼ੀਸਦੀ ਹਮੇਸ਼ਾ ਹੀ ਅਸੁਰੱਖਿਅਤ ਵਾਤਾਵਰਣ ਅਤੇ ਹਾਲਾਤ ਵਿੱਚ ਕੰਮ ਕਰਦੇ ਹਨ। ਅੰਤਰਰਾਸ਼ਟਰੀ ਮਜ਼ਦੂਰ ਸੰਗਠਨ ਅਨੁਸਾਰ ਭਾਰਤ ਵਿੱਚ ਕੇਵਲ 21 ਫ਼ੀਸਦੀ ਫੈਕਟਰੀਆਂ ’ਚ ਪੁਰਸ਼ਾਂ ਤੇ ਔਰਤਾਂ ਲਈ ਵੱਖ ਵੱਖ ਪਖਾਨੇ ਹਨ। ਔਰਤਾਂ ਦੀਆਂ ਸਿਹਤ ਸਫ਼ਾਈ ਦੀਆਂ ਖ਼ਾਸ ਤੇ ਵੱਖਰੀਆਂ ਸਹੂਲਤਾਂ ਦਾ ਕੋਈ ਧਿਆਨ ਨਹੀਂ ਰੱਖਿਆ ਜਾਂਦਾ। ਕੰਮ ਦੇ ਬਦਲੇ ਸੋਸ਼ਣ ਜਾਂ ਰੁਜ਼ਗਾਰ ਪ੍ਰਾਪਤੀ ਦੇ ਇਵਜ਼ ਵਜੋਂ ਉੱਚ ਅਧਿਕਾਰੀਆਂ ਲਈ ਜਿਸਮ ਸਮਰਪਣ ਨੂੰ ਹਥਿਆਰ ਵਾਂਗ ਵਰਤਿਆ ਜਾਣ ਲੱਗਿਆ ਹੈ। ਕੋਈ ਵੀ ਅਦਾਰਾ ਅਜਿਹਾ ਨਹੀਂ ਜਿੱਥੇ ਔਰਤ ਆਪਣੇ ਆਪ ਨੂੰ ਸੁਰੱਖਿਅਤ ਸਮਝਦੀ ਹੋਵੇ।

ਕੰਮਕਾਜੀ ਥਾਵਾਂ ਉੱਪਰ ਔਰਤਾਂ ਦੀ ਸੁਰੱਖਿਆ, ਖ਼ਾਸ ਗੰਭੀਰਤਾ ਦਾ ਵਿਸ਼ਾ ਹੈ ਜਿਹੜਾ ਤੁਰੰਤ ਕਾਰਵਾਈ/ਨੀਤੀ ਦੀ ਮੰਗ ਕਰਦਾ ਹੈ। ਮੌਜੂਦਾ ਕਾਨੂੰਨ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਨਹੀਂ ਹੁੰਦੇ ਅਤੇ ਔਰਤਾਂ ਨੂੰ ਇਨਸਾਫ਼ ਇਸ ਲਈ ਨਹੀਂ ਮਿਲਦਾ ਕਿਉਂਕਿ ਉੱਚ ਅਹੁਦਿਆਂ ’ਤੇ ਬੈਠੇ ਕੁਝ ਅਧਿਕਾਰੀ ਇਸ ਘਿਨਾਉਣੇ ਅਪਰਾਧ ਵਿੱਚ ਹਿੱਸੇਦਾਰ ਹੁੰਦੇ ਹਨ। ਇਸ ਵਿੱਚ ਸਿਆਸਤ, ਸਿਆਸੀ ਪਾਰਟੀਆਂ, ਭਾਈ-ਭਤੀਜਾਵਾਦ ਤੇ ਆੜੇ ਨਹੀਂ ਆਉਣਾ ਚਾਹੀਦਾ। ਭਾਰਤ ਵਿੱਚ ਇਸ ਵੇਲੇ ਹਾਕਮ ਪਾਰਟੀ ਦੇ 40 ਦੇ ਕਰੀਬ ਸੰਸਦ ਮੈਂਬਰ ਅਜਿਹੇ ਹਨ ਜਿਨ੍ਹਾਂ ਵਿਰੁੱਧ ਬਲਾਤਕਾਰ ਦੇ ਦੋਸ਼ ਹਨ। ਕੇਵਲ ‘ਬੇਟੀ ਬਚਾਓ, ਬੇਟੀ ਪੜ੍ਹਾਓ’ ਦੇ ਨਾਅਰੇ ਲਗਾ ਦੇਣ ਨਾਲ ਬੇਟੀ ਸੁਰੱਖਿਅਤ ਨਹੀਂ ਹੋ ਜਾਂਦੀ। ਜਦੋਂ ਤੱਕ ਧੀਆਂ-ਭੈਣਾਂ ਪ੍ਰਤੀ ਮਾੜੀ ਸੋਚ ਨਹੀਂ ਬਦਲਦੀ, ਪੁਰਸ਼ ਤੇ ਔਰਤ ਨੂੰ ਬਰਾਬਰ ਨਹੀਂ ਸਮਝਿਆ ਜਾਂਦਾ ਉਦੋਂ ਤਕ ਮਸਲੇ ਦਾ ਹੱਲ ਨਹੀਂ ਹੋਣਾ। ਬੰਗਾਲ ਦੀ ਮਮਤਾ ਬੈਨਰਜੀ ਦੀ ਸਰਕਾਰ ਨੇ ਜਿਨਸੀ ਸੋਸ਼ਣ ਦੇ ਅਪਰਾਧੀਆਂ ਲਈ ਮੌਤ ਦੀ ਸਜ਼ਾ ਦਾ ਕਾਨੂੰਨ ਪਾਸ ਕਰਨ ਦੀ ਮੰਗ ਕੀਤੀ ਹੈ ਪਰ ਇਸ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਅਪਰਾਧੀਆਂ ਖ਼ਿਲਾਫ਼ ਪੱਕੇ ਸਬੂਤ ਵੀ ਹੋਣ। ਸਮੂਹਿਕ ਜਬਰ-ਜਨਾਹ ਲਈ ਕਿਸੇ ਇੱਕ ਵਿਅਕਤੀ ਨੂੰ ਦੋਸ਼ੀ ਠਹਿਰਾ ਕੇ ਸਜ਼ਾ ਦੇਣਾ, ਸਬੂਤਾਂ ਅਤੇ ਗਵਾਹਾਂ ਦੀ ਅਣਹੋਂਦ ਕਾਰਨ ਮੁਕੱਦਮਾ ਲਟਕਾਈ ਰੱਖਣਾ, 12 ਸਾਲਾਂ ਬਾਅਦ ਸਜ਼ਾ ਸੁਣਾਉਣਾ ਤੇ ਸਜ਼ਾ ਦੌਰਾਨ ਦੋਸ਼ੀਆਂ ਦੇ (ਅਖੌਤੀ) ਚੰਗੇ ਵਿਹਾਰ ਕਰਨ ਉਨ੍ਹਾਂ ਦੀ ਸਜ਼ਾ ਪੂਰੀ ਹੋਣ ਤੋਂ ਪਹਿਲਾਂ ਹੀ ਰਿਹਾਅ ਕਰ ਦੇਣਾ ਅਤੇ ਬਾਹਰ ਆਉਣ ’ਤੇ ਕੁਝ ਕਰਿੰਦਿਆਂ ਵੱਲੋਂ ਉਨ੍ਹਾਂ ਦਾ ਸਵਾਗਤ ਕਰਨਾ (ਬਿਲਕੀਸ ਬਾਨੋ ਕੇਸ), ਸਜ਼ਾ ਕੱਟ ਰਹੇ ਦੋਸ਼ੀਆਂ ਨੂੰ ਸਮੇਂ ਸਮੇਂ ਪੈਰੋਲ ’ਤੇ ਛੱਡਣਾ (ਗੁਰਮੀਤ ਰਾਮ ਰਹੀਮ ਸਿੰਘ ਕੇਸ), ਹਾਲ ਦੁਹਾਈ ਪਾਉਣ ਦੇ ਬਾਵਜੂਦ ਦੋਸ਼ੀ ਖ਼ਿਲਾਫ਼ ਪਰਚਾ ਦਰਜ ਕਰਨ ਵਿੱਚ ਦੇਰੀ (ਹਰਿਆਣਾ ਦੀਆਂ ਪਹਿਲਵਾਨ ਕੁੜੀਆਂ ਦਾ ਕੇਸ), ਇਹ ਸਾਰਾ ਕੁਝ ਪੀੜਤ ਔਰਤ ਦੀ ਮਾਨਸਿਕ ਪੀੜਾ ਨੂੰ ਘਟਾਉਣ ਦੀ ਬਜਾਏ ਹੋਰ ਵਧਾਉਂਦਾ ਹੈ। ਭਾਵੇਂ ਕੰਮਕਾਜੀ ਥਾਵਾਂ ’ਤੇ ਔਰਤਾਂ ਲਈ ਸ਼ਿਕਾਇਤ ਨਿਵਾਰਨ ਸੈੱਲ ਬਣੇ ਹੋਏ ਹਨ ਪਰ ਉਨ੍ਹਾਂ ਕੋਲ ਵੀ ਜਦੋਂ ਕੋਈ ਸ਼ਿਕਾਇਤ ਪਹੁੰਚਦੀ ਹੈ ਤਾਂ ਉਹ ਵੀ ਤੁਰੰਤ ਐਕਸ਼ਨ ਲੈਣ ਦੀ ਥਾਂ ਜਾਂਚ-ਪੜਤਾਲ ਲਈ ਕਮੇਟੀ ਦਾ ਗਠਨ ਹੀ ਕਰਦੇ ਹਨ। ਪੁਲੀਸ ਵਿਭਾਗ ਨੇ ਔਰਤਾਂ ਦੀ ਸੁਰੱਖਿਆ ਵਾਸਤੇ ਸਪੈਸ਼ਲ ਨੰਬਰ ਜਾਰੀ ਕੀਤੇ ਹੋਏ ਹਨ। ਕਿਸੇ ਅਣਸੁਖਾਵੀਂ ਘਟਨਾ ਦੇ ਵਾਪਰਨ ਨੂੰ ਭਾਂਪਦੇ ਹੋਏ ਉਹ ਫੋਨ ਦਾ ਇਸਤੇਮਾਲ ਕਰ ਸਕਦੀ ਹੈ ਪਰ ਜਦੋਂ ਤੱਕ ਪੁਲਿਸ ਪਹੁੰਚਦੀ ਹੈ, ਦੇਰ ਹੋ ਚੁੱਕੀ ਹੁੰਦੀ ਹੈ।

# ਲੋੜ ਤੋਂ ਵੱਧ ਬਾਰਿਸ਼ ਬਣ ਰਹੀ ਹੈ ਆਫ਼ਤ

ਪ੍ਰੋਫੈਸਰ ਮਾਨ ਸਿੰਘ

ਇਸ ਸਾਲ ਬਰਸਾਤ ਦੀ ਰੁੱਤ ਦੌਰਾਨ ਦੇਸ਼ ਦੇ ਕਈ ਹਿੱਸਿਆਂ ਵਿਚ ਬਹੁਤ ਬਾਰਿਸ਼ ਹੋ ਰਹੀ ਹੈ। ਇਸ ਵਾਰ ਦੇਸ਼ ਦੇ ਪੂਰਬੀ ਤਟ ਵਾਲੇ ਸੂਬੇ ਹੀ ਨਹੀਂ ਸਗੋਂ ਪੱਛਮੀ ਤਟ ਵਾਲੇ ਸੂਬੇ ਜਿਵੇਂ ਗੁਜਰਾਤ, ਮਹਾਰਾਸ਼ਟਰ ਤੋਂ ਇਲਾਵਾ ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼, ਬਿਹਾਰ ਆਦਿ ਵਿਚ ਵੀ ਜਲ ਪਰਲੋ ਵਰਗੇ ਹਾਲਾਤ ਪੈਦਾ ਹੋ ਗਏ ਹਨ। ਅਣਗਿਣਤ ਬੰਨ੍ਹਾਂ ਦੇ ਫਾਟਕ ਖੋਲ੍ਹ ਦਿੱਤੇ ਗਏ ਹਨ ਜਿਸ ਕਾਰਨ ਹੇਠਲੇ ਇਲਾਕਿਆਂ ਵਿਚ ਹੜ੍ਹ ਆ ਗਏ ਹਨ।




ਇਸ ਕਾਰਨ ਖੜ੍ਹੀਆਂ ਫ਼ਸਲਾਂ ਤੇ ਸੰਪਤੀ ਦਾ ਨੁਕਸਾਨ ਹੋ ਰਿਹਾ ਹੈ। ਹੁਣ ਅਜਿਹੀ ਹਾਲਤ ਹਰ ਦੂਜੇ-ਤੀਜੇ ਸਾਲ ਪੈਦਾ ਹੋਣ ਲੱਗੀ ਹੈ, ਕਦੇ ਇਸ ਸੂਬੇ ਵਿਚ ਤੇ ਕਦੇ ਦੂਜੇ ਸੂਬੇ ਵਿਚ। ਨਤੀਜੇ ਵਜੋਂ ਸ਼ਹਿਰੀ ਸੰਪਤੀ ਤੇ ਬੁਨਿਆਦੀ ਢਾਂਚੇ ਦਾ ਭਾਰੀ ਨੁਕਸਾਨ ਹੋ ਰਿਹਾ ਹੈ। ਭਾਰਤੀ ਕਿਸਾਨ ਤੇ ਖੇਤੀ ਮਜ਼ਦੂਰ ਦਿਹਾਤੀ ਆਰਥਿਕਤਾ ਦਾ ਹਿੱਸਾ ਹਨ। ਜਲਵਾਯੂ ਪਰਿਵਰਤਨ ਕਾਰਨ ਉਨ੍ਹਾਂ ਦਾ ਵਾਹ ਕਦੇ ਸੋਕੇ, ਕਦੇ ਹੜ੍ਹ ਤੇ ਕਦੇ ਚੱਕਰਵਾਤ ਨਾਲ ਪੈਣ ਲੱਗਾ ਹੈ।

ਪੇਂਡੂ ਇਲਾਕਿਆਂ ਵਿਚ ਫ਼ਸਲਾਂ ਜਲਮਗਨ ਹੋ ਕੇ ਨਸ਼ਟ ਹੋ ਰਹੀਆਂ ਹਨ। ਜੋ ਕਿਸਾਨ ਗ਼ਰੀਬੀ ਰੇਖਾ ਦੇ ਉੱਪਰ ਗਏ ਸਨ, ਪਾਣੀ ਦੇ ਇਸ ਕਹਿਰ ਕਾਰਨ ਇਕ ਵਾਰ ਮੁੜ ਗ਼ਰੀਬੀ ਰੇਖਾ ਨੂੰ ਛੂਹਣ ਜਾਂ ਉਸ ਤੋਂ ਹੇਠਾਂ ਜਾਣ ਲੱਗੇ ਹਨ। ਕੁਦਰਤੀ ਕਰੋਪੀ ਦਾ ਸਾਹਮਣਾ ਕਰਨਾ ਹੁਣ ਇਕ ਸਾਲਾਨਾ ਰਵਾਇਤ ਬਣ ਗਈ ਹੈ। ਕਿਸਾਨਾਂ ਤੇ ਖੇਤੀ ਕਾਮਿਆਂ ਨੂੰ ਸਥਾਈ ਤੌਰ ’ਤੇ ਗ਼ਰੀਬੀ ਦੇ ਦਾਇਰੇ ਤੋਂ ਬਾਹਰ ਕੱਢਣ ਲਈ ਨਵੇਂ ਉਪਾਵਾਂ ਬਾਰੇ ਹੁਣ ਸੋਚਣਾ ਹੋਵੇਗਾ। ਇਸ ਲਈ ਡਰੇਨੇਜ ਸਿਸਟਮ ਨੂੰ ਉੱਨਤ ਬਣਾਉਣ ਤੇ ਬਹੁਤ ਮੀਂਹ ਕਾਰਨ ਹੋਣ ਵਾਲੇ ਨੁਕਸਾਨਾਂ ਤੋਂ ਬਚਣ ਲਈ ਪਾਣੀ ਦੀ ਨਿਕਾਸੀ ਲਈ ਬਿਹਤਰ ਬੁਨਿਆਦੀ ਢਾਂਚੇ ਦੇ ਵਿਕਾਸ ਦੀ ਜ਼ਰੂਰਤ ਵਧ ਗਈ ਹੈ। ਭਾਰਤ ਵਿਸ਼ਵ ਦੇ 2.4 ਪ੍ਰਤੀਸ਼ਤ ਭੂਗੋਲਿਕ ਭੂ-ਭਾਗ ਤੇ ਚਾਰ ਪ੍ਰਤੀਸ਼ਤ ਜਲ ਸੋਮਿਆਂ ਦੀ ਮਦਦ ਨਾਲ ਆਪਣੀਆਂ ਅਨਾਜ ਸਬੰਧੀ ਜ਼ਰੂਰਤਾਂ ਦੀ ਪੂਰਤੀ ਕਰਦਾ ਹੈ ਪਰ ਬਹੁਤ ਬਾਰਿਸ਼ ਕਾਰਨ ਆਏ ਹੜ੍ਹਾਂ ਨਾਲ ਦਾਲਾਂ ਤੇ ਤੇਲਾਂ ਵਾਲੀਆਂ ਫ਼ਸਲਾਂ ਨੂੰ ਸਭ ਤੋਂ ਵੱਧ ਨੁਕਸਾਨ ਹੁੰਦਾ ਹੈ। ਦੇਸ਼ ਪਹਿਲਾਂ ਤੋਂ ਹੀ ਦਾਲਾਂ ਤੇ ਖਾਣ ਵਾਲੇ ਤੇਲਾਂ ਦੀ ਕਮੀ ਨਾਲ ਜੂਝ ਰਿਹਾ ਹੈ।

ਦਰਅਸਲ, ਪਾਣੀ ਦੀ ਬਹੁਤਾਤ ਇਨ੍ਹਾਂ ਦੀ ਦੁਸ਼ਮਣ ਹੈ। ਸੰਨ 2016 ਕੌਮਾਂਤਰੀ ਦਲਹਨ ਸਾਲ ਦੇ ਤੌਰ ’ਤੇ ਮਨਾਇਆ ਗਿਆ ਸੀ। ਉਸੇ ਦੌਰਾਨ ਭਾਰਤ ਵਿਸ਼ਵ ਬਾਜ਼ਾਰ ਤੋਂ ਦਾਲਾਂ ਦਰਾਮਦ ਕਰਨ ਲਈ ਮਜਬੂਰ ਹੋਇਆ। ਘਰੇਲੂ ਮੰਗ ਦੀ ਪੂਰਤੀ ਲਈ ਭਾਰਤ ਨੇ ਕੈਨੇਡਾ, ਮਿਆਂਮਾਰ, ਤਨਜਾਨੀਆ, ਮੋਜ਼ੰਬੀਕ ਆਦਿ ਮੁਲਕਾਂ ਦਾ ਬੂਹਾ ਖੜਕਾਇਆ ਪਰ ਉਨ੍ਹਾਂ ਕੋਲ ਵੀ ਦਾਲਾਂ ਦੀ ਕਮੀ ਸੀ। ਲਿਹਾਜ਼ਾ ਉੱਚੇ ਭਾਅ ’ਤੇ ਦੂਜੇ ਦੇਸ਼ਾਂ ਤੋਂ ਭਾਰਤ ਦਾਲਾਂ ਦਰਾਮਦ ਕਰਨ ਲਈ ਮਜਬੂਰ ਹੋਇਆ। ਉਦੋਂ ਤੋਂ ਹੀ ਇਨ੍ਹਾਂ ਦੀਆਂ ਕੀਮਤਾਂ ਬਹੁਤ ਵਧੀਆਂ ਹੋਈਆਂ ਹਨ। ਅਜਿਹੀ ਸਥਿਤੀ ਇਸ ਸਾਲ ਵੀ ਪੈਦਾ ਹੋਣ ਦਾ ਸ਼ੰਕਾ ਹੈ। ਭਾਰਤ ਦੀ ਆਬਾਦੀ ਚੀਨ ਨਾਲੋਂ ਜ਼ਿਆਦਾ ਹੋ ਗਈ ਹੈ। ਅਜਿਹੇ ਵਿਚ ਮੁਲਕ ਦੀ ਅਨਾਜ ਸੁਰੱਖਿਆ ਬਾਰੇ ਸੋਚਣਾ ਬੇਹੱਦ ਜ਼ਰੂਰੀ ਹੋ ਗਿਆ ਹੈ।

# ਧਰਮ ਪਰਿਵਰਤਨ ਦਾ ਸੰਵੇਦਨਸ਼ੀਲ ਮੁੱਦਾ

ਆਰ ਕੇ ਸਿਨਹਾ

ਭਾਰਤ ਦੇ ਹਰੇਕ ਨਾਗਰਿਕ ਨੂੰ ਕਿਸੇ ਮੱਤ ਜਾਂ ਧਰਮ ਨੂੰ ਮੰਨਣ ਜਾਂ ਨਾ ਮੰਨਣ ਜਾਂ ਫਿਰ ਕਿਸੇ ਵੀ ਮੱਤ ਨਾਲ ਜੁੜਨ ਦਾ ਅਧਿਕਾਰ ਸੰਵਿਧਾਨ ਦਿੰਦਾ ਹੈ ਪਰ ਕਿਸੇ ਲਾਲਚ ਜਾਂ ਗ਼ਲਤਫਹਿਮੀ ਵਿਚ ਯੋਜਨਾਬੱਧ ਤੌਰ ’ਤੇ ਕਿਸੇ ਤਰ੍ਹਾਂ ਦਾ ਧਰਮ ਪਰਿਵਰਤਨ ਅਪਰਾਧ ਮੰਨਿਆ ਗਿਆ ਹੈ। ਇਸ ਸਿਲਸਿਲੇ ਵਿਚ ਉੱਤਰ ਪ੍ਰਦੇਸ਼ ਦੀ ਇਕ ਵਿਸ਼ੇਸ਼ ਅਦਾਲਤ ਦੁਆਰਾ ਹਾਲ ਹੀ ਵਿਚ ਗ਼ੈਰ-ਕਾਨੂੰਨੀ ਧਰਮ ਪਰਿਵਰਤਨ ਦੇ ਮਾਮਲੇ ਵਿਚ ਦੋਸ਼ੀ ਕਰਾਰ ਦਿੱਤੇ ਗਏ 12 ਲੋਕਾਂ ਨੂੰ ਉਮਰ ਕੈਦ ਤੇ ਚਾਰ ਹੋਰ ਦੋਸ਼ੀਆਂ ਨੂੰ 10-10 ਸਾਲ ਕੈਦ ਦੀ ਸਜ਼ਾ ਸੁਣਾਉਣਾ ਮਹੱਤਵਪੂਰਨ ਹੈ। ਕੋਰਟ ਮੁਤਾਬਕ ਉਮਰ ਗੌਤਮ ਤੇ ਹੋਰ ਮੁਲਜ਼ਮ ਇਕ ਸਾਜ਼ਿਸ਼ ਤਹਿਤ ਧਾਰਮਿਕ ਨਫ਼ਰਤ ਫੈਲਾ ਕੇ ਸਾਰੇ ਦੇਸ਼ ਵਿਚ ਗ਼ੈਰ-ਕਾਨੂੰਨੀ ਧਰਮ ਪਰਿਵਰਤਨ ਕਰਵਾਉਣ ਦਾ ਗਿਰੋਹ ਚਲਾ ਰਹੇ ਸਨ। ਉਨ੍ਹਾਂ ਦੇ ਤਾਰ ਕਈ ਹੋਰ ਦੇਸ਼ਾਂ ਨਾਲ ਵੀ ਜੁੜੇ ਹੋਏ ਸਨ। ਉਹ ਹਵਾਲਾ ਜ਼ਰੀਏ ਵਿਦੇਸ਼ ਤੋਂ ਧਨ ਭੇਜੇ ਜਾਣ ਦੇ ਮਾਮਲੇ ਵਿਚ ਵੀ ਲਿਪਤ ਸਨ। ਉਹ ਦੇਸ਼ ਵਿਚ ਆਰਥਿਕ ਤੌਰ ’ਤੇ ਕਮਜ਼ੋਰ ਮਹਿਲਾਵਾਂ ਤੇ ਦਿਵਿਆਂਗਾਂ ਨੂੰ ਲਾਲਚ ਦੇ ਕੇ ਅਤੇ ਉਨ੍ਹਾਂ ’ਤੇ ਗ਼ੈਰ-ਵਾਜਬ ਦਬਾਅ ਪਾ ਕੇ ਵੱਡੇ ਪੈਮਾਨੇ ’ਤੇ ਉਨ੍ਹਾਂ ਦਾ ਧਰਮ ਤਬਦੀਲ ਕਰਵਾ ਰਹੇ ਸਨ। ਉਮਰ ਗੌਤਮ ਨੂੰ ਮੁਫ਼ਤੀ ਕਾਜ਼ੀ ਜਹਾਂਗੀਰ ਆਲਮ ਕਾਸਮੀ ਨਾਲ 2021 ਵਿਚ ਦਿੱਲੀ ਦੇ ਜਾਮੀਆ ਨਗਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ।



ਉਹ ਇਕ ਅਜਿਹੇ ਨਾਜਾਇਜ਼ ਸੰਗਠਨ ਦਾ ਸੰਚਾਲਨ ਕਰ ਰਿਹਾ ਸੀ ਜੋ ਉੱਤਰ ਪ੍ਰਦੇਸ਼ ਵਿਚ ਗੂੰਗੇ-ਬੋਲੇ ਵਿਦਿਆਰਥੀਆਂ ਤੇ ਗ਼ਰੀਬ ਲੋਕਾਂ ਨੂੰ ਇਸਲਾਮ ਵਿਚ ਸ਼ਾਮਲ ਕਰਵਾਉਣ ਦੇ ਕੰਮ ਵਿਚ ਸ਼ਾਮਲ ਸੀ। ਉਮਰ ਗੌਤਮ ਪਹਿਲਾਂ ਹਿੰਦੂ ਸੀ ਪਰ ਉਸ ਨੇ ਇਸਲਾਮ ਸਵੀਕਾਰ ਕਰ ਲਿਆ ਤੇ ਧਰਮ ਤਬਦੀਲ ਕਰਵਾਉਣ ਦੇ ਗ਼ੈਰ-ਕਾਨੂੰਨੀ ਧੰਦੇ ’ਚ ਸਰਗਰਮ ਹੋ ਗਿਆ। ਭਾਰਤੀ ਸੰਵਿਧਾਨ ਧਾਰਮਿਕ ਆਜ਼ਾਦੀ ਦੀ ਗਾਰੰਟੀ ਦਿੰਦਾ ਹੈ ਜਿਸ ਵਿਚ ਸਵੈ-ਇੱਛਾ ਜਾਂ ਸਵੈ-ਵਿਵੇਕ ਨਾਲ ਧਰਮ ਬਦਲਣ ਦਾ ਅਧਿਕਾਰ ਵੀ ਸ਼ਾਮਲ ਹੈ।

ਸੰਵਿਧਾਨ ਦੀ ਧਾਰਾ 25 ਤੇ 26 ਵਿਚ ਧਾਰਮਿਕ ਸੁਤੰਤਰਤਾ ਤੇ ਧਰਮ ਬਦਲਣ ਦੇ ਅਧਿਕਾਰ ਦੀ ਗੱਲ ਤਾਂ ਆਖੀ ਗਈ ਹੈ ਪਰ ਉਮਰ ਗੌਤਮ ਤੇ ਉਸ ਦੇ ਸਾਥੀ ਗ਼ਰੀਬਾਂ ਨੂੰ ਲਾਲਚ ਦੇ ਕੇ ਤੇ ਜ਼ੋਰ-ਜ਼ਬਰਦਸਤੀ ਨਾਲ ਧਰਮ ਤਬਦੀਲ ਕਰਵਾ ਰਹੇ ਸਨ। ਭਾਰਤ ਵਿਚ ਧਰਮ ਪਰਿਵਰਤਨ ਇਕ ਸੰਵੇਦਨਸ਼ੀਲ ਮੁੱਦਾ ਹੈ ਜਿਸ ਵਿਚ ਕਾਨੂੰਨੀ, ਧਾਰਮਿਕ ਤੇ ਸਮਾਜਿਕ, ਸਾਰੇ ਪਹਿਲੂ ਸ਼ਾਮਲ ਹਨ। ਕੁਝ ਸਾਲ ਪਹਿਲਾਂ ਕੇਰਲ ਦੇ ਵੱਕਾਰੀ ਫਿਲਮ ਨਿਰਮਾਤਾ-ਨਿਰਦੇਸ਼ਕ ਅਲੀ ਅਕਬਰ ਤੇ ਉਸ ਦੀ ਈਸਾਈ ਪਤਨੀ ਲੂਸੀ ਅੰਮਾ ਨੇ ਆਰੀਆ ਸਮਾਜ ’ਚ ਹਵਨ ਜ਼ਰੀਏ ਹਿੰਦੂ ਧਰਮ ਅਪਣਾ ਲਿਆ ਸੀ। ਆਰੀਆ ਸਮਾਜ ਦੇ ਸਵਾਮੀ ਜੀ ਦੁਆਰਾ ਉਨ੍ਹਾਂ ਦਾ ਨਵਾਂ ਨਾਮਕਰਨ ਵੀ ਕਰ ਦਿੱਤਾ ਗਿਆ। ਅਲੀ ਅਕਬਰ ਨੂੰ ਨਵਾਂ ਨਾਮ ਮਿਲਿਆ ਸੀ ਰਾਮ ਸਿੰਮਹਨ। ਉਸ ਨੇ ਸਵੈ-ਵਿਵੇਕ ਨਾਲ ਹਿੰਦੂ ਧਰਮ ਅਪਣਾਇਆ ਸੀ। ਇਸ ’ਤੇ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ।

# ਪੁਲਿਸ ਤੋਂ ਆਮ ਜਨਤਾ ਦਾ ਭਰੋਸਾ ਕਿਉਂ ਉੱਠ ਰਿਹੈ?



ਗੁਰਬਚਨ ਜਗਤ

ਦੋ ਕੁ ਹਫ਼ਤੇ ਪਹਿਲਾਂ ਸੁਪਰੀਮ ਕੋਰਟ ਨੇ ਕੋਲਕਾਤਾ ਹੱਤਿਆ ਅਤੇ ਬਲਾਤਕਾਰ ਕੇਸ ਦਾ ਆਪਣੇ ਤੌਰ 'ਤੇ ਨੋਟਿਸ ਲੈਂਦਿਆਂ ਇਸ ਦੀ ਜਾਂਚ ਸੀਬੀਆਈ ਨੂੰ ਸੌਂਪੀ ਸੀ। ਇਹ ਹੱਤਿਆ ਤੇ ਬਲਾਤਕਾਰ ਦਾ ਬਹੁਤ ਹੀ ਘਿਣਾਉਣਾ ਮਾਮਲਾ ਸੀ ਜਿਸ ਨੇ ਦੇਸ਼ ਨੂੰ ਝੰਜੋੜ ਦਿੱਤਾ। ਇਸ ਦੇ ਖਿਲਾਫ਼ ਆਪ ਮੁਹਾਰੇ ਹਿੰਸਕ ਤੇ ਅਹਿੰਸਕ ਰੋਸ ਵਿਖਾਵੇ ਹੋਏ, ਖਾਸਕਰ ਦੇਸ਼ ਭਰ ਵਿਚ ਡਾਕਟਰਾਂ ਨੇ ਲੰਮਾ ਸਮਾਂ ਹੜਤਾਲ ਕੀਤੀ। ਝਟਪਟ ਨਤੀਜਿਆਂ ਦੀ ਸੀਬੀਆਈ ਤੋਂ ਲਾਈ ਗਈ ਆਸ ਪੂਰੀ ਨਾ ਹੋ ਸਕੀ।

ਇਸ ਦਖ਼ਲ ਤੋਂ ਬਾਅਦ ਵੀ ਦੇਸ਼ ਭਰ ਵਿਚ ਹੱਤਿਆ ਅਤੇ ਬਲਾਤਕਾਰ ਦੇ ਕਈ ਹੋਰ ਕੇਸ ਸਾਹਮਣੇ ਆਏ ਪਰ ਅਦਾਲਤਾਂ ਜਾਂ ਸਮਾਜਿਕ ਗਰੁੱਪਾਂ ਨੇ ਉਨ੍ਹਾਂ ਵੱਲ ਉਹੋ ਜਿਹੀ ਤਵੱਜੋ ਨਾ ਦਿੱਤੀ। ਪਹਿਲਾਂ ਵਾਪਰੇ ਕੇਸਾਂ ਵਿਚ ਸੁਪਰੀਮ ਕੋਰਟ ਦੇ ਦਖ਼ਲ ਨਾਲ ਇਹੋ ਜਿਹੇ ਕੇਸਾਂ ਦੇ ਵਾਰ-ਵਾਰ ਵਾਪਰਨ 'ਤੇ ਕੋਈ ਫ਼ਰਕ ਨਹੀਂ ਪਿਆ ਅਤੇ ਹੁਣ ਵਾਲੇ ਦਖ਼ਲ ਨਾਲ ਵੀ ਇਹ ਕੇਸ ਵਾਪਰਨੇ ਬੰਦ ਨਹੀਂ ਹੋਣਗੇ। ਹਾਲਾਂਕਿ ਸੀਬੀਆਈ ਨੂੰ ਇਹ ਕੇਸ ਸੌਂਪਣਾ ਬਿਲਕੁਲ ਸਹੀ ਹੈ ਜਿਸ ਕਰ ਕੇ ਮੇਰੇ ਮਨ ਵਿਚ ਵੱਖਰੀ ਤਰ੍ਹਾਂ ਦੇ ਖ਼ਿਆਲ ਉੱਠਦੇ ਹਨ, ਮਸਲਨ ਸੁਪਰੀਮ ਕੋਰਟ ਅਤੇ ਹਾਈ ਕੋਰਟਾਂ ਨੂੰ ਸੂਬਾਈ ਪੁਲੀਸ ਬਲਾਂ ਅਤੇ ਪੁਲੀਸ ਸਟੇਸ਼ਨਾਂ ਦੀ ਪੇਸ਼ੇਵਰ ਮੁਹਾਰਤ ਅਤੇ ਦਿਆਨਤਦਾਰੀ 'ਤੇ ਭਰੋਸਾ ਕਿਉਂ ਨਹੀਂ ਰਿਹਾ? ਇਵੇਂ ਹੀ ਸੂਬਾਈ ਸਰਕਾਰਾਂ ਅਤੇ ਹੇਠਲੀ ਜੁਡੀਸ਼ਰੀ ਤੋਂ ਵੀ ਭਰੋਸਾ ਕਿਉਂ ਖਤਮ ਹੋ ਗਿਆ ਹੈ? ਕੀ ਇਹ ਰਾਤੋਰਾਤ ਵਾਪਰਿਆ ਹੈ ਜਾਂ ਹੌਲੀ-ਹੌਲੀ ਅਜਿਹਾ ਹੋਇਆ ਹੈ ਪਰ ਇਸ



ਕਰ ਕੇ ਜੋ ਸਥਿਤੀ ਬਣੀ ਹੈ, ਉਸ ਵਿਚ ਸਿਆਸਤਦਾਨ ਸਰਬ ਸ਼ਕਤੀਮਾਨ ਬਣਦਾ ਜਾ ਰਿਹਾ ਹੈ ਅਤੇ ਜੋ ਹੁਣ ਪੁਲਿਸ ਬਲ ਅਤੇ ਸਰਕਾਰ ਦੇ ਅੰਦਰ ਅਤੇ ਬਾਹਰ ਬੈਠੇ ਅਪਰਾਧੀ ਅਨਸਰਾਂ ਦੀ ਮਦਦ ਨਾਲ ਇਸ ਸ਼ੋਅ ਦਾ ਨਿਰਦੇਸ਼ਨ ਕਰ ਰਿਹਾ ਹੈ।

ਪਿਛਾਂਹ ਮੁੜ ਕੇ ਦੇਖੀਏ ਤਾਂ ਪਹਿਲਾਂ ਅਦਾਲਤਾਂ ਜਾਂ ਸੂਬਾਈ ਅਤੇ ਕੇਂਦਰ ਸਰਕਾਰਾਂ ਵਲੋਂ ਭ੍ਰਿਸ਼ਟਾਚਾਰ ਦੇ ਬਹੁਤ ਹੀ ਮਹੱਤਵਪੂਰਨ ਮਾਮਲੇ ਸੀਬੀਆਈ ਨੂੰ ਸੌਂਪੇ ਜਾਂਦੇ ਸਨ। ਸੂਬੇ ਦੇ ਅਧਿਕਾਰੀ ਅਜਿਹੇ ਮਾਮਲਿਆਂ ਦੇ ਤਬਾਦਲੇ 'ਤੇ ਉਜਰ ਕਰਦੇ ਸਨ ਕਿਉਂਕਿ ਉਹ ਸੋਚਦੇ ਸਨ ਕਿ ਇਸ ਨਾਲ ਉਨ੍ਹਾਂ ਦਾ ਅਕਸ ਖਰਾਬ ਹੁੰਦਾ ਹੈ। ਸੀਬੀਆਈ ਦੇ ਚੰਗੇ ਨਤੀਜੇ ਵੀ ਮਿਲੇ ਕਿਉਂਕਿ ਉਸ 'ਤੇ ਬਹੁਤਾ ਦਬਾਓ ਨਹੀਂ ਪਾਇਆ ਗਿਆ ਸੀ ਕਿਉਂਕਿ ਉਸ ਨੇ ਉਤਲੇ ਪੱਧਰ 'ਤੇ ਭ੍ਰਿਸ਼ਟਾਚਾਰ ਨਾਲ ਨਜਿੱਠਣ ਲਈ ਇੱਕ ਵਿਸ਼ੇਸ਼ੀਕ੍ਰਿਤ ਏਜੰਸੀ ਵਜੋਂ ਸ਼ੁਰੂਆਤ ਕੀਤੀ ਸੀ। ਸਿਆਸੀ ਸ਼ਾਖਾ ਦੇ ਲਗਾਤਾਰ ਮਜ਼ਬੂਤ ਹੋਣ ਅਤੇ ਇਸ ਦੇ ਨਾਲ ਨੈਤਿਕ ਗਿਰਾਵਟ ਅਤੇ ਦਿਆਨਤਦਾਰੀ ਦੀ ਘਾਟ ਕਾਰਨ ਲੋਕ ਕੇਸ ਤਬਦੀਲ ਕਰਾਉਣ ਲਈ ਸਿੱਧੇ ਅਦਾਲਤਾਂ ਤੱਕ ਪਹੁੰਚ ਕਰਨ ਲੱਗੇ। ਸੂਬਾਈ ਅਤੇ ਕੇਂਦਰ ਸਰਕਾਰਾਂ ਨੇ ਵੀ ਇੱਛਿਤ ਨਤੀਜੇ ਹਾਸਲ ਕਰਨ ਲਈ ਇਹ ਰਾਹ ਅਪਣਾਇਆ ਕਿਉਂਕਿ ਰਾਜ ਪ੍ਰਣਾਲੀ ਵਿਚ ਸਮੁੱਚੇ ਤੌਰ 'ਤੇ ਨਿਘਾਰ ਆਉਣ ਕਰ ਕੇ ਸੀਬੀਆਈ ਦਾ ਕੰਮਕਾਰ ਵੀ ਪ੍ਰਭਾਵਿਤ ਹੋਇਆ। ਜ਼ਿਆਦਾ ਫਰਮਾਬਰਦਾਰੀ ਵਾਲਾ ਢਾਂਚਾ ਕਾਇਮ ਕਰਨ ਲਈ ਉਚੇਚੇ ਤੌਰ 'ਤੇ ਅਫ਼ਸਰਾਂ ਨੂੰ ਲਿਆਂਦਾ ਗਿਆ। ਸੀਬੀਆਈ ਦਾ ਵਿਸਤਾਰ ਹੋਇਆ ਅਤੇ ਜ਼ਿਆਦਾਤਰ ਸੂਬਿਆਂ ਅੰਦਰ ਇਸ ਦੇ ਦਫ਼ਤਰ ਖੋਲ੍ਹ ਦਿੱਤੇ ਗਏ। ਉਂਝ, ਇਸ ਨਾਲ ਕੇਂਦਰ ਸਰਕਾਰ ਦੀ ਤਮਾਂ ਹੋਰ ਵਧ ਗਈ ਅਤੇ ਇਕ ਹੋਰ ਨਵੀਂ ਜਾਂਚ ਏਜੰਸੀ ਐੱਨਆਈਏ ਦਾ ਜਨਮ ਹੋਇਆ ਜਿਸ ਦਾ ਜ਼ਿਆਦਾ ਜ਼ੋਰ ਅੰਤਰਰਾਜੀ ਪ੍ਰਭਾਵ ਵਾਲੇ ਅਤਿਵਾਦੀ ਅਪਰਾਧਾਂ 'ਤੇ ਹੈ। ਇੱਥੇ ਵੀ ਕੇਂਦਰ ਸਰਕਾਰ ਦੀ ਮਰਜ਼ੀ ਹੈ ਕਿ ਉਹ ਕਿਸ ਕੇਸ ਨੂੰ ਲਵੇ ਜਾਂ ਨਾ ਲਵੇ। ਗ੍ਰਹਿ ਮੰਤਰਾਲੇ ਵਲੋਂ ਵਾਰ ਵਾਰ ਬਿਆਨ ਆਉਂਦੇ ਰਹਿੰਦੇ ਹਨ ਕਿ ਸਾਰੇ ਸੂਬਿਆਂ ਅੰਦਰ ਐਨਆਈਏ ਦੇ ਦਫ਼ਤਰ ਖੋਲ੍ਹੇ ਜਾਣਗੇ।

ਸਾਡੇ ਕੋਲ ਪਹਿਲਾਂ ਹੀ ਨਾਰਕੌਟਿਕਸ ਕੰਟਰੋਲ ਬਿਊਰੋ ਅਤੇ ਦੇਸ਼ ਵਿਆਪੀ ਤਾਕਤਾਂ ਨਾਲ ਲੈਸ ਕੀਤੀ ਐਨਫੋਰਸਮੈਂਟ ਡਾਇਰੈਕਟੋਰੇਟ ਤੇ ਨਾਲ ਹੀ ਆਈਬੀ ਅਤੇ ਰਾਅ ਵਰਗੀਆਂ ਏਜੰਸੀਆਂ ਮੌਜੂਦ ਹਨ। ਇਨ੍ਹਾਂ ਤੋਂ ਇਲਾਵਾ ਸਾਡੇ ਕੋਲ ਨੀਮ ਫ਼ੌਜੀ ਬਲ ਮੌਜੂਦ ਹਨ ਜਿਨ੍ਹਾਂ ਕੋਲ ਰਾਸ਼ਟਰੀ ਅਖਤਿਆਰ ਹਨ। ਨੀਮ ਫ਼ੌਜੀ ਦਸਤਿਆਂ ਨੂੰ ਅਮਨ ਕਾਨੂੰਨ ਦੀਆਂ ਅਜਿਹੀਆਂ ਹਾਲਤਾਂ ਨਾਲ ਸਿੱਝਣ ਲਈ ਭੇਜਿਆ ਜਾਂਦਾ ਹੈ ਜੋ ਸੂਬਾਈ ਪੁਲੀਸ ਬਲਾਂ ਤੋਂ ਨਾ ਸੰਭਾਲੀਆਂ ਜਾ ਰਹੀਆਂ ਹੋਣ। ਸੂਬੇ ਵੀ ਇਹ ਦਸਤੇ ਮੰਗਵਾ ਸਕਦੇ ਹਨ ਜਾਂ ਕੇਂਦਰੀ ਗ੍ਰਹਿ ਮੰਤਰਾਲਾ ਆਪਣੇ ਤੌਰ 'ਤੇ ਨਾਮਾਤਰ ਪ੍ਰਵਾਨਗੀ ਨਾਲ ਹੀ ਸੂਬਿਆਂ ਵਿਚ ਇਹ ਦਸਤੇ ਭੇਜ ਸਕਦਾ ਹੈ। ਕਈ ਸੂਬਿਆਂ ਵਿਚ ਨਿਰੰਤਰ ਕਈ ਕਈ ਦਹਾਕਿਆਂ ਤੋਂ ਸੀਆਰਪੀਐੱਫ, ਸੀਆਈਐੱਸਐੱਫ, ਬੀਐੱਸਐੱਫ, ਐੱਸਐੱਸਬੀ, ਆਈਟੀਬੀਪੀ ਦੇ ਬਲ ਤਾਇਨਾਤ ਕੀਤੇ ਹੋਏ ਹਨ। ਕਾਗਜ਼ੀ ਤੌਰ 'ਤੇ ਉਹ ਸੂਬਾਈ ਪੁਲੀਸ ਦੀ ਕਮਾਂਡ ਹੇਠ ਕੰਮ ਕਰਦੇ ਹਨ ਪਰ ਆਪਣੇ ਰੋਜ਼ਮਰ੍ਹਾ ਦੇ ਕੰਮਕਾਜ ਵਿਚ ਉਹ ਸੁਤੰਤਰ ਹੁੰਦੇ ਹਨ। ਜਦੋਂ ਸੰਵਿਧਾਨ ਮੁਤਾਬਕ ਅਮਨ ਕਾਨੂੰਨ ਸੂਬਾਈ ਵਿਸ਼ਾ ਹੈ ਤਾਂ ਸੂਬਾ ਸਰਕਾਰਾਂ ਦੀ ਕੀ ਸਥਿਤੀ ਬਚਦੀ ਹੈ? ਪੁਲੀਸ ਸਟੇਸ਼ਨ ਅਤੇ ਜ਼ਿਲ੍ਹਾ ਐੱਸਪੀ ਪੁਲੀਸ ਵਿਭਾਗ ਦਾ ਮੂੰਹ ਮੁਹਾਂਦਰਾ ਮੰਨੇ ਜਾਂਦੇ ਹਨ। ਬਾਹਰੀ ਦਖ਼ਲਅੰਦਾਜ਼ੀ ਕਰ ਕੇ ਇਨ੍ਹਾਂ ਨੂੰ ਸੱਤਾਧਾਰੀ ਪਾਰਟੀ ਦੇ ਸਹਾਇਕਾਂ ਦਾ ਰੂਪ ਬਣਾ ਕੇ ਰੱਖ ਦਿੱਤਾ ਜਾਂਦਾ ਹੈ। ਸੂਬਾਈ ਪੁਲੀਸ ਦੀ ਪੇਸ਼ੇਵਰਾਨਾ ਪਹੁੰਚ ਦੇ ਰੂਪ ਵਿਚ ਇਸ ਦੀ ਕੀਮਤ ਤਾਰਨੀ ਪੈਂਦੀ ਹੈ ਜਿਸ ਕਰ ਕੇ ਪੁਲੀਸ ਸਟੇਸ਼ਨ ਅਤੇ ਜ਼ਿਲ੍ਹਾ ਐੱਸਪੀ ਦੀ ਧਾਰ ਖੁੰਢੀ ਹੁੰਦੀ ਹੈ। ਇਹ ਪੁਲੀਸ ਅਤੇ ਲੋਕਾਂ ਵਿਚਕਾਰ ਰਾਬਤੇ ਦੇ ਮੁਕਾਮ ਹੁੰਦੇ ਹਨ ਪਰ ਇਸ ਅੰਤਰਕਿਰਿਆ ਵਿਚ ਬਹੁਤ ਜ਼ਿਆਦਾ ਸੁਧਾਰ ਦੀ ਤਵੱਕੋ ਕੀਤੀ ਜਾਂਦੀ ਹੈ। ਇਹ ਇਹੋ ਜਿਹੀਆਂ ਥਾਵਾਂ ਨਹੀਂ ਰਹਿ ਗਈਆਂ ਜਿੱਥੇ ਨਾਗਰਿਕ ਇਸ ਭਰੋਸੇ ਨਾਲ ਜਾਂਦਾ ਹੋਵੇ ਕਿ ਉਸ ਨੂੰ ਇਨਸਾਫ਼ ਮਿਲੇਗਾ ਤੇ ਉਸ ਨੂੰ ਕੋਈ ਜੁਗਾੜ ਲਾਉਣ ਦੀ ਕੋਈ ਲੋੜ ਨਹੀਂ ਹੈ।

ਚੰਗੀ ਨਫ਼ਰੀ ਅਤੇ ਚੰਗੇ ਅਫ਼ਸਰਾਂ ਵਾਲੇ ਪੁਲੀਸ ਸਟੇਸ਼ਨ ਕੋਲ ਬਿਹਤਰੀਨ ਮੁਖ਼ਬਰ ਹੁੰਦੇ ਹਨ ਅਤੇ ਇਸ ਸੂਚਨਾ ਦੇ ਨਾਲ ਚੰਗੇ ਸਫਲ ਅਪਰੇਸ਼ਨ ਵੀ ਹੁੰਦੇ ਹਨ। ਅਸੀਂ ਵੇਖਿਆ ਹੈ ਕਿ ਜੰਮੂ ਕਸ਼ਮੀਰ, ਪੰਜਾਬ, ਉੱਤਰ ਪੂਰਬ ਵਿਚ ਉਗਰ ਵਿਦਰੋਹਾਂ ਅਤੇ ਮੱਧ ਭਾਰਤ, ਉੜੀਸਾ, ਆਂਧਰਾ ਪ੍ਰਦੇਸ਼ ਵਿਚ ਮਾਓਵਾਦੀ ਲਹਿਰਾਂ ਵੇਲੇ ਉਹੀ ਅਪਰੇਸ਼ਨਲ ਸੂਹ ਸਭ ਤੋਂ ਵਧੀਆ ਹੁੰਦੀ ਸੀ ਜੋ ਪੁਲੀਸ ਸਟੇਸ਼ਨ ਤੋਂ ਆਉਂਦੀ ਸੀ ਤੇ ਇਸੇ ਕਰ ਕੇ ਫ਼ੌਜ ਸਣੇ ਸਾਰੇ ਅਪਰੇਸ਼ਨ ਗਰੁੱਪਾਂ ਦਾ ਇਕ ਅਹਿਮ ਹਿੱਸਾ ਮੁਕਾਮੀ ਪੁਲੀਸ ਸਟੇਸ਼ਨ ਨਾਲ ਜੁੜਿਆ ਹੁੰਦਾ ਹੈ।

ਆਮ ਅਪਰਾਧ ਜਾਂ ਬਗਾਵਤਾਂ ਜਿਹੇ ਜਟਿਲ ਅਪਰਾਧਾਂ ਵਿਚ ਵੀ ਸਫ਼ਲਤਾ ਤਾਂ ਹੀ ਮਿਲਦੀ ਹੈ ਜੇ ਪੁਲੀਸ ਦਾ ਮੋਹਰੀ ਢਾਂਚਾ ਭਾਵ ਪੁਲੀਸ ਸਟੇਸ਼ਨ ਪੂਰੀ ਤਰ੍ਹਾਂ ਸ਼ਾਮਲ ਹੋ ਕੇ ਕੰਮ ਕਰਦਾ ਹੈ। ਜੇ ਇਹ ਗੱਲ ਸਹੀ ਹੈ ਤਾਂ ਇਸ ਨੂੰ ਕਮਜ਼ੋਰ ਕਿਉਂ ਕੀਤਾ ਜਾਵੇ? ਇਸ ਦਾ ਕਾਰਨ ਇਹ ਹੈ ਕਿ ਸਮੇਂ ਦੇ ਹਾਕਮ ਇਕ ਅਜਿਹੀ ਵਫ਼ਾਦਾਰ ਪੁਲੀਸ ਚਾਹੁੰਦੇ ਹਨ ਜੋ ਦੇਸ਼ ਦੇ ਕਾਨੂੰਨ ਦੀ ਬਜਾਏ ਚੁੱਪ ਚਾਪ ਉਨ੍ਹਾਂ ਦੀ ਫਰਮਾਬਰਦਾਰੀ ਕਰਦੀ ਹੋਵੇ। ਕੇਂਦਰ ਸਰਕਾਰ ਨੇ ਢੇਰ ਸਾਰੀਆਂ ਜਾਂਚ ਏਜੰਸੀਆਂ ਦਾ ਗਠਨ ਕਰ ਕੇ ਅਤੇ ਆਪਣੇ ਪਸੰਦੀਦਾ ਕੇਸਾਂ ਦੀ ਪੁਣਛਾਣ ਕਰਵਾਉਣ ਦੀ ਨੀਤੀ ਰਾਹੀਂ ਸੂਬਾਈ ਜਾਂਚ ਏਜੰਸੀਆਂ ਨੂੰ ਕਮਜ਼ੋਰ ਕੀਤਾ ਹੈ। ਸੂਬਾਈ ਸਰਕਾਰਾਂ ਨੇ ਵੀ ਪੁਲੀਸ ਦੇ ਅੰਦਰੂਨੀ ਪ੍ਰਸ਼ਾਸਨ ਵਿਚ ਸਿੱਧੀ ਦਖ਼ਲਅੰਦਾਜ਼ੀ ਕਰ ਕੇ ਅਤੇ ਨਕਾਰਾ ਅਫ਼ਸਰਾਂ ਨੂੰ ਪ੍ਰਮੁੱਖ ਅਹੁਦਿਆਂ 'ਤੇ ਬਿਠਾ ਕੇ ਇਸ ਨੂੰ ਬਹੁਤ ਜ਼ਿਆਦਾ ਨੁਕਸਾਨ ਪਹੁੰਚਾਇਆ ਹੈ। ਪੁਲੀਸ ਸਟੇਸ਼ਨਾਂ ਵਿਚ ਅਜਿਹੀਆਂ ਤਾਕਤਾਂ ਦੀ ਹੀ ਤੂਤੀ ਬੋਲਦੀ ਹੈ। ਕਹਿਣ ਦੀ ਲੋੜ ਨਹੀਂ ਹੈ ਕਿ ਆਜ਼ਾਦੀ ਦੇ ਸਮੇਂ ਦੇ ਮੁਕਾਬਲੇ ਕਿਤੇ ਵੱਧ ਆਬਾਦੀ ਹੋਣ ਕਰ ਕੇ ਆਧੁਨਿਕ ਭਾਰਤ ਦੀਆਂ ਵਧਦੀਆਂ ਲੋੜਾਂ ਦੇ ਮੱਦੇਨਜ਼ਰ ਬਿਹਤਰ ਅਤੇ ਵਧੇਰੇ ਪੇਸ਼ੇਵਰ ਤੇ ਵਿਸ਼ੇਸ਼ੀਕ੍ਰਿਤ ਬਲਾਂ ਦੀ ਲੋੜ ਹੈ, ਮਿਸਾਲ ਦੇ ਤੌਰ 'ਤੇ ਸਾਇਬਰ ਅਪਰਾਧ। ਪਰ ਇਸ ਦੀ ਕੁੰਜੀ ਪੇਸ਼ੇਵਰ ਏਜੰਸੀਆਂ ਵਿਚ ਪਈ ਹੈ ਜਿੱਥੇ ਸਿਆਸੀ ਨਿਗਰਾਨੀ ਘੱਟ ਹੁੰਦੀ ਹੈ ਅਤੇ ਸੂਬਾਈ ਅਤੇ ਕੇਂਦਰੀ ਸਹਿਯੋਗ ਦੇ ਉੱਚ ਮਿਆਰ ਸਥਾਪਤ ਕੀਤੇ ਜਾਂਦੇ ਹਨ।

ਪੁਲੀਸ ਸੁਧਾਰਾਂ ਜਾਂ ਅਪਰਾਧ ਜਾਂ ਅਮਨ ਕਾਨੂੰਨ ਨਾਲ ਸਬੰਧਤ ਸਾਰੇ ਪਹਿਲੂਆਂ ਨੂੰ ਜੋੜਨ ਵਾਲੀ ਇਕ ਸਾਂਝੀ ਤੰਦ ਹੈ ਸਿਆਸੀ ਨਿਜ਼ਾਮ। ਜਦੋਂ ਤੱਕ ਇਨ੍ਹਾਂ ਨੂੰ ਸੁਧਾਰਨ ਲਈ ਅਤੇ ਪੁਲੀਸ ਦੇ ਕੰਮਕਾਜ ਵਿਚ ਅੰਦਰੂਨੀ ਦਖ਼ਲਅੰਦਾਜ਼ੀ ਖਤਮ ਕਰਨ ਲਈ ਸਿਆਸੀ ਇੱਛਾ ਸ਼ਕਤੀ ਨਹੀਂ ਹੋਵੇਗੀ ਉਦੋਂ ਤੱਕ ਹਾਲਾਤ ਬਦਤਰ ਹੀ ਹੁੰਦੇ ਜਾਣਗੇ। ਇੱਥੋਂ ਤੱਕ ਕਿ ਪੁਲੀਸ ਸੁਧਾਰਾਂ ਲਈ ਉਚੇਰੀ ਨਿਆਂਪਾਲਿਕਾ ਦੇ ਆਦੇਸ਼ ਵੀ ਨੌਕਰਸ਼ਾਹੀ ਦੀਆਂ ਨੁੱਕਰਾਂ ਵਿਚ ਗੁਆਚ ਕੇ ਰਹਿ ਜਾਂਦੇ ਹਨ।

ਸਾਡੀ ਸ਼ਾਸਨ ਪ੍ਰਣਾਲੀ ਵਿਚ ਸਿਰਮੌਰ ਸ਼ਕਤੀ ਚੁਣੀ ਹੋਈ ਸਿਆਸੀ ਪਾਰਟੀ ਦੇ ਹੱਥਾਂ ਵਿਚ ਹੁੰਦੀ ਹੈ। ਇਹ ਕਹਿਣ ਦੀ ਲੋੜ ਨਹੀਂ ਕਿ ਇਹ ਤਾਕਤ ਬੇਲਗਾਮ ਨਹੀਂ ਹੁੰਦੀ ਕਿਉਂਕਿ ਸੰਵਿਧਾਨ ਅਤੇ ਦੇਸ਼ ਦੇ ਕਾਨੂੰਨਾਂ ਵਿਚ ਸ਼ਾਸਨ ਲਈ ਵਿਸ਼ੇਸ਼ ਦਿਸ਼ਾ-ਨਿਰਦੇਸ਼ ਤੈਅ ਕੀਤੇ ਗਏ ਹਨ। ਸਭ ਤੋਂ ਵਧ ਕੇ ਇਹ ਕਿ ਸੱਤਾਧਾਰੀ ਪਾਰਟੀਆਂ ਦੀ ਚੋਣ ਲੋਕਾਂ ਵਲੋਂ ਕੀਤੀ ਜਾਂਦੀ ਹੈ ਅਤੇ ਲੋਕ ਸ਼ਾਂਤੀ ਅਤੇ ਨਿਆਂਪੂਰਨ ਪ੍ਰਸ਼ਾਸਨ ਚਾਹੁੰਦੇ ਹਨ। ਕੀ ਲੋਕਾਂ ਨੂੰ ਸੁਧਾਰਾਂ ਅਤੇ ਨਿਆਂ ਲਈ ਸੜਕਾਂ 'ਤੇ ਨਿਕਲਣਾ ਪਵੇਗਾ? ਆਸ ਹੈ ਕਿ ਚੁਣੀਆਂ ਹੋਈਆਂ ਸਰਕਾਰਾਂ ਸੜਕ ਦੇ ਇਸ ਸੰਦੇਸ਼ ਨੂੰ ਸਮਝਣਗੀਆਂ।

# ਪੰਜਾਬ ਦੀ ਨਵੀਂ ਖੇਤੀਬਾੜੀ ਨੀਤੀ

ਪੰਜਾਬ ਸਰਕਾਰ ਵੱਲੋਂ ਖੇਤੀਬਾੜੀ ਨੀਤੀ ਦਾ ਖਰੜਾ ਜਾਰੀ ਕਰ ਦਿੱਤਾ ਗਿਆ ਹੈ। ਇਹ ਖਰੜਾ ਪੰਜਾਬ ਜੋ ਇਸ ਸਮੇਂ "ਪਾਣੀ ਐਮਰਜੈਂਸੀ" ਦੇ ਕੰਢੇ 'ਤੇ ਹੈ, ਨੂੰ ਇਸ ਸੰਕਟ ਵਿੱਚੋਂ ਕੱਢਣ ਲਈ ਸਿਫਾਰਿਸ਼ਾਂ ਕਰਦਾ ਹੈ। ਇਸ ਵਿੱਚ ਪੰਜ ਸਾਲਾਂ 'ਚ 30 ਫ਼ੀਸਦ ਪਾਣੀ ਦੀ ਬਚਤ ਅਤੇ ਪੰਜਾਬ ਦੇ ਕੁਝ ਖੇਤਰਾਂ ਵਿੱਚ ਝੋਨੇ ਦੀ ਕਾਸ਼ਤ 'ਤੇ ਪਾਬੰਦੀ ਅਹਿਮ ਸਿਫਾਰਿਸ਼ਾਂ ਹਨ। ਇਸ ਤੋਂ ਇਲਾਵਾ ਫਸਲੀ ਵਿਭਿੰਨਤਾ ਨੂੰ ਅਪਣਾਉਣ ਅਤੇ ਪੰਜਾਬ ਨੂੰ ਝੋਨੇ ਤੇ ਕਣਕ ਦੇ ਚੱਕਰ 'ਚੋਂ ਕੱਢਣ ਦੀ ਗੱਲ ਵੀ ਕੀਤੀ ਗਈ ਹੈ। ਇਸ ਦੇ ਨਾਲ ਹੀ ਇਹ ਨੀਤੀ ਖੁਦਕੁਸ਼ੀ ਪੀੜਤ ਪਰਿਵਾਰਾਂ ਦੀਆਂ ਔਰਤਾਂ, ਛੋਟੇ ਕਿਸਾਨ ਅਤੇ ਖੇਤ ਮਜ਼ਦੂਰ ਪਰਿਵਾਰ ਦੀਆਂ ਔਰਤਾਂ ਦੇ ਹੱਕਾਂ ਬਾਰੇ ਵੀ ਗੱਲ ਕਰਦੀ ਹੈ।

### ਪਾਣੀ ਦੀ ਬੱਚਤ ਕਿਵੇਂ ਹੋਵੇਗੀ?

ਖਰੜੇ ਮੁਤਾਬਕ ਪਾਣੀ ਦੇ ਸਰੋਤਾਂ ਦੀ ਅਨਿਯਮਿਤ ਅਤੇ ਬਹੁਤ ਜ਼ਿਆਦਾ ਵਰਤੋਂ ਕਾਰਨ ਪੰਜਾਬ "ਜਲ ਐਮਰਜੈਂਸੀ" ਦੇ ਕੰਢੇ 'ਤੇ ਹੈ। ਇਸ ਲਈ ਹਰ ਪੰਜ ਸਾਲਾਂ ਵਿੱਚ ਪਾਣੀ ਦੀ ਕੁੱਲ ਖਪਤ 30 ਫੀਸਦ ਘੱਟ ਕਰਨ ਦਾ ਟੀਚਾ ਮਿੱਥਿਆ ਗਿਆ ਹੈ। ਇਸ ਨਾਲ ਪੰਜ ਸਾਲਾਂ ਵਿੱਚ 20 ਅਰਬ ਘਣ ਮੀਟਰ (20 ਬੀਸੀਐੱਮ) ਪਾਣੀ ਦੀ ਬਚਤ ਹੋਵੇਗੀ। ਇਸ ਸਮੇਂ ਸੂਬੇ ਵਿੱਚ ਪਾਣੀ ਦੀ ਖਪਤ ਖੇਤੀਬਾੜੀ, ਘਰੇਲੂ ਅਤੇ ਉਦਯੋਗ ਵਿੱਚ ਕ੍ਰਮਵਾਰ 62.58, 2.41, ਅਤੇ 1.13 ਬਿਲੀਅਨ ਕਿਊਬਕ ਮੀਟਰ ਹੈ, ਜੋ ਕੁੱਲ 66.12 ਬਿਲੀਅਨ ਕਿਊਬਕ ਬਣਦੀ ਹੈ। ਇਸ ਵਾਸਤੇ ਖੇਤੀਬਾੜੀ ਪਾਲਸੀ ਮੁਤਾਬਕ ਸਾਰੀਆਂ ਲੰਬੀ ਮਿਆਦ ਵਾਲੀਆਂ ਝੋਨੇ ਦੀਆਂ ਕਿਸਮਾਂ 'ਤੇ ਪੂਰੀ ਤਰ੍ਹਾਂ ਨਾਲ ਪਾਬੰਦੀ ਅਤੇ ਜ਼ਮੀਨੀ ਪਾਣੀ ਦੀ ਹੱਦੋਂ ਵੱਧ ਵਰਤੋਂ ਕਰਨ ਵਾਲੇ ਬਲਾਕਾਂ ਵਿੱਚ ਝੋਨੇ ਦੀ ਹਰ ਕਿਸਮ ਉੱਤੇ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ। ਕੁੱਲ 150 ਬਲਾਕਾਂ ਵਿੱਚੋਂ 15 ਬਲਾਕਾਂ 'ਚੋਂ ਪਹਿਲਾਂ ਹੀ ਹੱਦੋਂ ਵੱਧ ਜ਼ਮੀਨੀ ਪਾਣੀ ਕੱਢਿਆ ਜਾ ਚੁੱਕਾ ਹੈ। ਇਸ ਲਈ ਪਾਲਸੀ ਇਹਨਾਂ ਬਲਾਕਾਂ ਵਿੱਚ ਝੋਨੇ ਦੀ ਹਰ ਕਿਸਮ ਉੱਤੇ ਪੂਰਨ ਤੌਰ 'ਤੇ ਪਾਬੰਦੀ ਲਗਾਉਣ ਦੀ ਸਿਫਾਰਿਸ਼ ਕਰਦੀ ਹੈ। ਇਨ੍ਹਾਂ 15 ਬਲਾਕਾਂ ਵਿੱਚ ਜ਼ਮੀਨੀ ਪਾਣੀ ਕੱਢਣ ਦੀ ਦਰ 300 ਫ਼ੀਸਦ ਹੈ।

ਇਨ੍ਹਾਂ ਬਲਾਕਾਂ ਨੂੰ 'ਹਾਇਲੀ ਓਵਰ ਐਕਸਪਲੋਇਟਿਡ' ਬਲਾਕਾਂ ਦਾ ਦਰਜਾ ਦਿੱਤਾ ਗਿਆ ਹੈ, ਜੋ ਇਹ ਦਰਸਾਉਂਦਾ ਹੈ ਕਿ ਇਨ੍ਹਾਂ ਬਲਾਕਾਂ ਵਿੱਚ ਸਾਲਾਨਾ ਜ਼ਮੀਨੀ ਪਾਣੀ ਦੀ ਨਿਕਾਸੀ ਦਰ ਸਾਲਾਨਾ ਜ਼ਮੀਨੀ ਪਾਣੀ ਦੇ ਰੀਚਾਰਜ ਦੀ ਦਰ ਤੋਂ ਕਿਤੇ ਵੱਧ ਹੈ। ਇਸੇ ਤਰ੍ਹਾਂ 16 ਬਲਾਕ ਜਿਨ੍ਹਾਂ ਵਿੱਚ ਪਾਣੀ ਕੱਢਣ ਦੀ ਦਰ 251 ਤੋਂ 300 ਫ਼ੀਸਦ ਤੱਕ, 29 ਬਲਾਕ ਜਿਨ੍ਹਾਂ ਵਿੱਚ ਪਾਣੀ ਕੱਢਣ ਦੀ ਦਰ 201 ਤੋਂ 250 ਫ਼ੀਸਦ ਤੱਕ ਅਤੇ 53 ਬਲਾਕ ਜਿਨ੍ਹਾਂ ਵਿੱਚ ਪਾਣੀ ਕੱਢਣ ਦੀ ਦਰ 100 ਤੋਂ 200 ਫ਼ੀਸਦ ਤੱਕ ਹੈ, 'ਓਵਰ ਐਕਸਪਲੋਇਟਿਡ' ਬਲਾਕਾਂ ਵਿੱਚ ਸ਼ਾਮਲ ਹਨ।

ਨੀਤੀ ਮੁਤਾਬਕ ਬਹੁਤ ਜ਼ਿਆਦਾ ਪਾਣੀ ਦੀ ਵਰਤੋਂ ਵਾਲੇ ਬਲਾਕਾਂ ਵਿੱਚ ਝੋਨੇ ਦੀ ਕਾਸ਼ਤ ਹੇਠ ਰਕਬਾ ਪੜਾਅਵਾਰ ਤਰੀਕੇ ਨਾਲ ਘਟਾਉਣ ਦੀ ਲੋੜ ਹੈ। ਇਸ ਤੋਂ ਇਲਾਵਾ ਇੱਕ ਜਾਂ ਦੋ ਬਲਾਕਾਂ ਵਿੱਚ ਝੋਨਾ ਲਗਾਉਣ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਉਣ ਦੇ ਬਦਲ ਦੀ ਪੜਚੋਲ ਕਰਨ ਦੀ ਲੋੜ ਹੈ। ਇਨ੍ਹਾਂ ਬਲਾਕਾਂ ਵਿੱਚ ਫਸਲੀ ਵਿਭਿਨਤਾ ਦੇ ਰੂਪ ਵਿੱਚ ਪਾਣੀ ਦੀ ਘੱਟ ਖਪਤ ਵਾਲੀਆਂ ਫਸਲਾਂ ਜਿਵੇਂ ਕਪਾਹ, ਮੱਕੀ, ਗੰਨਾ, ਸਬਜ਼ੀਆਂ ਅਤੇ ਬਾਗਾਂ ਦੀ ਖੇਤੀ ਕੀਤੀ ਜਾਵੇ ਤਾਂ ਇਨ੍ਹਾਂ ਬਲਾਕਾਂ ਵਿੱਚ ਖੇਤੀ ਅਧੀਨ ਏਰੀਏ ਨੂੰ ਬੰਜਰ ਹੋਣ ਤੋਂ ਬਚਾਇਆ ਜਾ ਸਕਦਾ ਹੈ। ਇਨ੍ਹਾਂ ਬਲਾਕਾਂ ਦੇ ਕਿਸਾਨਾਂ ਨੂੰ ਮੁਆਵਜ਼ਾ ਦਿੱਤਾ ਜਾਵੇ ਤਾਂ ਜੋ ਉਹ ਝੋਨੇ ਦੀ ਬਦਲਵੀਂ ਫ਼ਸਲ ਤੋਂ ਵੱਧ ਮੁਨਾਫ਼ਾ ਲੈ ਸਕਣ।

'ਪਾਣੀ ਬਚਾਓ ਪੈਸਾ ਕਮਾਓ' ਸਕੀਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਅਤੇ ਸਮਰਥਨ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਪਾਣੀ ਅਤੇ ਬਿਜਲੀ ਨੂੰ ਬਚਾਇਆ ਜਾ ਸਕੇ। ਖਰੜਾ ਸੂਬੇ ਵਿੱਚ ਸੂਖਮ ਸਿੰਜਾਈ ਪ੍ਰਣਾਲੀਆਂ (ਮਾਈਕਰੋ ਇਰੀਗੇਸ਼ਨ) ਨੂੰ ਅਪਣਾਉਣ ਦੀ ਵੀ ਸਿਫਾਰਸ਼ ਕਰਦਾ ਹੈ। ਪਾਲਸੀ ਮੁਤਾਬਕ, "ਮਾਈਕਰੋ ਇਰੀਗੇਸ਼ਨ ਧਰਤੀ ਹੇਠਲੇ ਪਾਣੀ ਦੀ ਨਿਕਾਸੀ ਨੂੰ ਘਟਾ ਸਕਦਾ ਹੈ ਅਤੇ ਬਿਜਲੀ ਸਬਸਿਡੀ ਦੇ ਬਿੱਲ ਦਾ ਇੱਕ ਤਿਹਾਈ ਹਿੱਸਾ ਬਚਾ ਸਕਦਾ ਹੈ। ਮਾਈਕਰੋ ਇਰੀਗੇਸ਼ਨ ਪ੍ਰਣਾਲੀਆਂ ਦੀ ਸਥਾਪਨਾ ਲਈ ਪੜਾਅਵਾਰ ਯੋਜਨਾ ਲਾਗੂ ਕੀਤੀ ਜਾਵੇ।"

ਪਾਲਸੀ ਕਣਕ ਦੀ ਕਾਸ਼ਤ ਲਈ, ਪੌਸ਼ਟਿਕ ਤੱਤਾਂ ਲਈ ਭਰਪੂਰ ਕਿਸਮਾਂ ਜਿਵੇਂ ਕਿ ਪੀਬੀਡਬਲਿਯੂ 1 ਚਪਾਤੀ, ਪੀਬੀਡਬਲਯੂ, ਆਰਐੱਸ1 ਅਤੇ ਡਬਲਯੂਐੱਚਡੀ 943 ਨੂੰ ਖਪਤਕਾਰ ਆਧਾਰਿਤ ਮੰਡੀਆਂ ਨੂੰ ਮੁੱਖ ਰੱਖ ਕੇ ਉਗਾਉਣ ਅਤੇ ਪ੍ਰੋਸੈਸ ਕਰਨ ਦੀ ਸਿਫਾਰਸ਼ ਕਰਦੀ ਹੈ। ਪੰਜਾਬ ਸਰਕਾਰ ਦੇ ਅੰਕੜਿਆਂ ਮੁਤਾਬਕ ਮੌਜੂਦਾ ਸਮੇਂ ਪੰਜਾਬ ਵਿੱਚ ਕਣਕ ਦੀ ਖੇਤੀ 35.1 ਲੱਖ ਹੈਕਟੇਅਰ ਏਰੀਏ ਵਿੱਚ ਕੀਤੀ ਜਾਂਦੀ ਹੈ।

ਖੇਤੀਬਾੜੀ ਨੀਤੀ ਝੋਨੇ ਦੇ ਬਦਲ ਵਜੋਂ ਬਾਸਮਤੀ, ਕਪਾਹ, ਗੰਨਾ, ਦਾਲਾਂ, ਤੇਲ ਬੀਜਾਂ, ਬਾਗਬਾਨੀ ਫਸਲਾਂ ਜਿਵੇਂ ਨਿੰਬੂ, ਆਲੂ, ਮਟਰ, ਨਾਸ਼ਪਾਤੀ ਅਤੇ ਮਿਰਚਾਂ ਦੀ ਖੇਤੀ ਦੀ ਸਿਫਾਰਿਸ਼ ਕਰਦੀ ਹੈ। ਨੀਤੀ ਫਸਲੀ ਵਿਭਿੰਨਤਾ ਨੂੰ ਫੌਰੀ ਅਪਣਾਉਣ ਦੀ ਲੋੜ ਉੱਤੇ ਜ਼ੋਰ ਦਿੰਦੀ ਹੈ।

ਇਹ ਨੀਤੀ ਛੋਟੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਪਰਿਵਾਰਾਂ ਨਾਲ ਸੰਬੰਧਤ ਔਰਤਾਂ ਲਈ ਪੈਨਸ਼ਨ ਦੀ ਵੀ ਸਿਫਾਰਿਸ਼ ਕਰਦੀ ਹੈ। ਨੀਤੀ ਵਿੱਚ ਲਿਖਿਆ ਹੈ, "ਛੋਟੇ ਕਿਸਾਨ ਅਤੇ ਖੇਤ ਮਜ਼ਦੂਰ ਪਰਿਵਾਰਾਂ ਦੀਆਂ ਔਰਤਾਂ ਨੂੰ 60 ਸਾਲ ਦੀ ਉਮਰ ਤੱਕ ਪਹੁੰਚਣ 'ਤੇ ਪੈਨਸ਼ਨ ਦਾ ਹੱਕ ਮਿਲਣਾ ਚਾਹੀਦਾ ਹੈ।"

ਖੁਦਕੁਸ਼ੀ ਪੀੜਤ ਪਰਿਵਾਰਾਂ ਦਾ ਇੱਕ ਤਿਹਾਈ ਹਿੱਸਾ ਅਜਿਹਾ ਹੈ ਜਿਨ੍ਹਾਂ ਵਿੱਚ ਰੋਟੀ ਕਮਾਉਣ ਵਾਲਾ ਕੋਈ ਵੀ ਨਹੀਂ ਹੈ। ਅਜਿਹੇ ਪਰਿਵਾਰਾਂ ਨੂੰ ਦੋ ਵਕਤ ਦੀ ਰੋਟੀ ਖਾਣ ਲਈ ਵੀ ਸੰਘਰਸ਼ ਕਰਨਾ ਪੈਂਦਾ ਹੈ। ਇਸ ਲਈ ਖੁਦਕੁਸ਼ੀ ਪੀੜਤ ਪਰਿਵਾਰਾਂ ਦੀਆਂ ਔਰਤਾਂ ਨੂੰ ਸਮਾਜਿਕ ਸੁਰੱਖਿਆ ਸਕੀਮਾਂ ਦਾ ਵਿਸ਼ੇਸ਼ ਪੈਕੇਜ ਦਿੱਤਾ ਜਾਵੇ।



ਉਦਾਸੀ ਅਤੇ ਮਾਨਸਿਕ ਤਣਾਅ ਨੂੰ ਦੂਰ ਕਰਨ ਲਈ, ਅਜਿਹੀਆਂ ਔਰਤਾਂ ਨੂੰ ਕਲੀਨਿਕਲ ਮਨੋਵਿਗਿਆਨੀ ਕੋਲ ਇਲਾਜ ਦੀ ਮੁਫਤ ਸਹੂਲਤ ਅਤੇ ਵਿਸ਼ੇਸ਼ ਪੁਨਰਵਾਸ ਕੇਂਦਰਾਂ ਦੀ ਸਥਾਪਨਾ ਕੀਤੀ ਜਾਣੀ ਚਾਹੀਦੀ ਹੈ। ਇਸ ਤੋਂ ਇਲਾਵਾ ਵੱਖ-ਵੱਖ ਸਰਕਾਰੀ ਸਕੀਮਾਂ ਦਾ ਪਹਿਲ ਦੇ ਆਧਾਰ 'ਤੇ ਲਾਭ ਲੈਣ ਲਈ ਖੁਦਕੁਸ਼ੀ ਪੀੜਤ ਔਰਤਾਂ ਨੂੰ ਪਛਾਣ ਪੱਤਰ ਜਾਰੀ ਕੀਤਾ ਜਾਵੇ।

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਸਤਬੀਰ ਗੋਸਲ, ਜੋ ਇਸ ਨੀਤੀ ਨੂੰ ਤਿਆਰ ਕਰਨ ਵਾਲੀ ਕਮੇਟੀ ਦੇ 11 ਮੈਂਬਰਾਂ ਵਿੱਚ ਵੀ ਸ਼ਾਮਲ ਸਨ, ਨੇ ਇਸ ਨੂੰ ਪੰਜਾਬ ਦੀ ਖੇਤੀ ਦੀ ਦਿਸ਼ਾ ਅਤੇ ਦਸ਼ਾ ਬਦਲਣ ਵਾਲੀ ਨੀਤੀ ਦੱਸਿਆ। ਅਗਰ ਇਸ ਨੀਤੀ ਨੂੰ ਸੰਚਾਰੂ ਢੰਗ ਨਾਲ ਲਾਗੂ ਕੀਤਾ ਜਾਂਦਾ ਹੈ ਤਾਂ ਇਹ ਪੰਜਾਬ ਦੀ ਖੇਤੀ ਦੀ ਦਿਸ਼ਾ ਤੇ ਦਸ਼ਾ ਬਦਲ ਦੇਵੇਗੀ। ਇਸ ਤੋਂ ਪਹਿਲਾਂ ਵੀ ਦੋ ਵਾਰ ਖੇਤੀਬਾੜੀ ਨੀਤੀ ਤਿਆਰ ਕੀਤੀ ਗਈ ਹੈ। ਪਰ ਅਜਿਹਾ ਪਹਿਲੀ ਵਾਰ ਹੋਇਆ ਹੈ ਜਦੋਂ ਹਿੱਸੇਦਾਰਾਂ ਨੂੰ ਇਸ ਵਿੱਚ ਸ਼ਾਮਿਲ ਕੀਤਾ ਗਿਆ ਹੋਵੇ। ਇਸ ਨੀਤੀ ਨੂੰ ਤਿਆਰ ਕਰਨ ਲਈ ਲਗਭਗ 27,000 ਤੋਂ ਉੱਪਰ ਕਿਸਾਨਾਂ ਦੇ ਸੁਝਾਅ ਲਏ ਗਏ ਅਤੇ ਉਹਨਾਂ ਦੀਆਂ ਸਮੱਸਿਆਵਾਂ ਵੀ ਸੁਣੀਆਂ ਗਈਆਂ। ਡਾ। ਗੋਸਲ ਨੇ ਦੱਸਿਆ "ਇਸ ਨੀਤੀ ਨੂੰ ਤਿਆਰ ਕਰਨ ਲਈ ਦੋ ਕਿਸਾਨ ਮਿਲਣੀਆਂ ਪੰਜਾਬ ਯੂਨੀਵਰਸਿਟੀ ਵਿੱਚ ਹੋਈਆਂ। ਪਹਿਲੀ ਕਿਸਾਨ ਮਿਲਣੀ ਫਰਵਰੀ ਮਹੀਨੇ ਵਿੱਚ ਹੋਈ, ਜਿਸ ਵਿੱਚ 10,000 ਕਿਸਾਨਾਂ ਨੇ ਹਿੱਸਾ ਲਿਆ ਅਤੇ ਦੂਜੀ ਮਿਲਣੀ ਮਈ ਮਹੀਨੇ ਵਿੱਚ ਵੀ ਹੋਈ ਜਿਸ ਵਿੱਚ 17,000 ਕਿਸਾਨਾਂ ਨੇ ਹਿੱਸਾ ਲਿਆ। ਅਸੀਂ ਇਨ੍ਹਾਂ ਕਿਸਾਨਾਂ ਵੱਲੋਂ ਦਿੱਤੇ ਗਏ ਸੁਝਾਵਾਂ ਨੂੰ ਨੀਤੀ ਵਿੱਚ ਸ਼ਾਮਿਲ ਕੀਤਾ ਹੈ ਅਤੇ ਇਨ੍ਹਾਂ ਵੱਲੋਂ ਦੱਸੀਆਂ ਗਈਆਂ ਸਮੱਸਿਆਵਾਂ ਦਾ ਹੱਲ ਲੱਭਣ ਦੀ ਕੋਸ਼ਿਸ਼ ਕੀਤੀ ਗਈ ਹੈ।" ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਨੇ ਨੀਤੀ ਜਾਰੀ ਹੋਣ ਨੂੰ ਖੇਤੀਬਾੜੀ ਨੀਤੀ ਮੋਰਚੇ ਦੀ ਜਿੱਤ ਦੱਸਿਆ। ਇਹ ਮੋਰਚਾ ਯੂਨੀਅਨ ਵੱਲੋਂ ਇੱਕ ਸਤੰਬਰ ਤੋਂ ਪੰਜ ਸਤੰਬਰ ਤੱਕ ਚੰਡੀਗੜ੍ਹ ਵਿੱਚ ਲਾਇਆ ਗਿਆ ਸੀ। ਕੋਕਰੀ ਨੇ ਕਿਹਾ ਕਿ ਫਿਲਹਾਲ ਉਹ ਨੀਤੀ ਦਾ ਵਿਸ਼ਲੇਸ਼ਣ ਕਰ ਰਹੇ ਹਨ। ਇਸ ਲਈ ਉਹ ਇਹ ਟਿੱਪਣੀ ਬਾਅਦ 'ਚ ਕਰਨਗੇ ਕਿ ਨੀਤੀ ਦੀ ਕਿਹੜੀ ਸਿਫ਼ਾਰਸ਼ ਕਿਸਾਨਾਂ ਦੇ ਹੱਕ ਵਿੱਚ ਹੈ ਤੇ ਕਿਹੜੀ ਕਿਸਾਨਾਂ ਦੇ ਖਿਲਾਫ ਹੈ।


# ਪਰਦੇਸ ਟਾਇਮਜ਼ ਦੀ 19ਵੀਂ ਵਰ੍ਹੇਗੰਢ ਮਨਾਈ ਗਈ

























**(ਸਫਾ 1 ਦੀ ਬਾਕੀ)**

ਭੁੱਲਰ ਵੀ ਇਸ ਪ੍ਰੋਗਰਾਮ 'ਚ ਪਹੁੰਚੇ। ਗਗਨਜੋਤ ਸਿੰਘ (ਸ. ਦਿਲਬਾਗ ਸਿੰਘ ਰੰਧਾਵਾ ਜੀ ਦੇ ਦੋਹਤਰੇ) ਉਚੇਚੇ ਸੈਕਰਾਮੈਂਟੋ ਤੋਂ ਇਸ ਪ੍ਰੋਗਰਾਮ 'ਚ ਪਹੁੰਚੇ। ਸ. ਮੁਖਤਾਰ ਸਿੰਘ ਵੜੈਚ ਤੇ ਸੁਪਤਨੀ ਤੇ ਭਾਣਜਾ, ਦਰਸ਼ਨ ਔਜਲਾ ਤੇ ਸੁਪਤਨੀ, ਸ. ਸੈਮ ਸੰਧੂ ਤੇ ਸੁਪਤਨੀ ਵੀ ਇਸ ਪ੍ਰੋਗਰਾਮ 'ਚ ਪਹੁੰਚੇ।

ਕਮਲਜੀਤ ਸਿੰਘ ਅਟਵਾਲ ਤੇ ਹੇਵਰਡ ਤੋਂ ਸਟੋਰ ਦੇ ਮਾਲਕ ਤੇ ਉਹਨਾਂ ਦੀ ਸੁਪਤਨੀ ਵੀ ਸੱਦੇ ਪੱਤਰ 'ਤੇ ਪਹੁੰਚੇ।

ਰਾਜਾ ਸਵੀਟਸ ਦੇ ਗਿਆਨੀ ਰਵਿੰਦਰ ਸਿੰਘ ਜੀ ਵੀ ਸਨਮਾਨਾਂ ਦੀ ਵੰਡ ਵੇਲੇ ਪਹੁੰਚੇ ਸਨ ਤੇ ਉਹਨਾਂ ਵੱਲੋਂ ਰਾਤ ਦੇ ਖਾਣੇ ਦੀ ਤਾਰੀਫ ਹਰ ਪਾਸਿਉਂ ਹੋ ਰਹੀ ਸੀ ਤੇ ਇਸ ਇਕੱਠ 'ਚ ਆਏ ਹੋਏ ਵੀਰਾਂ-ਭੈਣਾਂ ਨੇ ਅਖ਼ਬਾਰ 'ਪਰਦੇਸ ਟਾਇਮਜ਼' ਦੀ ਬਹੁਤ ਹੀ ਖੁੱਲ੍ਹ ਕੇ ਇਮਦਾਦ ਵੀ ਕੀਤੀ। ਅਦਾਰਾ 'ਪਰਦੇਸ ਟਾਇਮਜ਼' ਵੱਲੋਂ ਆਏ ਹੋਏ ਸਾਰੇ ਮਿੱਤਰਾਂ-ਦੋਸਤਾਂ ਦਾ ਧੰਨਵਾਦੀ ਰਹੇਗਾ ਤੇ ਉਹਨਾਂ ਵੱਲੋਂ ਦਿੱਤੀ ਰਾਸ਼ੀ ਨਾਲ ਅਖ਼ਬਾਰ ਹੋਰ ਕੁਝ ਇਕ ਦੁਕਾਨਾਂ ਤੇ ਸ਼ੁਰੂ ਕੀਤੀ ਜਾਵੇਗੀ। ਸਾਊਂਡ ਸ੍ਰੀ ਵਿਜੇ ਸਿੰਘ ਵੱਲੋਂ ਸੀ ਜੋ ਹਰ ਸਾਲ ਸਾਡਾ ਸਾਥ ਦਿੰਦੇ ਹਨ।


ਉਮੀਦ ਹੈ ਅਗਲੇ ਵਰ੍ਹੇ ਵੀਹਵੀਂ ਵਰ੍ਹੇਗੰਢ ਤੇ ਸਾਡੇ ਸਾਰੇ ਦੋਸਤ-ਮਿੱਤਰ ਇਕ ਵਾਰ ਫਿਰ ਇਕੱਠੇ ਹੋਣਗੇ। ਤੁਹਾਡੀਆਂ ਤੰਦਰੁਸਤੀਆਂ ਲਈ ਖੈਰ ਮੰਗਦੇ ਹਾਂ।

**– ਬਲਬੀਰ ਸਿੰਘ ਐਮ. ਏ.**

# ਪਰਦੇਸ ਟਾਇਮਜ਼ ਦੀ 19ਵੀਂ ਵਰ੍ਹੇਗੰਢ ਮਨਾਈ ਗਈ



















# ਪਰਦੇਸ ਟਾਇਮਜ਼ ਦੀ 19ਵੀਂ ਵਰ੍ਹੇਗੰਢ ਮਨਾਈ ਗਈ





























# ਪਰਦੇਸ ਟਾਇਮਜ਼ ਦੀ 19ਵੀਂ ਵਰ੍ਹੇਗੰਢ ਮਨਾਈ ਗਈ


























# ਲੈਬਨਾਨ ਪੇਜਰ ਧਮਾਕੇ- ਨਵੀਂ ਕਿਸਮ ਦਾ ਯੁੱਧ



ਲੈਬਨਾਨ ਵਿੱਚ 18 ਸਤੰਬਰ ਨੂੰ ਹੋਏ ਵਾਕੀ-ਟਾਕੀ ਧਮਾਕਿਆਂ ਵਿੱਚ ਹੁਣ ਤੱਕ 20 ਲੋਕਾਂ ਦੀ ਜਾਨ ਚਲੀ ਗਈ ਹੈ ਅਤੇ 450 ਤੋਂ ਵੱਧ ਜ਼ਖ਼ਮੀ ਹੋਏ ਹਨ। ਇਹ ਜਾਣਕਾਰੀ ਲੇਬਨਾਨ ਦੇ ਸਿਹਤ ਮੰਤਰੀ ਨੇ ਦਿੱਤੀ ਹੈ। ਵਾਕੀ-ਟਾਕੀਜ਼ ਦੀ ਵਰਤੋਂ ਹਿਜ਼ਬੁੱਲ੍ਹਾ ਕਰਦਾ ਰਿਹਾ ਹੈ। ਜਿਨ੍ਹਾਂ ਥਾਵਾਂ 'ਤੇ ਧਮਾਕੇ ਹੋਏ ਉਹ ਹਿਜ਼ਬੁੱਲ੍ਹਾ ਪ੍ਰਭਾਵਿਤ ਖੇਤਰ ਮੰਨੇ ਜਾਂਦੇ ਹਨ। ਇਹ ਖੇਤਰ ਹਨ- ਬੇਰੂਤ, ਬੇਕਾ ਵੈਲੀ, ਦੱਖਣੀ ਲੈਬਨਾਨ। 17 ਸਤੰਬਰ ਨੂੰ ਪੇਜਰ ਫਟਣ ਕਾਰਨ ਜਿਨ੍ਹਾਂ ਲੋਕਾਂ ਦੀ ਮੌਤ ਹੋ ਗਈ ਸੀ, ਉਨ੍ਹਾਂ ਵਿੱਚੋਂ ਕੁਝ ਦੀ ਅੰਤਿਮ ਯਾਤਰਾ ਦੌਰਾਨ ਵਾਕੀ-ਟਾਕੀਜ਼ ਵਿੱਚ ਧਮਾਕੇ ਹੋਏ। ਹਿਜ਼ਬੁੱਲ੍ਹਾ ਦੇ ਮੈਂਬਰਾਂ ਦੁਆਰਾ ਵਰਤੇ ਜਾਣ ਵਾਲੇ ਪੇਜਰ 17 ਸਤੰਬਰ ਨੂੰ ਅਚਾਨਕ ਫਟਣ ਲੱਗੇ। ਇਸ ਵਿੱਚ 12 ਲੋਕ ਮਾਰੇ ਗਏ ਸਨ ਅਤੇ ਸੈਂਕੜੇ ਜ਼ਖ਼ਮੀ ਹੋ ਗਏ ਸਨ।

ਇਨ੍ਹਾਂ ਧਮਾਕਿਆਂ ਦੇ ਲਈ ਹਿਜ਼ਬੁੱਲ੍ਹਾ ਨੇ ਇਜ਼ਰਾਈਲ ਨੂੰ ਜ਼ਿੰਮੇਦਾਰ ਠਹਿਰਾਇਆ ਹੈ। ਇਜ਼ਰਾਈਲ ਨੇ ਅਜੇ ਤੱਕ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਹੈ। ਬੀਤੇ ਦਿਨੀਂ ਇਜ਼ਰਾਈਲ ਦੇ ਰੱਖਿਆ ਮੰਤਰੀ ਯਾਓਵ ਗੈਲੇਂਟ ਨੇ 'ਯੁੱਧ ਦਾ ਨਵਾਂ ਦੌਰ' ਸ਼ੁਰੂ ਹੋਣ ਦੀ ਗੱਲ ਕਹੀ ਸੀ। ਇਜ਼ਰਾਈਲੀ ਫੌਜ ਨੂੰ ਵੀ ਉੱਤਰੀ ਇਲਾਕੇ ਵਿੱਚ ਤੈਨਾਤ ਕੀਤਾ ਗਿਆ ਸੀ। ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਐਂਟੋਨੀਓ ਗੁਟੇਰੇਸ ਨੇ ਵਧਦੇ ਖ਼ਤਰੇ ਬਾਰੇ ਚੇਤਾਵਨੀ ਦਿੱਤੀ ਹੈ ਅਤੇ ਸਾਰੀਆਂ ਧਿਰਾਂ ਨੂੰ ਸ਼ਾਂਤੀ ਕਾਇਮ ਰੱਖਣ ਲਈ ਕਿਹਾ ਹੈ।

ਲੇਬਨਾਨੀ ਰੈੱਡ ਕਰਾਸ ਦਾ ਕਹਿਣਾ ਹੈ ਕਿ ਅਲੱਗ-ਅਲੱਗ ਇਲਾਕਿਆਂ ਵਿੱਚ ਹੋਏ ਕਈ ਧਮਾਕਿਆਂ ਤੋਂ ਬਾਅਦ ਉਸ ਦੀਆਂ ਟੀਮਾਂ ਦੇਸ਼ ਦੇ ਦੱਖਣੀ ਅਤੇ ਪੂਰਬੀ ਇਲਾਕੇ ਵਿੱਚ ਗਰਾਊਂਡ 'ਤੇ ਹਨ। ਇਸ ਬਿਆਨ ਵਿੱਚ ਕਿਹਾ ਗਿਆ ਹੈ ਕਿ ਤਰਕੀਬਨ 30 ਐਂਬੂਲੈਂਸ ਦੀਆਂ ਟੀਮਾਂ ਨੂੰ ਤੈਨਾਤ ਕੀਤਾ ਗਿਆ ਹੈ ਅਤੇ ਵਧੇਰੇ 'ਹਾਈ ਅਲਰਟ' 'ਤੇ ਹਨ।ਕਈ ਜ਼ਖ਼ਮੀਆਂ ਨੂੰ ਰਾਜਧਾਨੀ ਬੇਰੂਤ ਅਤੇ ਬਾਲਬੇਕ ਦੇ ਹਸਪਤਾਲਾਂ ਵਿੱਚ ਭੇਜਿਆ ਗਿਆ।

ਐੱਨਐੱਨਏ ਦੇ ਇੱਕ ਪੱਤਰਕਾਰ ਨੇ ਕਿਹਾ ਕਿ ਕੇਂਦਰੀ ਬੇਕਾ ਦੇ ਅਲੀ ਅਲ-ਨਾਹਰੀ ਪਿੰਡ ਵਿੱਚ ਸੜਕ ਦੇ ਕਿਨਾਰੇ ਇੱਕ ਯੰਤਰ ਵਿੱਚ ਧਮਾਕਾ ਹੋਇਆ, ਜਿਸ ਵਿੱਚ ਦੋ ਲੋਕ ਜ਼ਖ਼ਮੀ ਹੋ ਗਏ। ਉੱਥੇ ਹੀ ਇੱਕ ਦੂਜੇ ਪੱਤਰਕਾਰ ਨੇ ਦੱਸਿਆ ਕਿ ਦੱਖਣੀ ਬੇਕਾ ਦੇ ਜਾਏਦੇਤ ਮਾਰਜੇਯੂਨ ਦੇ ਕਬਰਿਸਤਾਨ ਦੇ ਨੇੜੇ ਇੱਕ ਕਾਰ ਅੰਦਰ ਪੇਜਰ ਧਮਾਕਾ ਹੋਇਆ। ਦੱਖਣੀ ਲੇਬਨਾਨ ਦੇ ਭੂਮੱਧਿਆਸਾਗਰ ਤੱਟ ਦੇ ਸਿਡੋਨ ਵਿੱਚ ਇੱਕ ਫੋਨ ਦੀ ਦੁਕਾਨ ਤੋਂ ਧੂੰਆਂ ਨਿਕਲਣ ਦੀਆਂ ਤਸਵੀਰਾਂ ਸਾਹਮਣੇ ਆਈਆਂ ਹਨ। ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਨੇ ਕਿਹਾ ਹੈ ਕਿ ਉਹ ਲੇਬਨਾਨ ਵਿੱਚ ਵਾਕੀ-ਟਾਕੀ ਧਮਾਕਿਆਂ ਬਾਰੇ ਚਰਚਾ ਕਰਨ ਲਈ ਇਸ ਹਫ਼ਤੇ ਦੇ ਅੰਤ ਵਿੱਚ ਇੱਕ ਮੀਟਿੰਗ ਕਰੇਗੀ। ਕੌਂਸਲ ਦੇ ਚੇਅਰਮੈਨ ਨੇ ਇੱਕ ਸੰਖੇਪ ਬਿਆਨ ਵਿੱਚ ਇਹ ਐਲਾਨ ਕੀਤਾ ਹੈ।

### ਅੰਤਿਮ ਯਾਤਰਾ ਦੌਰਾਨ ਧਮਾਕੇ

ਹਿਜ਼ਬੁੱਲ੍ਹਾ ਦੇ ਗੜ੍ਹ ਆਖੇ ਜਾਣ ਵਾਲੇ ਦੱਖਣੀ ਬੇਰੂਤ ਵਿੱਚ ਚਾਰ ਲੋਕਾਂ ਦੇ ਅੰਤਿਮ ਯਾਤਰਾ ਦੌਰਾਨ ਇੱਕ ਧਮਾਕਾ ਹੋਇਆ। ਇਹ ਧਮਾਕੇ ਹਿਜ਼ਬੁੱਲ੍ਹਾ ਵੱਲੋਂ ਵਰਤੇ ਜਾਣ ਵਾਲੇ ਕਮਿਊਨੀਕੇਸ਼ ਡਿਵਾਇਸੇਜ਼ ਵਿੱਚ ਹੋਏ ਹਨ। ਸੂਤਰਾਂ ਦੇ ਹਵਾਲੇ ਨਾਲ ਲਿਖਿਆ ਹੈ ਕਿ ਹਿਜ਼ਬੁੱਲ੍ਹਾ ਨੇ ਇਹ ਰੇਡੀਓ ਯੰਤਰ ਪੰਜ ਮਹੀਨੇ ਪਹਿਲਾਂ ਉਸ ਵੇਲੇ ਖਰੀਦੇ ਸਨ ਜਦੋਂ ਪੇਜਰਸ ਖਰੀਦੇ ਸਨ। ਲੇਬਨਾਨ ਦੀ ਅਧਿਕਾਰਤ ਨੈਸ਼ਨਲ ਨਿਊਜ਼ ਏਜੰਸੀ ਨੇ ਕਿਹਾ ਕਿ ਦੱਖਣੀ ਬੇਰੂਤ ਵਿੱਚ ਘਰਾਂ ਦੇ ਅੰਦਰ ਕੁਝ ਪੁਰਾਣੇ ਪੇਜਰ ਵੀ ਫਟੇ ਹਨ। ਤਾਜ਼ਾ ਧਮਾਕਿਆਂ ਵਿੱਚ ਸੋਹਮਾਰ ਨਾਮ ਦੇ ਕਸਬੇ ਵਿੱਚ ਤਿੰਨ ਲੋਕਾਂ ਦੀ ਮੌਤ ਗਈ ਹੈ।

### ਪੇਜਰ ਧਮਾਕਿਆਂ ਵਿੱਚ 12 ਦੀ ਮੌਤ

ਮੰਗਲਵਾਰ ਨੂੰ ਲੇਬਨਾਨ ਵਿੱਚ ਪੇਜਰਾਂ ਰਾਹੀਂ ਲੜੀਵਾਰ ਧਮਾਕਿਆਂ ਵਿੱਚ 12 ਲੋਕਾਂ ਦੀ ਮੌਤ ਹੋ ਗਈ ਹੈ ਅਤੇ 2800 ਤੋਂ ਵੱਧ ਲੋਕ ਜ਼ਖ਼ਮੀ ਹੋ ਗਏ ਹਨ। ਲੇਬਨਾਨ ਦੇ ਸਿਹਤ ਮੰਤਰੀ ਫਿਰਾਸ ਅਬਿਆਦ ਨੇ ਕਿਹਾ ਕਿ ਮਰਨ ਵਾਲਿਆਂ ਵਿੱਚ ਇੱਕ ਅੱਠ ਸਾਲ ਦੀ ਬੱਚੀ ਅਤੇ ਇੱਕ 11 ਸਾਲ ਦਾ ਮੁੰਡਾ ਸ਼ਾਮਲ ਹੈ। ਪ੍ਰੈੱਸ ਕਾਨਫਰੰਸ ਦੌਰਾਨ ਅਬਿਆਨ ਕਿਹਾ ਹੈ ਕਿ ਪੇਜਰ ਧਮਾਇਆਂ ਵਿੱਚ ਮਾਰੇ ਗਏ ਲੋਕਾਂ ਸਿਹਤ ਕਰਮੀ ਵੀ ਸਨ। ਉੱਥੇ, ਹੀ 2750 ਜਖ਼ਮੀ ਹਸਪਤਾਲਾਂ ਵਿੱਚ ਭਰਤੀ ਹਨ। ਉਨ੍ਹਾਂ ਨੇ ਕਿਹਾ ਹੈ ਕਿ ਕੁਝ ਜ਼ਖ਼ਮੀਆਂ ਨੂੰ ਬਿਹਤਰ ਇਲਾਜ ਲਈ ਵਿਦੇਸ਼ ਭੇਜਿਆ ਜਾਵੇਗਾ। ਅਬਿਆਦ ਦੇ ਮੁਤਾਬਕ, ਕੁਝ ਜ਼ਖ਼ਮੀਆਂ ਨੂੰ ਈਰਾਨ ਅਤੇ ਸੀਰੀਆ ਭੇਜਿਆ ਗਿਆ ਹੈ ਪਰ 98 ਫੀਸਦ ਲੋਕਾਂ ਦਾ ਇਲਾਜ ਦੇਸ਼ ਵਿੱਚ ਹੋ ਰਿਹਾ ਹੈ। ਪਹਿਲਾ ਪੇਜਰ ਰਾਹੀਂ ਹੋਏ ਇਨ੍ਹਾਂ ਧਮਾਕਿਆਂ ਵਿੱਚ 2800 ਤੋਂ ਜ਼ਿਆਦਾ ਲੋਕਾਂ ਦੇ ਜਖ਼ਮੀ ਹੋਣ ਦੀ ਖ਼ਬਰ ਸਾਹਮਣੇ ਆਈ ਸੀ ਅਤੇ 12 ਲੋਕਾਂ ਦੇ ਮਾਰੇ ਜਾਣ ਦੀ ਪੁਸ਼ਟੀ ਹੋਈ ਹੈ।

ਇਸ ਵਿਚਾਲੇ ਲੇਬਨਾਨ ਦੇ ਸਭਿਆਚਾਰ ਮੰਤਰੀ ਮੁਹੰਮਦ ਵਿਸਾਮ ਨੇ ਧਮਾਕਿਆਂ 'ਤੇ ਕਿਹਾ, "ਇਜ਼ਰਾਇਲ ਦੇ ਖ਼ਿਲਾਫ਼ ਜਿੱਤ ਤੈਅ ਹੈ।" ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਉਨ੍ਹਾਂ ਨੇ ਲਿਖਿਆ, "ਇਜ਼ਰਾਇਲ ਦੇ ਪਾਪਾਂ ਦੀ ਕੋਈ ਸੀਮਾ ਨਹੀਂ ਹੈ ਅਤੇ ਕੱਲ੍ਹ ਹੋਏ ਹਮਲਿਆਂ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਇਜ਼ਰਾਇਲ ਮਨੁੱਖਤਾ ਦਾ ਦੁਸ਼ਮਣ ਹੈ।"

# ਇਜ਼ਰਾਈਲ ਦਾ ਪੇਜਰ ਬਲਾਸਟ ਕਾਂਡ



ਬਲਰਾਜ ਸਿੰਘ ਸਿੱਧੂ

ਇਜ਼ਰਾਈਲ ਸੰਸਾਰ ਦਾ ਵਾਹਿਦ ਦੇਸ਼ ਹੈ ਜੋ ਚਾਰੇ ਪਾਸਿਓਂ ਕੱਟੜ ਦੁਸ਼ਮਣ ਦੇਸ਼ਾਂ ਨਾਲ ਘਿਰਿਆ ਹੋਇਆ ਹੈ। ਇਹ 14 ਮਈ 1948 ਨੂੰ ਇੰਗਲੈਂਡ ਤੋਂ ਆਜ਼ਾਦ ਹੋਣ ਤੋਂ ਬਾਅਦ ਅਰਬ ਦੇਸ਼ਾਂ ਨਾਲ 1948, 1951, 1956, 1967, 1970, 1973 ਤੇ 1982 'ਚ ਜੰਗਾਂ ਕਰ ਚੁੱਕਾ ਹੈ ਜਿਨ੍ਹਾਂ 'ਚ ਅਰਬ ਦੇਸ਼ਾਂ ਨੂੰ ਲੱਕ ਤੋੜਵੀਂ ਹਾਰ ਹੋਈ ਸੀ। ਇਸ ਵੇਲੇ ਇਸ ਦੀ ਗਾਜ਼ਾ ਪੱਟੀ 'ਚ ਹਮਾਸ ਅਤੇ ਲਿਬਨਾਨ ਵਿਚ ਹਿਜ਼ਬੁੱਲਾ ਜਥੇਬੰਦੀ ਨਾਲ ਖ਼ੂਨੀ ਜੰਗ ਚੱਲ ਰਹੀ ਹੈ। ਗਾਜ਼ਾ ਪੱਟੀ ਨੂੰ ਇਸ ਨੇ ਬਿਲਕੁਲ ਖੰਡਰ ਬਣਾ ਦਿੱਤਾ ਹੈ ਤੇ ਹਜ਼ਾਰਾਂ ਬੇਕਸੂਰ ਔਰਤਾਂ, ਮਰਦਾਂ ਅਤੇ ਬੱਚਿਆਂ ਨੂੰ ਕਤਲ ਕਰ ਦਿੱਤਾ ਹੈ।

ਇਸ ਦੀ ਖ਼ੁਫ਼ੀਆ ਏਜੰਸੀ ਮੋਸਾਦ ਨੂੰ ਦੁਨੀਆ ਦੀ ਸਭ ਤੋਂ ਕਾਬਲ ਏਜੰਸੀ ਮੰਨਿਆ ਜਾਂਦਾ ਹੈ। ਮੋਸਾਦ ਨੇ ਦੂਸਰੀ ਸੰਸਾਰ ਜੰਗ ਵਿਚ ਯਹੂਦੀਆਂ 'ਤੇ ਜ਼ੁਲਮ ਕਰਨ ਵਾਲੇ ਨਾਜ਼ੀ ਅਫ਼ਸਰਾਂ ਨੂੰ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿੱਚੋਂ ਲੱਭ ਕੇ ਜਾਂ ਤਾਂ ਕਤਲ ਕਰ ਦਿੱਤਾ ਸੀ ਤੇ ਜਾਂ ਇਜ਼ਰਾਈਲ ਲਿਆ ਕੇ ਉਨ੍ਹਾਂ 'ਤੇ ਮੁਕੱਦਮੇ ਚਲਾਏ ਸਨ। ਸੰਨ 1976 ਵਿਚ ਅਰਬੀ ਅੱਤਵਾਦੀ ਇਸ ਦਾ ਇਕ ਹਵਾਈ ਜਹਾਜ਼ ਅਗਵਾ ਕਰ ਕੇ ਯੁਗਾਂਡਾ ਲੈ ਗਏ ਸਨ ਤੇ ਉਨ੍ਹਾਂ ਨੂੰ ਯੁਗਾਂਡਾ ਦੇ ਤਤਕਾਲੀ ਤਾਨਾਸ਼ਾਹ ਈਦੀ ਅਮੀਨ ਦਾ ਪੂਰਾ ਸਮਰਥਨ ਸੀ। ਪਰ 3 ਜੁਲਾਈ 1976 ਦੀ ਰਾਤ ਨੂੰ ਇਜ਼ਰਾਈਲ ਦੇ ਕਮਾਂਡੋ ਉੱਥੇ ਉਤਰੇ ਤੇ ਚੀਫ ਵਾਦੀ ਹਦਾਦ ਸਮੇਤ ਸਾਰੇ 7 ਹਾਈਜੈਕਰਾਂ ਤੇ ਯੁਗਾਂਡਾ ਦੀ ਫ਼ੌਜ ਦੇ 45 ਸੈਨਿਕਾਂ ਨੂੰ ਮਾਰ ਕੇ ਸਾਰੇ ਬੰਧਕਾਂ ਸਮੇਤ ਜਹਾਜ਼ ਵਾਪਸ ਲੈ ਆਏ ਸਨ। ਇਜ਼ਰਾਈਲ ਦਾ ਸਿਰਫ਼ ਇਕ ਸੈਨਿਕ ਜੋਨਾਤਨ ਨੇਤਨਯਾਹੂ ਜੋ ਮੌਜੂਦਾ ਪ੍ਰਧਾਨ ਮੰਤਰੀ ਨੇਤਨਯਾਹੂ ਦਾ ਵੱਡਾ ਭਰਾ ਸੀ, ਮਰਿਆ ਸੀ। ਹੁਣ ਇਸ ਨੇ 17 ਅਤੇ 18 ਸਤੰਬਰ ਨੂੰ ਲਿਬਨਾਨ ਵਿਚ ਪੇਜਰ ਤੇ ਵਾਕੀ ਟਾਕੀ (ਹੱਥ ਵਿਚ ਪਕੜੇ ਜਾਣ ਵਾਲੇ ਛੋਟੇ ਵਾਇਰਲੈੱਸ ਸੈੱਟ) ਬਲਾਸਟ ਕਾਂਡ ਕਰ ਕੇ ਦੁਨੀਆ ਨੂੰ ਹੈਰਾਨ ਕਰ ਦਿੱਤਾ ਹੈ। ਇਸ ਵਿਚ ਕਾਂਡ ਕਾਰਨ ਹਿਜ਼ਬੁੱਲਾ ਦੇ 32 ਮੈਂਬਰ ਮਾਰੇ ਗਏ ਤੇ ਲਗਪਗ 3100 ਜ਼ਖ਼ਮੀ ਹੋਏ। ਪੇਜਰ 1991 ਤੋਂ ਲੈ ਕੇ 1994-95 ਤੱਕ ਬਹੁਤ ਪ੍ਰਚਲਿਤ ਰਿਹਾ ਸੀ ਪਰ ਬਾਅਦ ਵਿਚ ਮੋਬਾਈਲ ਫੋਨ ਨੇ ਪੇਜਰ ਨੂੰ ਖ਼ਤਮ ਕਰ ਦਿੱਤਾ ਸੀ। ਅੱਜ ਦੇ ਸਮੇਂ ਵਿਚ ਜੇ ਕੋਈ ਵਿਅਕਤੀ ਪੇਜਰ ਦੀ ਵਰਤੋਂ ਕਰ ਰਿਹਾ ਹੈ ਤਾਂ ਅਜੀਬ ਜਿਹੀ ਗੱਲ ਲੱਗਦੀ ਹੈ। ਸਤਾਰਾਂ ਸਤੰਬਰ ਨੂੰ ਲਿਬਨਾਨ ਦੀ ਰਾਜਧਾਨੀ ਬੈਰੂਤ ਸਮੇਤ ਅਨੇਕ ਸ਼ਹਿਰਾਂ ਵਿਚ ਦੁਪਹਿਰ ਦੇ ਠੀਕ 3130 ਵਜੇ ਇੱਕੋ ਸਮੇਂ ਤਿੰਨ ਹਜ਼ਾਰ ਪੇਜਰਾਂ ਵਿਚ ਬੀਪ ਆਈ। ਜਿਵੇਂ ਮੋਬਾਈਲ ਵਿਚ ਘੰਟੀ ਵੱਜਦੀ ਹੈ, ਉਸੇ ਤਰ੍ਹਾਂ ਪੇਜਰ ਵਿਚ ਬੀਪ ਦੀ ਆਵਾਜ਼ ਆਉਂਦੀ ਹੈ ਜਿਸ ਕਾਰਨ ਕਈ ਦੇਸ਼ਾਂ 'ਚ ਇਸ ਨੂੰ ਬੀਪਰ ਵੀ ਕਿਹਾ ਜਾਂਦਾ ਹੈ। ਇਸ ਬੀਪ ਤੋਂ 2-4 ਮਿੰਟਾਂ ਬਾਅਦ ਹੀ ਇਕਦਮ 3000 ਪੇਜਰਾਂ ਵਿਚ ਬਲਾਸਟ ਹੋ ਗਏ।

ਪੇਜਰ ਨੂੰ ਆਮ ਲੋਕ ਬੈਲਟ ਨਾਲ ਲਗਾ ਕੇ ਰੱਖਦੇ ਹਨ। ਜਿਸ ਵਿਅਕਤੀ ਨੇ ਮੈਸੇਜ ਵੇਖਣ ਲਈ ਪੇਜਰ ਚਿਹਰੇ ਦੇ ਨਜ਼ਦੀਕ ਕੀਤਾ, ਉਸ ਦਾ ਚਿਹਰਾ ਉਡ ਗਿਆ ਤੇ ਜਿਸ ਦੀ ਬੈਲਟ ਵਿਚ ਲੱਗਾ ਹੋਇਆ ਸੀ, ਉਸ ਦੀ ਕਮਰ ਨੁਕਸਾਨੀ ਗਈ। ਲਿਬਨਾਨ ਦਾ ਕੋਈ ਸ਼ਹਿਰ, ਮਾਰਕੀਟ, ਦਫ਼ਤਰ, ਘਰ ਅਤੇ ਗਲੀ-ਬਾਜ਼ਾਰ ਨਹੀਂ ਬਚਿਆ ਜਿੱਥੇ ਧਮਾਕੇ ਨਾ ਹੋਏ ਹੋਣ। ਸੋਸ਼ਲ ਮੀਡੀਆ 'ਤੇ ਘੁੰਮ ਰਹੀ ਇਕ ਵਾਇਰਲ ਵੀਡੀਓ ਵਿਚ ਸਬਜ਼ੀ ਖ਼ਰੀਦ ਰਹੇ ਇਕ ਵਿਅਕਤੀ ਦੀ ਬੈਲਟ ਵਿਚ ਕਾਫ਼ੀ ਵੱਡਾ ਬਲਾਸਟ ਹੁੰਦਾ ਹੈ। ਪੇਜਰ ਬਲਾਸਟਾਂ ਵਿਚ 2700 ਲੋਕ ਜ਼ਖ਼ਮੀ ਹੋਏ ਹਨ ਅਤੇ 12 ਦੀ ਮੌਤ ਹੋ ਗਈ ਹੈ। ਜੇ ਮੋਸਾਦ ਦੀਆਂ ਦਸ ਵੱਡੀਆਂ ਕਾਰਵਾਈਆਂ ਨਾਲ ਇਸ ਕਾਂਡ ਦੀ ਤੁਲਨਾ ਕੀਤੀ ਜਾਵੇ ਤਾਂ ਬੇਸ਼ੱਕ ਇਹ ਪਹਿਲੇ ਨੰਬਰ 'ਤੇ ਆਵੇਗਾ। ਆਖ਼ਰ ਹਿਜ਼ਬੁੱਲਾ ਦੁਨੀਆ ਵੱਲੋਂ ਭੁੱਲ-ਭੁਲਾ ਦਿੱਤੇ ਗਏ ਇਸ ਸੰਚਾਰ ਯੰਤਰ ਦੀ ਵਰਤੋਂ ਕਿਉਂ ਕਰ ਰਿਹਾ ਸੀ, ਇਹ ਬਲਾਸਟ ਕਿਵੇਂ ਹੋਏ ਤੇ ਛੋਟੇ ਜਿਹੇ ਪੇਜਰ ਵਿਚ ਬੰਬ ਕਿਵੇਂ ਫਿੱਟ ਕੀਤੇ ਗਏ? ਇਹ ਬਹੁਤ ਹੀ ਦਿਲਚਸਪ ਕਹਾਣੀ ਹੈ। ਇਸ ਕਹਾਣੀ ਦੀ ਸ਼ੁਰੂਆਤ ਇਸ ਸਾਲ ਫਰਵਰੀ ਵਿਚ ਹੁੰਦੀ ਹੈ। ਹਿਜ਼ਬੁੱਲਾ ਅਤੇ ਇਜ਼ਰਾਈਲ ਦਰਮਿਆਨ ਯੁੱਧ ਚੱਲ ਰਿਹਾ ਹੈ ਕਿਉਂਕਿ ਹਿਜ਼ਬੁੱਲਾ ਹਮਾਸ ਦੀ ਹਮਾਇਤ ਵਿਚ ਅਕਤੂਬਰ 2023 ਤੋਂ ਲਗਾਤਾਰ ਇਜ਼ਰਾਈਲ 'ਤੇ ਸੈਂਕੜਿਆਂ ਦੀ ਗਿਣਤੀ 'ਚ ਰਾਕਟ ਤੇ ਡ੍ਰੋਨ ਹਮਲੇ ਕਰ ਰਿਹਾ ਹੈ। ਇਸ ਕਾਰਨ ਲਿਬਨਾਨ ਦੇ ਨਾਲ ਲੱਗਦੇ ਇਜ਼ਰਾਈਲੀ ਖੇਤਰ ਤੋਂ ਲੱਖਾਂ ਲੋਕ ਘਰ ਛੱਡਣ ਲਈ ਮਜਬੂਰ ਹੋ ਗਏ ਹਨ। ਹਿਜ਼ਬੁੱਲਾ ਦਾ ਲਿਬਨਾਨ ਦੇ ਵੱਡੇ ਖੇਤਰ 'ਤੇ ਕਬਜ਼ਾ ਹੈ ਤੇ ਈਰਾਨ ਇਸ ਨੂੰ ਖੁੱਲ੍ਹ ਕੇ ਆਰਥਿਕ ਤੇ ਸੈਨਿਕ ਮਦਦ ਮੁਹੱਈਆ ਕਰਵਾ ਰਿਹਾ ਹੈ।

ਦੂਸਰੇ ਪਾਸੇ ਇਜ਼ਰਾਈਲ ਵੀ ਹਿਜ਼ਬੁੱਲਾ ਦੇ ਲੀਡਰਾਂ ਨੂੰ ਚੁਣ-ਚੁਣ ਕੇ ਮਿਜ਼ਾਈਲ ਹਮਲਿਆਂ ਨਾਲ ਕਤਲ ਕਰ ਰਿਹਾ ਹੈ। ਇਸ ਕਾਰਨ 13 ਫਰਵਰੀ ਨੂੰ ਹਿਜ਼ਬੁੱਲਾ ਦੇ ਜਨਰਲ ਸਕੱਤਰ ਹਸਨ ਨਸਰੁੱਲਾ ਨੇ ਟੈਲੀਵਿਜ਼ਨ 'ਤੇ ਇਕ ਸੰਦੇਸ਼ ਦਿੱਤਾ ਸੀ ਕਿ ਇਜ਼ਰਾਈਲ ਮੋਬਾਈਲ ਫੋਨਾਂ ਦੀ ਲੋਕੇਸ਼ਨ ਟਰੇਸ ਕਰ ਕੇ ਹਿਜ਼ਬੁੱਲਾ ਦੇ ਲੀਡਰਾਂ ਦਾ ਕਤਲ ਕਰ ਰਿਹਾ ਹੈ। ਇਸ ਲਈ ਜਥੇਬੰਦੀ ਦੇ ਮੈਂਬਰ ਫੌਰਨ ਆਪਣੇ ਮੋਬਾਈਲ ਫੋਨ ਨਸ਼ਟ ਕਰ ਦੇਣ। ਮੋਬਾਈਲ ਰਾਹੀਂ ਕੋਈ ਵੀ ਗੱਲਬਾਤ ਨਾ ਕੀਤੀ ਜਾਵੇ ਤੇ ਨਾ ਹੀ ਕੋਈ ਮੈਸੇਜ ਭੇਜਿਆ ਜਾਵੇ। ਹਿਜ਼ਬੁੱਲਾ ਦੇ ਮੈਂਬਰਾਂ ਨੇ ਫੌਰਨ ਉਸ ਦੀ ਗੱਲ 'ਤੇ ਅਮਲ ਕੀਤਾ ਪਰ ਮੁਸੀਬਤ ਇਹ ਆ ਗਈ ਕਿ ਇਕ-ਦੂਸਰੇ ਨੂੰ ਮੈਸੇਜ ਭੇਜੇ ਕਿਵੇਂ ਜਾਣ? ਇਸ ਮਸਲੇ 'ਤੇ ਡੂੰਘੀ ਸੋਚ-ਵਿਚਾਰ ਕਰਨ ਤੋਂ ਬਾਅਦ ਮਾਰਚ ਵਿਚ ਇਕ ਫ਼ੈਸਲਾ ਕੀਤਾ ਗਿਆ ਕਿ ਅੱਗੇ ਤੋਂ ਪੇਜਰਾਂ ਦੀ ਵਰਤੋਂ ਕੀਤੀ ਜਾਵੇਗੀ। ਪਹਿਲਾਂ ਕਮਾਂਡਰਾਂ ਨੂੰ ਪੇਜਰ ਦਿੱਤੇ ਜਾਣਗੇ ਤੇ ਬਾਅਦ ਵਿਚ ਸਾਰੇ ਮੈਂਬਰਾਂ ਨੂੰ। ਵਾਇਰਲੈੱਸ ਵਾਂਗ ਪੇਜਰ ਇਕ ਖ਼ਾਸ ਰੇਡੀਓ ਫਰੀਕੁਐਂਸੀ 'ਤੇ ਚੱਲਦਾ ਹੈ ਤੇ ਇਸ ਦਾ ਸੈਟੇਲਾਈਟ ਜਾਂ ਇੰਟਰਨੈੱਟ ਨਾਲ ਕੋਈ ਕੁਨੈਕਸ਼ਨ ਨਹੀਂ ਹੁੰਦਾ ਜਿਸ ਕਾਰਨ ਪੇਜਰ ਵਾਲੇ ਵਿਅਕਤੀ ਦੀ ਲੋਕੇਸ਼ਨ ਟਰੇਸ ਨਹੀਂ ਕੀਤੀ ਜਾ ਸਕਦੀ। ਇਸ ਤੋਂ ਬਾਅਦ ਪੇਜਰ ਬਣਾਉਣ ਵਾਲੀਆਂ ਕੰਪਨੀਆਂ ਦੀ ਖੋਜ ਕੀਤੀ ਗਈ ਤਾਂ ਪਤਾ ਲੱਗਾ ਕਿ ਤਾਇਵਾਨ ਦੀ ਇਕ ਕੰਪਨੀ ਗੋਲਡ ਅਪੋਲੋ ਪੇਜਰ ਦਾ ਨਿਰਮਾਣ ਕਰਦੀ ਹੈ। ਹਿਜ਼ਬੁੱਲਾ ਦਾ ਨਾਮ ਛਿਪਾ ਕੇ ਵਿਚੋਲਿਆਂ ਰਾਹੀਂ ਇਸ ਕੰਪਨੀ ਨੂੰ 3000 ਪੇਜਰਾਂ ਦਾ ਆਰਡਰ ਦਿੱਤਾ ਗਿਆ।

ਮਈ ਅਤੇ ਜੂਨ ਵਿਚ ਪੇਜਰਾਂ ਦੀਆਂ ਦੋ ਖੇਪਾਂ ਬੈਰੂਤ (ਲਿਬਨਾਨ) ਪਹੁੰਚ ਗਈਆਂ ਜਿਨ੍ਹਾਂ ਨੂੰ ਕਮਾਂਡਰਾਂ ਵਿਚ ਵੰਡ ਦਿੱਤਾ ਗਿਆ। ਜਿਸ ਸਮੇਂ ਇਹ ਧਮਾਕੇ ਹੋਏ ਉਸ ਵੇਲੇ ਲਿਬਨਾਨ ਵਿਚ ਈਰਾਨ ਦਾ ਰਾਜਦੂਤ ਆਪਣੇ ਦਫ਼ਤਰ ਵਿਚ ਹਾਜ਼ਰ ਸੀ। ਉਸ ਦੀ ਸੁਰੱਖਿਆ ਲਈ ਹਿਜ਼ਬੁੱਲਾ ਦੇ ਦਰਜਨ ਦੇ ਕਰੀਬ ਸੈਨਿਕ ਤਾਇਨਾਤ ਸਨ। ਜਦੋਂ ਇਕ ਸੈਨਿਕ ਦੇ ਪੇਜਰ ਦਾ ਬੀਪ ਵੱਜਿਆ ਤਾਂ ਉਸ ਨੇ ਪੇਜਰ ਕੱਢ ਕੇ ਮੈਸੇਜ ਵੇਖਣਾ ਸ਼ੁਰੂ ਕਰ ਦਿੱਤਾ।

ਕੁਦਰਤੀ ਪੇਜਰ ਦਾ ਰੁਖ਼ ਰਾਜਦੂਤ ਵੱਲ ਸੀ ਜਿਸ ਕਾਰਨ ਬਲਾਸਟ ਨਾਲ ਉਸ ਦੀ ਇਕ ਅੱਖ ਖ਼ਰਾਬ ਹੋ ਗਈ ਤੇ ਹੋਰ ਵੀ ਸੱਟਾਂ ਲੱਗੀਆਂ। ਜਦੋਂ ਬਲਾਸਟ ਦੀ ਖ਼ਬਰ ਫੈਲੀ ਤਾਂ ਤਾਇਵਾਨ ਦੀ ਕੰਪਨੀ ਨੇ ਸਪਸ਼ਟੀਕਰਨ ਦਿੱਤਾ ਕਿ ਇਹ ਪੇਜਰ ਉਸ ਨੇ ਨਹੀਂ ਬਣਾਏ ਹਨ। ਉਸ ਨੇ ਹੰਗਰੀ ਦੀ ਬਿੱਕ ਨਾਮਕ ਇਕ ਕੰਪਨੀ ਨਾਲ 2022 ਵਿਚ ਸਮਝੌਤਾ ਕੀਤਾ ਸੀ ਜਿਸ ਅਧੀਨ ਉਹ ਕੰਪਨੀ ਗੋਲਡ ਅਪੋਲੋ ਬਰਾਂਡ ਹੇਠ ਪੇਜਰ ਬਣਾਉਂਦੀ ਹੈ ਤੇ ਉਸ ਨੇ ਹੀ ਹਿਜ਼ਬੁੱਲਾ ਨੂੰ ਪੇਜਰ ਸਪਲਾਈ ਕੀਤੇ ਸਨ। ਇਨ੍ਹਾਂ ਪੇਜਰਾਂ 'ਚ ਬੰਬ ਫਿੱਟ ਕਿਵੇਂ ਕੀਤੇ ਗਏ? ਅਸਲ 'ਚ ਮੋਸਾਦ ਦੇ ਮੁਖ਼ਬਰ ਦੁਨੀਆ ਦੇ ਹਰ ਦੇਸ਼ 'ਚ ਮੌਜੂਦ ਹਨ ਤੇ ਹਿਜ਼ਬੁੱਲਾ ਵਿਚ ਵੀ ਹਨ। ਉਨ੍ਹਾਂ ਨੇ ਹੀ ਮੋਸਾਦ ਨੂੰ ਪੇਜਰਾਂ ਦੇ ਆਰਡਰ ਬਾਰੇ ਦੱਸਿਆ ਸੀ। ਮੋਸਾਦ ਨੇ ਸੋਚਿਆ ਕਿ ਇਨ੍ਹਾਂ ਪੇਜਰਾਂ ਨਾਲ ਅਜਿਹੀ ਗੇਮ ਖੇਡੀ ਜਾਵੇ ਤਾਂ ਜੋ ਹਿਜ਼ਬੁੱਲਾ ਕੰਬ ਜਾਵੇ।






ਜਦੋਂ ਮੋਸਾਦ ਨੂੰ ਪਤਾ ਲੱਗਾ ਕਿ ਪੇਜਰ ਹੰਗਰੀ ਵਿਚ ਬਣਾਏ ਜਾ ਰਹੇ ਹਨ ਤਾਂ ਉਸ ਦਾ ਕੰਮ ਬਹੁਤ ਆਸਾਨ ਹੋ ਗਿਆ ਕਿਉਂਕਿ ਜ਼ਿਆਦਾਤਰ ਯੂਰਪੀ ਦੇਸ਼ ਇਜ਼ਰਾਈਲ ਪ੍ਰਤੀ ਨਰਮੀ ਵਰਤਦੇ ਹਨ। ਮੋਸਾਦ ਨੇ ਕੰਪਨੀ ਵਿਚ ਘੁਸਪੈਠ ਕਰ ਲਈ। ਪੇਜਰ ਬੈਟਰੀ ਨਾਲ ਚੱਲਦਾ ਹੈ ਤੇ ਇਸ ਨੂੰ ਵੀ ਬਾਕੀ ਇਲੈਕਟ੍ਰਾਨਿਕ ਯੰਤਰਾਂ ਵਾਂਗ ਰਿਚਾਰਜ ਕਰਨਾ ਪੈਂਦਾ ਹੈ। ਮੋਸਾਦ ਨੇ ਸਕੀਮ ਬਣਾਈ ਤੇ ਫੈਕਟਰੀ ਦੇ ਇਕ ਇੰਜੀਨੀਅਰ ਦੀ ਮਦਦ ਨਾਲ ਪੇਜਰ ਦੀ ਬੈਟਰੀ ਦੇ ਨਜ਼ਦੀਕ ਕਰੀਬ 30 ਗ੍ਰਾਮ ਪੀਈਟੀਐੱਨ (ਪੈਂਟਾਏਰੀਥਰੀਟੋਲ ਟੈਟਰਾਨਾਈਟਰੇਟ, ਦੁਨੀਆ ਦਾ ਸਭ ਤੋਂ ਤਾਕਤਵਰ ਵਿਸਫੋਟਕ) ਛਿਪਾ ਦਿੱਤਾ ਗਿਆ। ਪੇਜਰ ਦੀ ਬੈਟਰੀ ਦੇ ਨਜ਼ਦੀਕ ਇਕ ਚਿੱਪ ਵੀ ਲਗਾਈ ਗਈ ਜਿਸ ਨੂੰ ਕਮਾਂਡ ਦੇ ਕੇ ਬਲਾਸਟ ਕੀਤਾ ਜਾ ਸਕਦਾ ਸੀ। ਜਦੋਂ ਚਿੱਪ ਨੂੰ ਕਮਾਂਡ ਦਿੱਤੀ ਗਈ ਤਾਂ ਉਸ ਨੇ ਬੈਟਰੀ ਨੂੰ ਬੇਹੱਦ ਗਰਮ ਕਰ ਦਿੱਤਾ ਜਿਸ ਕਾਰਨ ਪੀਈਟੀਐੱਨ ਫਟ ਗਿਆ।

**ਜਦੋਂ ਮੋਸਾਦ ਨੂੰ ਪਤਾ ਲੱਗਾ ਕਿ ਪੇਜਰ ਹੰਗਰੀ ਵਿਚ ਬਣਾਏ ਜਾ ਰਹੇ ਹਨ ਤਾਂ ਉਸ ਦਾ ਕੰਮ ਬਹੁਤ ਆਸਾਨ ਹੋ ਗਿਆ ਕਿਉਂਕਿ ਜ਼ਿਆਦਾਤਰ ਯੂਰਪੀ ਦੇਸ਼ ਇਜ਼ਰਾਈਲ ਪ੍ਰਤੀ ਨਰਮੀ ਵਰਤਦੇ ਹਨ। ਮੋਸਾਦ ਨੇ ਕੰਪਨੀ ਵਿਚ ਘੁਸਪੈਠ ਕਰ ਲਈ। ਪੇਜਰ ਬੈਟਰੀ ਨਾਲ ਚੱਲਦਾ ਹੈ ਤੇ ਇਸ ਨੂੰ ਵੀ ਬਾਕੀ ਇਲੈਕਟ੍ਰਾਨਿਕ ਯੰਤਰਾਂ ਵਾਂਗ ਰਿਚਾਰਜ ਕਰਨਾ ਪੈਂਦਾ ਹੈ। ਮੋਸਾਦ ਨੇ ਸਕੀਮ ਬਣਾਈ ਤੇ ਫੈਕਟਰੀ ਦੇ ਇਕ ਇੰਜੀਨੀਅਰ ਦੀ ਮਦਦ ਨਾਲ ਪੇਜਰ ਦੀ ਬੈਟਰੀ ਦੇ ਨਜ਼ਦੀਕ ਕਰੀਬ 30 ਗ੍ਰਾਮ ਪੀਈਟੀਐੱਨ (ਪੈਂਟਾਏਰੀਥਰੀਟੋਲ ਟੈਟਰਾਨਾਈਟਰੇਟ, ਦੁਨੀਆ ਦਾ ਸਭ ਤੋਂ ਤਾਕਤਵਰ ਵਿਸਫੋਟਕ) ਛਿਪਾ ਦਿੱਤਾ ਗਿਆ। ਪੇਜਰ ਦੀ ਬੈਟਰੀ ਦੇ ਨਜ਼ਦੀਕ ਇਕ ਚਿੱਪ ਵੀ ਲਗਾਈ ਗਈ ਜਿਸ ਨੂੰ ਕਮਾਂਡ ਦੇ ਕੇ ਬਲਾਸਟ ਕੀਤਾ ਜਾ ਸਕਦਾ ਸੀ। ਜਦੋਂ ਚਿੱਪ ਨੂੰ ਕਮਾਂਡ ਦਿੱਤੀ ਗਈ ਤਾਂ ਉਸ ਨੇ ਬੈਟਰੀ ਨੂੰ ਬੇਹੱਦ ਗਰਮ ਕਰ ਦਿੱਤਾ ਜਿਸ ਕਾਰਨ ਪੀਈਟੀਐੱਨ ਫਟ ਗਿਆ।**

ਮੋਸਾਦ ਨੂੰ ਪਤਾ ਸੀ ਕਿ ਹਿਜ਼ਬੁੱਲਾ ਦੇ ਜ਼ਿਆਦਾਤਰ ਜ਼ਰੂਰੀ ਸੰਦੇਸ਼ ਦੁਪਹਿਰ 3 ਤੋਂ 3130 ਤੱਕ ਭੇਜੇ ਜਾਂਦੇ ਹਨ। ਉਨ੍ਹਾਂ ਨੇ 3130 ਦਾ ਸਮਾਂ ਇਸ ਲਈ ਚੁਣਿਆ ਕਿ ਉਸ ਵੇਲੇ ਸਾਰੇ ਕਮਾਂਡਰਾਂ ਦੇ ਹੱਥਾਂ 'ਚ ਪੇਜਰ ਹੋਵੇਗਾ। ਅਜੇ ਇਸ ਵਾਕਿਆ ਦੇ ਮ੍ਰਿਤਕ ਦਫ਼ਨਾਏ ਵੀ ਨਹੀਂ ਸਨ ਗਏ ਕਿ 19 ਸਤੰਬਰ ਨੂੰ ਮੋਸਾਦ ਨੇ ਹਿਜ਼ਬੁੱਲਾ ਕਮਾਂਡਰਾਂ ਦੇ ਵਾਕੀ-ਟਾਕੀਆਂ 'ਚ ਵੀ ਬਲਾਸਟ ਕਰ ਦਿੱਤੇ ਜਿਸ ਕਾਰਨ 20 ਵਿਅਕਤੀ ਮਾਰੇ ਗਏ ਤੇ 450 ਜ਼ਖ਼ਮੀ ਹੋ ਗਏ। ਇਸ ਕਾਂਡ 'ਚ ਵੀ ਪੇਜਰਾਂ ਵਾਲੀ ਤਕਨੀਕ ਹੀ ਵਰਤੀ ਗਈ ਹੈ।

# ਕਹਾਣੀ
# ਬੇਹੋਸ਼ੀ

ਡਾਕਟਰ ਅਜੀਤ ਸਿੰਘ ਕੋਟਕਪੂਰਾ
585 305 0443



(ਪਹਿਲੀ ਕਿਸਤ)

ਬਲਵਿੰਦਰ ਕੌਰ ਨੂੰ ਹਸਪਤਾਲ ਵਿਚ ਦਾਖਲ ਹੋਈ ਨੂੰ ਅੱਜ ਤੀਸਰਾ ਦਿਨ ਸੀ ਉਸ ਨੇ ਅੱਜ ਮਾੜੀ ਜਿਹੀ ਅੱਖ ਪੱਟੀ ਸੀ ਅਤੇ ਚਾਰ ਚੁਫੇਰੇ ਨਜ਼ਰ ਘੁਮਾਈ । ਆਪਣੇ ਖਸਮ ਹਰਪਾਲ ਸਿੰਘ ਵਲ ਦੇਖਿਆ ਤੇ ਫੇਰ ਅੱਖਾਂ ਮੀਚ ਲਈਆਂ ਸਨ। ਹਰਪਾਲ ਨੇ ਸੋਚਿਆ ਕਿ ਬਿੰਦੀ ਨੂੰ ਕੁਝ ਹੋਸ਼ ਆਈ ਹੈ। ਉਸ ਨੇ ਪਾਣੀ ਦਾ ਗਿਲਾਸ ਬਿੰਦੀ ਦੇ ਨੇੜੇ ਕੀਤਾ ਤੇ ਪਾਣੀ ਪੁੱਛਿਆ ਪਰ ਬਿੰਦੀ ਨੇ ਨਾਂਹ ਵਿਚ ਸਿਰ ਫੇਰ ਦਿਤਾ। ਡਾਕਟਰ ਥੋੜੀ ਦੇਰ ਪਿੱਛੋਂ ਆਈ ਉਸ ਨੇ ਹਰਪਾਲ ਨੂੰ ਬਿੰਦੀ ਦਾ ਹਾਲ ਪੁੱਛਿਆ ਤਾਂ ਹਰਪਾਲ ਨੇ ਦੱਸਿਆ ਕਿ ਲਗਦਾ ਹੈ ਦਵਾਈ ਨੇ ਅਸਰ ਕੀਤਾ ਹੈ ਤੇ ਬਿੰਦੀ ਨੇ ਅੱਖਾਂ ਖੋਲੀਆਂ ਸਨ । ਡਾਕਟਰ ਚਾਹੁੰਦੀ ਸੀ ਕਿ ਬਲਵਿੰਦਰ ਨੂੰ ਇਕੱਲਿਆਂ ਕਰ ਉਸ ਤੋਂ ਬਰੀਕੀ ਨਾਲ ਪੁੱਛਿਆ ਜਾਵੇ। ਉਸ ਨੇ ਹਰਪਾਲ ਨੂੰ ਕਮਰੇ ਤੋਂ ਬਾਹਰ ਜਾਣ ਲਈ ਆਖਿਆ। ਹਰਪਾਲ ਚੁੱਪ ਚਾਪ ਉਠ ਕੇ ਬਾਹਰ ਵੱਲ ਜਾਣ ਲੱਗਿਆ ਤਾਂ ਉਸ ਨੂੰ ਨਰਸ ਨੇ ਆਖਿਆ ਕਿ ਜਦੋਂ ਤਕ ਤੁਹਾਨੂੰ ਬੁਲਾਇਆ ਨਾ ਜਾਵੇ ਤੁਸੀਂ ਬਾਹਰ ਹੀ ਇੰਤਜ਼ਾਰ ਕਰਨਾ ਹੈ। ਹਰਪਾਲ ਸੋਚਾਂ ਵਿਚ ਗੁੰਮ ਬਾਹਰ ਆ ਗਿਆ।

ਬਾਹਰ ਆ ਕੇ ਉਸ ਦੇਖਿਆ ਕਿ ਬੱਦਲੀਆਂ ਛਟ ਰਹੀਆਂ ਸਨ, ਸੂਰਜ ਦੀ ਟਿੱਕੀ ਬੱਦਲਾਂ ਵਿਚੋਂ ਝਾਤੀ ਮਾਰ ਰਹੀ ਸੀ । ਸੰਘਣੇ ਨੀਲੇ ਅਸਮਾਨ ਦੇ ਟੁਕੜੇ ਹੇਠਾਂ ਇਧਰੋਂ ਉਧਰੋਂ ਉਡਦੇ ਪੰਛੀ ਆਪਣੇ ਭਿੱਜੇ ਹੋਏ ਖੰਭਾਂ ਨੂੰ ਝਾੜਦੇ ਉਡਾਰੀਆਂ ਭਰ ਰਹੇ ਸਨ । ਇੰਜ ਪ੍ਰਤੀਤ ਹੋ ਰਿਹਾ ਸੀ ਕਿ ਕਈ ਦਿਨਾਂ ਦੇ ਸੁੰਗੜੇ ਸਰੀਰਾਂ ਦੀ ਸਤਿਆ ਅਜ਼ਮਾ ਰਹੇ ਹੋਵਣ। ਹਰਪਾਲ ਵੀ ਬਾਹਰ ਕੁਦਰਤ ਦਾ ਇਹ ਨਜ਼ਾਰਾ ਤਕ ਰਿਹਾ ਸੀ ਪ੍ਰੰਤੂ ਉਹ ਸੋਚਾਂ ਦੇ ਸਮੁੰਦਰ ਵਿਚ ਗੋਤੇ ਖਾ ਰਿਹਾ ਸੀ ਉਸ ਨੂੰ ਸਮਝ ਨਹੀਂ ਆ ਰਿਹਾ ਸੀ ਕਿ ਸਵੇਰੇ ਤਾਂ ਉਹ ਬਲਵਿੰਦਰ ਦੇ ਹੱਥੋਂ ਪੱਕੇ ਹੋਏ ਪਰੌਠੇ ਖਾ ਕੇ ਆਪਣੇ ਲੜਕੇ ਸਾਧੂ ਨਾਲ ਹੀ ਖੇਤ ਗਿਆ ਸੀ । ਸਾਧੂ ਨੇ ਵੀ ਉਸ ਦੇ ਨਾਲ ਬੈਠ ਕੇ ਪਰੌਠੇ ਛੱਕੇ ਸਨ । ਸਾਧੂ ਦੀ ਘਰ ਵਾਲੀ ਕੁਲਵਿੰਦਰ ਨਲਕੇ ਦੇ ਲਾਗੇ ਧੋਣ ਵਾਲੇ ਕਪੜੇ ਇਕੱਠੇ ਕਰ ਰਹੀ ਸੀ । ਹਰਪਾਲ ਤੇ ਸਾਧੂ ਖੇਤ ਵਿਚ ਦੁਪਹਿਰੀ ਦੀ ਉਡੀਕ ਵਿਚ ਸਨ ਕਿ ਘਰ ਤੋਂ ਉਨ੍ਹਾਂ ਨੂੰ ਸਨੇਹਾ ਮਿਲਿਆ ਸੀ ਕਿ ਬਲਵਿੰਦਰ ਬੇਹੋਸ਼ ਹੋ ਗਈ ਹੈ ਤੇ ਕੁਲਵਿੰਦਰ ਆਪਣੇ ਗੁਆਂਢੀਆਂ ਦੀ ਮਦਦ ਨਾਲ ਉਸ ਨੂੰ ਹਸਪਤਾਲ ਲੈ ਗਈ ਹੈ ਡਾਕਟਰ ਨੇ ਦਾਖਲ ਕਰ ਲਿਆ ਹੈ ਪ੍ਰੰਤੂ ਹਾਲੇ ਤਕ ਹੋਸ਼ ਨਹੀਂ ਆਇਆ ਹੈ । ਉਹ ਹਾਲੇ ਸੋਚਾਂ ਵਿਚ ਹੀ ਸੀ ਕਿ ਬਲਵਿੰਦਰ ਨੂੰ ਕੀ ਹੋਇਆ ਹੋਵੇਗਾ ਕਿ ਨਰਸ ਨੇ ਹਰਪਾਲ ਨੂੰ ਅਵਾਜ਼ ਲਗਾਈ ਕਿ ਸਰਦਾਰ ਜੀ ਜਾਓ ਤੇ ਸਾਹਮਣੇ ਦਵਾਈਆਂ ਵਾਲੀ ਦੁਕਾਨ ਤੋਂ ਆਹ ਦਵਾਈਆਂ ਲੈ ਕੇ ਆਓ। ਇਹਨਾਂ ਆਖਦੇ ਹੋਏ ਨਰਸ ਨੇ ਦਵਾਈਆਂ ਵਾਲੀ ਪਰਚੀ ਹਰਪਾਲ ਦੇ ਹੱਥ ਫੜਾਈ ਤੇ ਛੇਤੀ ਮੁੜ ਆਉਣ ਦੀ ਤਾਕੀਦ ਕੀਤੀ।

ਹਰਪਾਲ ਛੇਤੀ ਨਾਲ ਦਵਾਈਆਂ ਵਾਲੀ ਦੁਕਾਨ ਤੇ ਜਾ ਕੇ ਪਰਚੀ ਦੁਕਾਨ ਵਾਲੇ ਨੂੰ ਦੇ ਕੇ ਦਵਾਈ ਦੇਣ ਲਈ ਆਖਿਆ । ਉਸ ਨੇ ਵੀ ਦਵਾਈਆਂ ਕੱਢ ਹਰਪਾਲ ਨੂੰ ਫੜਾਈਆਂ। ਹਰਪਾਲ ਨੇ ਕਿਹਾ ਕਿ ਪੈਸੇ ਲਿਖ ਲਵੇ ਪਹੁੰਚ ਆ ਕੇ ਦੇ ਜਾਵਾਂਗਾ । ਹਰਪਾਲ ਨੇ ਕੋਈ ਸਮਾਂ ਨਾ ਗਵਾਇਆ ਤੇ ਦਵਾਈ ਲਿਜਾ ਕੇ ਨਰਸ ਨੂੰ ਦੇ ਦਿਤੀ । ਅੰਦਰ ਜਾ ਉਸ ਨੇ ਦੇਖਿਆ ਕਿ ਬਲਵਿੰਦਰ ਫਿਰ ਬੇਸੁਰਤ ਪਈ ਸੀ । ਨਰਸ ਨੇ ਦਵਾਈਆਂ ਵਿਚੋਂ ਇਕ ਟੀਕਾ ਬਲਵਿੰਦਰ ਦੇ ਲਗਾ ਦਿਤਾ ਤੇ ਦੂਸਰਾ ਟੀਕਾ ਤਿਆਰ ਕਰਨ ਲੱਗ ਪਈ । ਦੂਸਰਾ ਟੀਕਾ ਲਗਾ ਉਸ ਨੇ ਹਰਪਾਲ ਨੂੰ ਆਖ ਦਿਤਾ ਕਿ ਧਿਆਨ ਰੱਖਣਾ ਜਦੋਂ ਹੋਸ਼ ਆਈ ਤੁਰੰਤ ਸਾਨੂੰ ਦੱਸ ਦੇਣਾ । ਡਾਕਟਰ ਤੇ ਨਰਸ ਹੋਰ ਮਰੀਜ਼ਾਂ ਨੂੰ ਦੇਖਣ ਲਈ ਚਲੇ ਗਏ ।ਸ਼ਾਮ ਤਕ ਬਿੰਦੀ ਨੂੰ ਹੋਸ਼ ਨਾ ਆਈ । ਨਰਸ ਵੀ ਵਿਚੋਂ ਦੀ ਆ ਕੇ ਗੇੜਾ ਮਾਰ ਗਈ । ਹਰਪਾਲ ਨੇ ਸਾਰੀ ਰਾਤ ਅੱਖਾਂ ਵਿਚੋਂ ਕੱਢੀ । ਬਿੰਦੀ ਨੂੰ ਸਾਰੀ ਰਾਤ ਹੋਸ਼ ਨਾ ਆਇਆ । ਸਵੇਰੇ ਸਾਝਰੇ ਬਲਵਿੰਦਰ ਨੇ ਪਾਸਾ ਲਿਆ । ਹਰਪਾਲ ਨੇ ਉਸ ਨੂੰ ਬੁਲਾਉਣ ਦਾ ਯਤਨ ਕੀਤਾ ਪ੍ਰੰਤੂ ਉਸ ਨੇ ਕੋਈ ਹੁੰਗਾਰਾ ਨਾ ਭਰਿਆ ਤੇ ਪਾਸਾ ਲੈ ਕੇ ਫਿਰ ਪੈ ਗਈ । ਹਰਪਾਲ ਮਨ ਵਿਚ ਵਾਹਿਗੁਰੂ ਨੂੰ ਧਿਆ ਰਿਹਾ ਸੀ । ਉਸ ਨੂੰ ਉਸ ਦੇ ਘਰ ਦਾ ਪਾਸਾ ਪੁੱਧਾ ਪੈਂਦਾ ਜਾਪ ਰਿਹਾ ਸੀ ਫੇਰ ਵੀ ਉਸ ਨੂੰ ਆਪਣੇ ਦਾਤੇ ਤੇ ਭਰੋਸਾ ਸੀ । ਉਸ ਦੀ ਸਮਝ ਵਿਚ ਕੁਝ ਵੀ ਨਹੀਂ ਆ ਰਿਹਾ ਸੀ ਕਿ ਬਲਵਿੰਦਰ ਇਤਨੇ ਸਦਮੇ ਵਿਚ ਕਿਓਂ ਹੈ।

ਹਰਪਾਲ ਦੇ ਖਿਆਲਾਂ ਦੀ ਲੜੀ ਉਥੇ ਜਾ ਜੁੜੀ ਜਦੋਂ ਉਹ ਬਲਵਿੰਦਰ ਨੂੰ ਵਿਆਹ ਕੇ ਲਿਆਇਆ ਸੀ ਤੇ ਮਾਂ ਨੇ ਸੁਭਾਗ ਜੋੜੀ ਤੋਂ ਪਾਣੀ ਵਾਰਿਆ ਸੀ । ਸਾਰੇ ਸਾਕ ਸਬੰਧੀ ਵੇਖ ਕੇ ਖੁਸ਼ ਸਨ ਕਿ ਉਸ ਵਾਹਿਗੁਰੂ ਨੇ ਕਿਡੀ ਸੋਹਣੀ ਬਹੂ ਹਰਪਾਲ ਨੂੰ ਬਖ਼ਸ਼ੀ ਹੈ । ਹਰ ਜ਼ੁਬਾਨ ਤੇ ਬਲਵਿੰਦਰ ਦੇ ਸੁਹੱਪਣ ਦੇ ਚਰਚੇ ਸਨ । ਸਮਾਂ ਅਗਾਂਹ ਵਧਦਾ ਗਿਆ। ਵਾਹਿਗੁਰੂ ਨੇ ਪੁੱਤਰ ਦੀ ਦਾਤ ਬਖਸ਼ੀ ਸੀ। ਪੁੱਤਰ ਦਾ ਨਾਂ ਸਾਧੂ ਰਖਿਆ ਸੀ । ਲੜਕਾ ਬਿਲਕੁਲ ਹੀ ਸਾਧੂ ਸੁਭਾਵ ਦਾ ਸੀ । ਦਾਦਾ ,ਦਾਦੀ ਖੁਸ਼ੀ ਦੇ ਲੱਡੂ ਵੰਡ ਰਹੇ ਸੀ । ਰਿਸ਼ਤੇਦਾਰੀ ਵਿਚੋਂ ਹੋ ਵਾਪਿਸ ਆ ਰਹੇ ਸਨ ਕਿ ਕਾਰ ਇਕ ਰੁੱਖ ਨਾਲ ਟਕਰਾ ਗਈ ਦੋਹਾਂ ਦੇ ਸੱਟਾਂ ਵਜੀਆਂ ਸਨ । ਸਾਧੂ ਭੁੜਕ ਕੇ ਦੂਰ ਜਾ ਪਿਆ ਸੀ ਉਸ ਦੇ ਝਰੀਟ ਵੀ ਨਹੀਂ ਆਈ ਸੀ । ਪਿੰਡ ਦੇ ਨੇੜੇ ਹੋਣ ਕਾਰਨ ਰਾਹੀਆਂ, ਜੋ ਪਿੰਡ ਦੇ ਹੀ ਸਨ, ਨੇ ਪਛਾਣ ਲਿਆ ਹਰਪਾਲ ਨੂੰ ਖਬਰ ਕਰ ਦਿਤੀ ਤੇ ਸਾਧੂ ਤੇ ਉਸ ਦੇ ਦਾਦਾ, ਦਾਦੀ ਨੂੰ ਹਸਪਤਾਲ ਪੁਚਾ ਦਿੱਤਾ ਗਿਆ ਸੀ । ਜਿਆਦਾ ਖੂਨ ਵਹਿ ਜਾਣ ਕਾਰਨ ਸਾਧੂ ਦੀ ਦਾਦੀ ਨੂੰ ਡਾਕਟਰ ਨੇ ਕਹਿ ਦਿੱਤਾ ਕਿ ਇਹ ਤਾਂ ਰੱਬ ਦੇ ਘਰ ਪੁੱਜ ਚੁਕੇ ਹਨ । ਦਾਦੇ ਦਾ ਇਲਾਜ ਸ਼ੁਰੂ ਕੀਤਾ ਗਿਆ । ਸ਼ਾਮ ਤਕ ਹਰਪਾਲ ਤੇ ਬਲਵਿੰਦਰ ਵੀ ਹਸਪਤਾਲ ਪੁੱਜ ਚੁਕੇ ਸਨ । ਉਨ੍ਹਾਂ ਦੇ ਆਉਣ ਤੇ ਹਰਪਾਲ ਨੇ ਆਪਣੇ ਬਾਪ ਨੂੰ ਡਿੱਠਾ । ਉਸ ਨੂੰ ਉਸ ਦੀ ਹਾਲਤ ਗੰਭੀਰ ਲੱਗੀ ਉਸ ਨੇ ਡਾਕਟਰ ਨੂੰ ਪੁੱਛਿਆ ਕਿ ਜੇ ਤੁਸੀਂ ਠੀਕ ਸਮਝਦੇ ਹੋ ਤਾਂ ਬਾਪੂ ਜੀ ਨੂੰ ਕਿਤੇ ਹੋਰ ਲੈ ਜਾਂਦੇ ਹਾਂ । ਪ੍ਰੰਤੂ ਡਾਕਟਰ ਨੇ ਕਿਹਾ ਕਿ ਇਹਨਾਂ ਦੀ ਹਾਲਤ ਇਥੋਂ ਜਾਣ ਵਾਲੀ ਨਹੀਂ ਹੈ । ਅਸੀਂ ਯਤਨ ਕਰ ਰਹੇ ਹਾਂ । ਤੁਸੀਂ ਵਾਹਿਗੁਰੂ ਤੇ ਭਰੋਸਾ ਰੱਖੋ । ਹਰਪਾਲ ਨੇ ਆਪਣੀ ਮਾਂ ਦੀ ਲਾਸ਼ ਨੂੰ ਘਰ ਲੈ ਕੇ ਜਾਣ ਦਾ ਪ੍ਰਬੰਧ ਕਰਨਾ ਸ਼ੁਰੂ ਕਰ ਲਿਆ । ਹਾਲੇ ਤਿਆਰੀਆਂ ਚਲ ਹੀ ਰਹੀਆਂ ਸਨ ਕਿ ਡਾਕਟਰ ਨੇ ਹਰਪਾਲ ਨੂੰ ਆਪਣੇ ਕੋਲ ਬੁਲਾ ਕੇ ਦੱਸ ਦਿਤਾ ਕਿ ਤੁਹਾਡੇ ਪਿਤਾ ਜੀ ਨਹੀਂ ਰਹੇ ਅਫਸੋਸ ਅਸੀਂ ਉਨ੍ਹਾਂ ਨੂੰ ਬਚਾ ਨਹੀਂ ਸਕੇ । ਤੁਸੀਂ ਹੁਣ ਦੋਹਾਂ ਨੂੰ ਇਕੱਠੇ ਸਾਡੀ ਐਮਬੂਲੈਂਸ ਵਿਚ ਲਿਜਾ ਸਕਦੇ ਹੋ । ਹਰਪਾਲ ਤੇ ਬਲਵਿੰਦਰ ਦਾ ਰੋ ਰੋ ਕੇ ਬੁਰਾ ਹਾਲ ਸੀ । ਛੋਟੇ ਬੱਚੇ ਨੂੰ ਕੋਈ ਸਮਝ ਨਹੀਂ ਆ ਰਹੀ ਸੀ ਕਿ ਕੀ ਵਾਪਰਿਆ ਹੈ ਸਾਰੇ ਕਿਓਂ ਰੋ ਰਹੇ ਹਨ । ਪਿੰਡ ਵਾਲਿਆਂ ਦੀ ਮਦਦ ਨਾਲ ਅੰਤਿਮ ਰਸਮ ਨਿਭਾਈਆਂ ਗਈਆਂ । ਹਰਪਾਲ ਨੂੰ ਹੁਣ ਆਪਣਾ ਘਰ ਸੁੰਨਾ ਸੁੰਨਾ ਜਾਪਣ ਲੱਗਾ।

ਸਮਾਂ ਲੰਘਦਾ ਗਿਆ ਸਾਧੂ ਨੂੰ ਸਕੂਲ ਲਗਾ ਦਿਤਾ ਗਿਆ ਉਹ ਪੜ੍ਹਾਈ ਵਿਚ ਪੂਰਾ ਖਿਆਲ ਰੱਖ ਰਿਹਾ ਸੀ । ਹੌਲੀ ਹੌਲੀ ਅਗਲੇਰੀਆਂ ਜਮਾਤਾਂ ਵਿਚ ਹੋ ਰਿਹਾ ਸੀ । ਹਰਪਾਲ ਖੇਤੀ ਦੇ ਕੰਮਾਂ ਵਿਚ ਰੁੱਝਾ ਰਹਿੰਦਾ ਸੀ ਸਾਧੂ ਬਲਵਿੰਦਰ ਦਾ ਜੀ ਲਵਾਈ ਰੱਖਦਾ ਸੀ । ਸਮਾਂ ਲੰਘਦਾ ਗਿਆ । ਸਾਧੂ ਦੱਸ ਜਮਾਤਾਂ ਪਾਸ ਕਰ ਗਿਆ । ਹਰਪਾਲ ਨੇ ਉਸ ਨੂੰ ਆਪਣੇ ਨਾਲ ਖੇਤੀ ਦੇ ਕੰਮਾਂ ਵਿਚ ਹੀ ਲਗਾ ਲਿਆ । ਭਾਵੇਂ ਸਾਧੂ ਹੋਰ ਪੜ੍ਹਨਾ ਚਾਹੁੰਦਾ ਸੀ ਪ੍ਰੰਤੂ ਉਸ ਨੇ ਖੇਤੀ ਵਿਚ ਆਪਣੇ ਬਾਪ ਦਾ ਹੱਥ ਵਟਾਉਣ ਦਾ ਫੈਸਲਾ ਕਰ ਲਿਆ । ਹੁਣ ਉਹ ਸਵੇਰੇ ਸਾਝਰੇ ਹੀ ਖੇਤ ਚਲੇ ਜਾਂਦੇ ਸਨ ਅਤੇ ਬਲਵਿੰਦਰ ਰੋਟੀ ਪਾਣੀ ਕਰਨ ਤੋਂ ਬਾਅਦ ਦੁਪਹਿਰੀ ਲੈ ਕੇ ਖੇਤ ਚਲੀ ਜਾਂਦੀ ਸੀ । ਦੁਪਹਿਰੀ ਖਾਣ ਤੋਂ ਬਾਅਦ ਤਿੰਨੇ ਹੀ ਉਥੇ ਅਰਾਮ ਕਰ ਲੈਂਦੇ ਸਨ । ਸ਼ਾਮ ਦੀ ਚਾਹ ਇੱਟਾਂ ਦਾ ਆਰਜ਼ੀ ਚੁੱਲ੍ਹਾ ਬਣਾ ਉਸ ਉਪਰ ਬਣਾ ਲਈ ਜਾਂਦੀ ਸੀ । ਦੋਵੇਂ ਪਿਓ ਪੁੱਤ ਚਾਹ ਪੀ ਕੇ ਕੰਮ ਲੱਗ ਜਾਂਦੇ ਸਨ ਅਤੇ ਬਿੰਦੀ ਤਾਜ਼ਾ ਸਬਜ਼ੀ ਤੋੜ ਘਰ ਨੂੰ ਆ ਜਾਂਦੀ ਸੀ । ਇਸ ਤਰਾਂ ਸੋਹਣਾ ਸਮਾਂ ਲੰਘ ਰਿਹਾ ਸੀ ।


ਇਕ ਦਿਨ ਹਰਪਾਲ ਸਾਧੂ ਨੂੰ ਘਰੇ ਛੱਡ ਇੱਕਲਾ ਹੀ ਖੇਤ ਚਲਾ ਗਿਆ ਕਿਓਂ ਜੋ ਖੇਤ ਵਿਚ ਕੋਈ ਖਾਸ ਕੰਮ ਕਰਨ ਵਾਲਾ ਨਹੀਂ ਸੀ । ਬਿੰਦੀ ਨੇ ਸਾਧੂ ਨੂੰ ਕਿਹਾ ਕਿ ਅੱਜ ਤੂੰ ਸ਼ਹਿਰ ਜਾ ਕੇ ਘਰ ਦਾ ਸੌਦਾ ਪਤਾ ਲੈ ਆ । ਉਹ ਸ਼ਹਿਰ ਲਈ ਤਿਆਰ ਹੋ ਕੇ ਚਲਾ ਗਿਆ । ਹਰਪਾਲ ਖੇਤੀ ਦਾ ਕੰਮ ਨਿਬੇੜ ਕੇ ਛੇਤੀ ਹੀ ਘਰ ਆ ਗਿਆ ਸੀ । ਹਰਪਾਲ ਨੇ ਰੋਟੀ ਖਾਧੀ ਅਤੇ ਆਪਣੀ ਢੂਈ ਸਿਧੀ ਕਰਨ ਲਈ ਲੇਟ ਗਿਆ । ਰੋਟੀ ਟੁੱਕ ਦਾ ਕੰਮ ਨਬੇੜ ਬਿੰਦੀ ਵੀ ਉਸ ਕੋਲ ਆ ਬੈਠੀ । ਦੋਵੇਂ ਜਣੇ ਸਲਾਹੀਂ ਪੈ ਗਏ ਕਿ ਹੁਣ ਆਪਣਾ ਸਾਧੂ ਜਵਾਨ ਹੋ ਗਿਆ ਹੈ ਇਸ ਦਾ ਵਿਆਹ ਕਰਨਾ ਚਾਹੀਦਾ ਹੈ । ਹਰਪਾਲ ਨੇ ਦੱਸਿਆ ਕਿ ਉਹ ਇਸ ਪਾਸੇ ਵੀ ਧਿਆਨ ਕਰੇਗਾ । ਕਰਨਾ ਤਾਂ ਸਭ ਕੁਝ ਉਸ ਵਾਹਿਗੁਰੂ ਨੇ ਹੀ ਹੈ ਫਿਰ ਵੀ ਹੀਲਾ ਵਸੀਲਾ ਤਾਂ ਕਰਨਾ ਹੀ ਪੈਂਦਾ ਹੈ । ਬਿੰਦੀ ਆਪਣੇ ਪੇਕਿਆਂ ਵਿਚੋਂ ਸਾਕ ਲਿਆਉਣਾ ਚਾਹੁੰਦੀ ਸੀ । ਉਸ ਨੇ ਆਪਣੀ ਭੈਣ ਦੀ ਲੜਕੀ ਬਾਰੇ ਦੱਸਿਆ ਤਾਂ ਹਰਪਾਲ ਨੇ ਕਿਹਾ ਕਿ ਤੂੰ ਉਨ੍ਹਾਂ ਨਾਲ ਗੱਲ ਕਰ ਲੈ । ਜੇ ਕਰ ਕੁੜੀ ਹਾਣ ਪ੍ਰਵਾਣ ਦੀ ਹੈ ਅਤੇ ਤੇਰੇ ਵਰਗੀ ਸੋਹਣੀ ਹੈ ਤਾਂ ਮੈਨੂੰ ਕੋਈ ਇਤਰਾਜ਼ ਨਹੀਂ ਹੈ । ਹਾਲੇ ਉਹ ਇਨ੍ਹਾਂ ਵਿਚਾਰਾਂ ਵਿਚ ਸਨ ਕਿ ਦਰਵਾਜ਼ਾ ਖੜਕ ਗਿਆ ਜਦੋਂ ਬਿੰਦੀ ਨੇ ਬੂਹਾ ਖੋਲਿਆ ਤਾਂ ਉਸ ਨੇ ਬੂਹੇ ਤੇ ਸਾਧੂ ਨੂੰ ਅਤੇ ਉਸ ਦੇ ਨਾਲ ਇੱਕ ਸੋਹਣੀ ਜਿਹੀ ਲੜਕੀ ਨੂੰ ਦੇਖਿਆ । ਉਹ ਪੜ੍ਹੀ ਲਿਖੀ ਜਾਪਦੀ ਸੀ ਉਸ ਨੇ ਸਲੀਕੇ ਨਾਲ ਕਪੜੇ ਪਾਏ ਹੋਏ ਸਨ । ਉਹ ਹੈਰਾਨ ਹੋ ਕੇ ਸਾਧੂ ਵਲ ਤੱਕਣ ਲੱਗੀ । ਮਾਂ ਨੂੰ ਅਚੰਭੇ ਵਿਚ ਦੇਖ ਸਾਧੂ ਹਾਲੇ ਬੋਲਣ ਹੀ ਲੱਗਾ ਸੀ ਕਿ ਲੜਕੀ ਨੇ ਬਿੰਦੀ ਦੇ ਪੈਰੀਂ ਹੱਥ ਲਾਏ । ਬਿੰਦੀ ਨੇ ਉਸ ਨੂੰ ਬਾਹਾਂ ਵਿਚ ਲੈ ਕੇ ਗੱਲ ਨਾਲ ਲਾ ਲਿਆ ਅਤੇ ਘੁੱਟ ਕੇ ਪਿਆਰ ਦਿੱਤਾ । ਸਾਧੂ ਬੋਲਿਆ ਕਿ ਮਾਂ ਇਹ ਲੜਕੀ ਕੁਲਵਿੰਦਰ ਹੈ ,ਸਕੂਲ ਵਿਚ ਮੇਰੇ ਨਾਲ ਹੀ ਪੜ੍ਹਦੀ ਸੀ ਹੁਣ ਇਸ ਨੇ ਬੀ ਏ ਕਰ ਲਈ ਹੈ । ਬਲਵਿੰਦਰ ਦੋਹਾਂ ਨੂੰ ਘਰ ਵਿਚ ਲੈ ਗਈ ਜਦੋਂ ਕੁਲਵਿੰਦਰ ਨੇ ਸਾਧੂ ਦੇ ਪਿਤਾ ਜੀ ਨੂੰ ਦੇਖਿਆ ਤਾਂ ਉਸ ਨੇ ਅੱਗੇ ਹੋ ਉਨ੍ਹਾਂ ਦੇ ਪੈਰੀਂ ਹੱਥ ਲਾਏ । ਦੋਵੇਂ ਜਣੇ ਕੁਲਵਿੰਦਰ ਦੇ ਇਸ ਵਤੀਰੇ ਤੋਂ ਥੋੜਾ ਹੈਰਾਨ ਹੋਏ । ਸਾਧੂ ਨੇ ਆਪਣੇ ਮਾਪਿਆਂ ਨੂੰ ਦੱਸਿਆ ਕਿ ਅਸੀਂ ਇਕ ਦੂਜੇ ਨੂੰ ਚਾਹੁੰਦੇ ਹਾਂ ਤੇ ਅਗਲੇਰੀ ਜ਼ਿੰਦਗੀ ਇਕੱਠਿਆਂ ਹੀ ਬਿਤਾਉਣ ਦਾ ਮਨ ਬਣਾਇਆ ਹੈ ਅਤੇ ਤੁਹਾਡੀ ਰਜ਼ਾਮੰਦੀ ਦੀ ਉਡੀਕ ਹੈ । ਇਸ ਲਈ ਹੀ ਇਹ ਮੇਰੇ ਨਾਲ ਘਰ ਵਿਚ ਆਈ ਹੈ ਤਾਂ ਜੋ ਤੁਸੀਂ ਇਸ ਨਾਲ ਗੱਲਾਂ ਬਾਤਾਂ ਕਰ ਸਕੋ । ਬਲਵਿੰਦਰ ਕਹਿਣ ਲੱਗੀ ਕਿ ਮੈਨੂੰ ਸ਼ੱਕ ਤਾਂ ਹੋਇਆ ਸੀ ਜਦੋਂ ਇਸ ਨੇ ਮੇਰੇ ਪੈਰਾਂ ਨੂੰ ਹੱਥ ਲਾਏ ਸਨ ਤੇ ਫਿਰ ਇਹ ਸ਼ੱਕ ਯਕੀਨ ਵਿਚ ਤਬਦੀਲ ਹੋ ਗਿਆ ਜਦੋਂ ਇਸ ਨੇ ਸਰਦਾਰ ਜੀ ਤੋਂ ਵੀ ਅਸ਼ੀਰਵਾਦ ਲਿਆ । ਹੁਣ ਤੂੰ ਦੱਸ ਕੇ ਸਾਨੂੰ ਹੈਰਾਨ ਕਰ ਦਿੱਤਾ ਹੈ । ਪ੍ਰੰਤੂ ਤੂੰ ਇਸ ਤੋਂ ਪਹਿਲਾਂ ਕਦੇ ਗੱਲ ਵੀ ਨਹੀਂ ਕੀਤੀ । ਅਸੀਂ ਵੀ ਸਮੇਂ ਸਮੇਂ ਤੇ ਤੇਰੇ ਵਿਆਹ ਦਾ ਫਿਕਰ ਕਰਦੇ ਰਹਿੰਦੇ ਹਾਂ । ਹੁਣ ਤੂੰ ਸਾਨੂੰ ਚਿੰਤਾ ਮੁਕਤ ਕੀਤਾ ਹੈ । ਪਰ ਇਹ ਦੱਸ ਕਿ ਕੀ ਤੂੰ ਕੁਲਵਿੰਦਰ ਨੂੰ ਦੱਸਿਆ ਹੈ ਕਿ ਅਸੀਂ ਮਜ਼ਬੀ ਜਾਤ ਨਾਲ ਸਬੰਧਿਤ ਹਾਂ ਤੇ ਇਹ ਲੜਕੀ ਤਾਂ ਜੱਟਾਂ ਦੀ ਜਾਪਦੀ ਹੈ । ਇਸ ਦੇ ਮਾਪਿਆਂ ਨੂੰ ਕੋਈ ਇਤਰਾਜ਼ ਤਾਂ ਨਹੀਂ ਹੈ ਅਸੀਂ ਕਿਸੇ ਨੂੰ ਵੀ ਭੁਲੇਖੇ ਵਿਚ ਨਹੀਂ ਰੱਖਣਾ ਚਾਹੁੰਦੇ । ਸਾਡੇ ਸਮਾਜ ਵਿਚ ਜਾਤ ਪਾਤ ਦੀ ਇਕ ਉੱਚੀ ਕੰਧ ਹੈ ਜਿਸ ਨੂੰ ਟੱਪਣਾ ਅਸਾਨ ਨਹੀਂ ਹੈ । ਹਰਪਾਲ ਨੇ ਕਿਹਾ ਕਿ ਸਾਨੂੰ ਤਾਂ ਇਤਰਾਜ਼ ਨਹੀਂ ਹੈ ਆਮ ਤੌਰ ਤੇ ਉੱਚੀ ਜਾਤ ਵਾਲੇ ਇਸ ਕੰਧ ਨੂੰ ਉਲੰਘਣਾ ਨਹੀਂ ਚਾਹੁੰਦੇ । ਉਹ ਸਮਾਜ ਵਿਚ ਉਚਾ ਰੁਤਬਾ ਰੱਖਦੇ ਹਨ । ਭਾਵੇ ਮਾਇਕ ਹਾਲਤ ਵਿਚ ਮਜ਼ਬੀ ਜਾਤ ਵਾਲੇ ਚੰਗੀ ਹਾਲਤ ਵਿਚ ਹੋਣ । ਜਾਤ ਪਾਤ ਦਾ ਹੰਕਾਰ ਉਨ੍ਹਾਂ ਦੇ ਪੱਬ ਭੁੰਜੇ ਨਹੀਂ ਲੱਗਣ ਦਿੰਦਾ । ਅਸੀਂ ਚਾਹਵਾਂਗੇ ਕਿ ਕੁਲਵਿੰਦਰ ਆਪਣੇ ਮਾਪਿਆਂ ਨੂੰ ਇਹ ਦੱਸ ਦੇਵੇ ਤੇ ਇਹਨਾਂ ਦਾ ਪਰਿਵਾਰ ਸ਼ਾਂਤ ਮਨ ਨਾਲ ਦੁਬਾਰਾ ਸੋਚ ਲਵੇ । ਸਾਨੂੰ ਇਤਨੀ ਵੀ ਜਲਦੀ ਨਹੀਂ ਹੈ ਕਿ ਅਸੀਂ ਕਾਹਲੀ ਨਾਲ ਕੋਈ ਗਲਤ ਫੈਸਲਾ ਕਰ ਲਈਏ ਤੇ ਫਿਰ ਪਿਛੇ ਵਲ ਕਦਮ ਉਠਾਉਣੇ ਬਹੁਤ ਹੀ ਮੁਸ਼ਕਿਲ ਹੀ ਨਹੀਂ ਲਗਭਗ ਅਸੰਭਵ ਹੁੰਦੇ ਹਨ । ਕੁਲਵਿੰਦਰ ਸਾਰੀਆਂ ਗੱਲਾਂ ਬੜੇ ਧਿਆਨ ਨਾਲ ਸੁਣ ਰਹੀ ਸੀ । ਕੁਲਵਿੰਦਰ ਨੇ ਦੱਸਿਆ ਕਿ ਮੈਨੂੰ ਤੇ ਮੇਰੇ ਮਾਪਿਆਂ ਨੂੰ ਤੁਹਾਡੀ ਜਾਤ ਬਾਰੇ ਪਹਿਲਾਂ ਹੀ ਪਤਾ ਹੈ ਅਤੇ ਮੈਂ ਜਦੋਂ ਉਨ੍ਹਾਂ ਨੂੰ ਆਪਣੀ ਮਰਜ਼ੀ ਦਸੀ ਸੀ ਉਨ੍ਹਾਂ ਨੇ ਪੜਤਾਲ ਕਰ ਲਈ ਸੀ ਕਿ ਤੁਹਾਡਾ ਪਰਿਵਾਰ ਸਿੱਖੀ ਵਿਚ ਵਿਸ਼ਵਾਸ ਰੱਖਦਾ ਹੈ । ਮੇਰੇ ਮਾਤਾ ਪਿਤਾ ਦੋਨਾਂ ਨੇ ਹੀ ਅੰਮ੍ਰਿਤ ਛਕਿਆ ਹੋਇਆ ਹੈ ਅਤੇ ਮਾਨਸ ਕੀ ਜਾਤ ਸਭ ਏਕੇ ਹੀ ਪਹਿਚਾਨਬੋ ਵਿਚ ਵਿਸ਼ਵਾਸ਼ ਰੱਖਦੇ ਹਨ। ਮੈਂ ਤੁਹਾਡੇ ਨਾਲ ਹੋਈਆਂ ਸਾਰੀਆਂ ਗੱਲਾਂ ਉਨ੍ਹਾਂ ਨੂੰ ਦੱਸ ਦੇਵਾਂਗੀ । ਹਰਪਾਲ ਸਿੰਘ ਫੇਰ ਬੋਲਿਆ ਕਿ ਠੀਕ ਹੈ ਲੇਕਿਨ ਅਸੀਂ ਤੁਹਾਡੇ ਮਾਪਿਆਂ ਨਾਲ ਵੀ ਗੱਲ ਕਰਨੀ ਚਾਹਾਂਗੇ ਤੇ ਅਗਲੇ ਪ੍ਰੋਗਰਾਮ ਉਲੀਕ ਲਵਾਂਗੇ। *(ਚਲਦਾ)*

# ਦ੍ਰਿੜ ਇਰਾਦੇ ਵਾਲਾ ਪੰਜਾਬੀ ਪਰਵਾਸੀ ਰੁਪਿੰਦਰ ਸਿੰਘ ਉੱਪਲ ਉਰਫ਼ 'ਮਾਸਟਰ ਜੀ'

ਪਰਵਾਸੀ ਪੰਜਾਬੀ ਰੁਪਿੰਦਰ ਸਿੰਘ ਉੱਪਲ ਜੋ ਪੂਰੇ ਬਰੈਂਪਟਨ ਵਿਚ 'ਮਾਸਟਰ ਜੀ' ਦੇ ਤਖ਼ੱਲਸ ਨਾਲ ਪੰਜਾਬੀ ਭਾਈਚਾਰੇ ਵਿਚ ਜਾਣਿਆ ਜਾਂਦਾ ਹੈ, ਆਪਣੇ ਦ੍ਰਿੜ ਇਰਾਦੇ ਅਤੇ ਸਖ਼ਤ ਮਿਹਨਤ ਕਰਕੇ ਕੈਨੇਡਾ ਦੀ ਧਰਤੀ 'ਤੇ ਹੋਰਨਾਂ ਪੰਜਾਬੀਆਂ ਲਈ ਇਕ ਮਿਸਾਲ ਬਣ ਚੁੱਕਾ ਹੈ। ਰੁਪਿੰਦਰ ਸਿੰਘ ਉੱਪਲ ਦਾ ਜਨਮ 8 ਅਪਰੈਲ 1969 ਨੂੰ ਆਪਣੇ ਨਾਨਕਿਆਂ ਦੇ ਘਰ ਸੰਗਰੂਰ ਵਿਖੇ ਮਾਤਾ ਬਲਜੀਤ ਕੌਰ ਦੀ ਕੁੱਖੋਂ ਹੋਇਆ। ਉਸ ਦਾ ਜੱਦੀ-ਪੁਸ਼ਤੀ ਪਿੰਡ ਘੁਮਾਣ ਜ਼ਿਲ੍ਹਾ ਲੁਧਿਆਣਾ ਵਿਚ ਪੈਂਦਾ ਹੈ। ਉਹ ਸ਼ੁਰੂ ਤੋਂ ਹੀ ਆਪਣੇ ਪਿਤਾ ਅਵਤਾਰ ਸਿੰਘ ਉੱਪਲ ਦੇ ਅਗਾਂਹਵਧੂ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਸੀ। ਇਸੇ ਕਾਰਨ ਉਸ ਦੀ ਸੋਚ ਦਾ ਘੇਰਾ ਵਿਸ਼ਾਲ ਬਣਿਆ।

ਰੁਪਿੰਦਰ ਦਾ ਮੁੱਢਲਾ ਵਿੱਦਿਅਕ ਸਫ਼ਰ ਵੱਖ-ਵੱਖ ਥਾਵਾਂ ਤੇ ਸੰਸਥਾਵਾਂ ਵਿਚ ਦੀ ਗੁਜ਼ਰਿਆ। ਉਸ ਦੀ ਸੋਚ ਆਪਣੀ ਉਮਰ ਨਾਲੋਂ ਵਡੇਰੀ ਸੀ, ਇਸ ਕਰਕੇ ਅਕਸਰ ਅਧਿਆਪਕ ਤੇ ਉਸ ਦੇ ਸਹਿਪਾਠੀ ਉਸ ਦੀਆਂ ਗੱਲਾਂ ਤੋਂ ਅਚੰਭਿਤ ਹੋ ਜਾਂਦੇ ਸਨ। ਉਹ ਆਪਣੇ ਘਰ ਵਿਚ ਵੀ ਜਦ ਐਲਡ੍ਰਵਰੇਸ ਸੀ ਤਾਂ ਮਾਂ-ਪਿਉ ਤੋਂ ਆਲੇ-ਦੁਆਲੇ, ਕੁਦਰਤ, ਸਮਾਜ ਦੇ ਤਾਣੇ-ਬਾਣੇ, ਗਿਆਨ-ਵਿਗਿਆਨ ਅਤੇ ਬ੍ਰਹਿਮੰਡ ਸਬੰਧੀ ਵਚਿੱਤਰ ਸਵਾਲ ਪੁੱਛਦਾ ਰਹਿੰਦਾ ਸੀ, ਜੋ ਅਗਾਂਹ ਜਾ ਕੇ ਉਸ ਦੀ ਜਗਿਆਸੂ ਬਿਰਤੀ ਦਾ ਮੁੱਢ ਬਣੇ। ਪ੍ਰੀ-ਇੰਜੀਨੀਅਰਿੰਗ ਦੀ ਪੜ੍ਹਾਈ ਉਸ ਨੇ ਡੀ.ਏ.ਵੀ. ਕਾਲਜ ਜਲੰਧਰ, ਐਮ। ਐਸਸੀ। ਮੈਥੇਮੈਟਿਕਸ ਤੇ ਬੀ। ਐਡ। ਗੌਰਮਿੰਟ ਕਾਲਜ ਪਟਿਆਲਾ ਤੋਂ ਹਾਸਿਲ ਕੀਤੀ।

ਸਾਲ 1993 ਵਿਚ ਅੰਨ-ਜਲ ਉਸ ਨੂੰ ਕੈਨੇਡਾ ਲੈ ਗਿਆ। ਉਥੇ ਉਸ ਲਈ ਸਾਰਾ ਕੁਝ ਨਵਾਂ ਸੀ, ਕਿਉਂਕਿ ਹਰ ਮੁਲਕ ਦਾ ਆਪਣਾ ਇਕ ਜ਼ਿੰਦਗੀ ਚਲਨ ਹੁੰਦਾ ਹੈ। ਰੁਪਿੰਦਰ ਦੇ ਸਾਹਮਣੇ ਵੀ ਬਾਕੀ ਪਰਵਾਸੀਆਂ ਵਾਂਗ ਢੇਰਾਂ ਚੁਣੌਤੀਆਂ ਸਨ, ਜਿਨ੍ਹਾਂ ਨੂੰ ਉਸ ਨੇ ਸਰ ਕਰਨਾ ਸੀ। ਸਿਰੜ ਦਾ ਪੱਕਾ ਤੇ ਇਰਾਦੇ ਦਾ ਮਜ਼ਬੂਤ ਹੋਣ ਕਾਰਨ ਉਹ ਆਪਣੇ



ਪੈਰ ਜਮਾਉਣ ਦੇ ਕਾਰਜਾਂ ਵਿਚ ਜੁਟ ਗਿਆ। ਆਰੰਭ ਉਸ ਨੇ ਪੀਜ਼ਾ ਡਲਿਵਰ ਕਰਨ ਤੇ ਸਕਿਉਰਿਟੀ ਗਾਰਡ ਦੀ ਨੌਕਰੀ ਤੋਂ ਕੀਤਾ। ਫਿਰ ਚੱਲ ਸੋ ਚੱਲ ਸੈਂਕੜੇ ਹੋਰ ਕੰਮਾਂ ਵਿਚ ਵੀ ਹੱਥ ਅਜ਼ਮਾਇਆ।

ਉਹ ਪਹਿਲਾ ਪੰਜਾਬੀ ਹੈ, ਜਿਸ ਨੂੰ 1996 ਵਿਚ ਉਥੋਂ ਦੀ ਇਕ ਵੱਡੀ ਨਾਮਵਰ ਟਰੱਕ ਕੰਪਨੀ ਨੈਸ਼ਨਲ ਗਰੋਸਰਜ਼ (ਲੋਬਲਾਅਜ਼) ਨੇ ਡਰਾਈਵਰ ਵਜੋਂ ਨੌਕਰੀ ਦਿੱਤੀ, ਜਿੱਥੇ ਉਸ ਨੇ ਬਿਨ ਨਾਗਾ 7 ਸਾਲ ਆਪਣੀਆਂ ਵਧੀਆ ਤੇ ਇਮਾਨਦਾਰਾਨਾ ਸੇਵਾਵਾਂ ਨਿਭਾਈਆਂ। ਇਹ ਸਾਰੇ ਕੰਮ ਉਸ ਨੇ ਜ਼ਿੰਦਗੀ ਨੂੰ ਅੱਗੇ ਤੋਰਨ ਲਈ ਕੀਤੇ, ਪਰ ਉਸ ਦੇ ਧੁਰ ਮਨ ਅੰਦਰ ਪੜ੍ਹਨ ਦੀ ਚੇਟਕ ਹਾਲੇ ਵੀ ਉਸਲਵੱਟੇ ਲੈ ਰਹੀ ਸੀ। ਭਾਰਤ ਤੋਂ ਪ੍ਰਾਪਤ ਕੀਤੀ ਵਿੱਦਿਆ ਨੂੰ ਹੋਰ ਅੱਗੇ ਵਧਾਉਣ ਲਈ ਉਸ ਨੇ ਕੰਮ ਦੇ ਨਾਲੋ-ਨਾਲ ਕੈਨੇਡਾ ਦੇ ਟੀਚਿੰਗ ਖੇਤਰ ਨਾਲ ਸਬੰਧ ਅਨੇਕਾਂ ਕੋਰਸ ਕੀਤੇ। ਰੁਪਿੰਦਰ ਦੀ ਲਗਨ ਨੂੰ ਸਾਲ 2000 ਵਿਚ ਉਸ ਸਮੇਂ ਬੂਰ ਪਿਆ, ਜਦ ਉਸ ਦੀ ਚੋਣ 'ਪੀਲ ਡਿਸਟ੍ਰਿਕਟ ਸਕੂਲ ਬੋਰਡ' ਵਿਚ ਮੈਥੇਮੈਟਿਕਸ ਅਧਿਆਪਕ ਵਜੋਂ ਹੋਈ। ਇਸ ਦੇ ਨਾਲ ਹੀ ਰੁਪਿੰਦਰ ਸਿੰਘ ਉੱਪਲ ਨੇ ਪੀਲ ਬੋਰਡ ਵਿਚ ਪ੍ਰਿੰਸੀਪਲ ਦੀ ਪੋਸਟ ਤੱਕ ਪਹੁੰਚਣ ਲਈ ਆਪਣੀ ਵਿੱਦਿਅਕ ਯੋਗਤਾ ਨੂੰ ਹੋਰ ਵਧਾਇਆ ਅਤੇ ਲੋੜੀਂਦੇ ਕੋਰਸ ਕੀਤੇ।

ਰੁਪਿੰਦਰ ਉੱਪਲ ਦੇ ਨਾਂ ਨਾਲ 'ਮਾਸਟਰ ਜੀ' ਤਖ਼ੱਲਸ ਓਂਟਾਰੀਓ ਪ੍ਰਵਿੰਸ ਦੇ ਸਾਬਕਾ ਐਮਪੀ ਵਿੱਕ ਢਿੱਲੋਂ ਨੇ ਲਾਡ ਵਜੋਂ ਐਸਾ ਜੋੜਿਆ ਕਿ ਇਹ ਸ਼ਬਦ ਅੱਜ-ਕੱਲ੍ਹ ਉਸ ਦੀ ਪਛਾਣ ਬਣ ਗਿਆ ਹੈ। ਉਹ ਕੈਨੇਡਾ ਦੀ ਰਾਜਨੀਤੀ ਵਿਚ ਵੀ ਦਿਲਚਸਪੀ ਰੱਖਦਾ ਹੈ, ਉਸ ਦੇ ਵਿਚਾਰ ਲਿਬਰਲ ਪਾਰਟੀ ਨਾਲ ਮੇਲ ਖਾਂਦੇ ਹਨ। ਉਹ ਆਪਣੇ ਪਰਿਵਾਰਕ ਰੁਝੇਵਿਆਂ ਵਿਚੋਂ ਸਮਾਂ ਕੱਢ ਕੇ ਉਥੇ ਗਏ ਪਰਵਾਸੀ ਵਿਦਿਆਰਥੀਆਂ ਦੀ ਮਦਦ ਲਈ ਹਾਜ਼ਰ ਰਹਿੰਦਾ ਹੈ ਅਤੇ ਸਮਾਜਿਕ ਤੇ ਧਾਰਮਿਕ ਕਾਰਜਾਂ ਵਿਚ ਵਧ-ਚੜ੍ਹ ਕੇ ਸ਼ਮੂਲੀਅਤ ਕਰਦਾ ਹੈ। ਉਹ ਭਾਰਤ ਤੇ ਪੰਜਾਬ ਦੇ ਸਿਆਸੀ ਪਿੜ ਵਿਚ ਵੀ ਰੁਚੀ ਰੱਖਦਾ ਹੈ ਤੇ ਕੈਨੇਡਾ ਵਿਚ ਰਹਿੰਦੇ ਹੋਏ ਇੱਥੋਂ ਦੇ ਹਾਲਾਤ ਤੇ ਭਖਦੇ ਮਸਲਿਆਂ ਉਪਰ ਉਥੋਂ ਦੇ ਮੰਚ 'ਤੇ ਅਕਸਰ ਵਿਚਾਰ-ਵਟਾਂਦਰਾ ਕਰਦਾ ਹੈ। ਜਿੱਥੇ ਉਹ ਕੈਨੇਡਾ ਦੇ ਪੰਜਾਬੀ ਭਾਈਚਾਰੇ ਲਈ ਕੋਈ ਨਾ ਕੋਈ ਕਾਰਜ ਕਰਨ ਲਈ ਹਰ ਸਮੇਂ ਤਤਪਰ ਰਹਿੰਦਾ ਹੈ, ਉਥੇ ਉਹ ਦਿਹਾਤੀ ਪੰਜਾਬ ਵਿਚ ਆਪਣੇ ਪਿੰਡ ਅਤੇ ਇਲਾਕੇ ਲਈ ਬੜਾ ਕੁਝ ਕਰਨਾ ਲੋਚਦਾ ਹੈ।

ਵੱਲੋਂ:- ਸੰਜੀਵ ਗਰਗ ਕਾਲੀ ਧਨੌਲਾ ਮੰਡੀ (ਬਰਨਾਲਾ)

## ਵੀਜ਼ਾ ਲੱਗਣ ਤੋਂ ਬਾਅਦ ਯੂਨੀਕ ਟੂਟੋਰੀਅਲ ਬਰਨਾਲਾ ਵਾਲੇ ਲੈਂਦੇ ਨੇ ਪੈਸੇ

ਧਨੌਲਾ ਮੰਡੀ (ਸੰਜੀਵ ਗਰਗ ਕਾਲੀ)-ਯੂਨੀਕ ਟੂਟੋਰੀਅਲਜ਼ ਬਰਨਾਲਾ ਕਿਸੇ ਜਾਣ ਪਹਿਚਾਣ ਦੀ ਮੋ-




ਹਤਾਜ ਨਹੀਂ ਹੈ ਕਿਉਂਕਿ ਇਹ ਸੰਸਥਾ ਵਾਲੇ ਪੂਰੇ ਪੈਸੇ ਵੀਜ਼ਾ ਲੱਗਣ ਤੋਂ ਬਾਅਦ ਹੀ ਲੈਂਦੇ ਹਨ। ਇਹ ਸੰਸਥਾ ਵੱਲੋਂ ਹੁਣ ਤੱਕ ਕਨੇਡਾ, ਅਮਰੀਕਾ, ਆਸਟ੍ਰੇਲੀਆ, ਨਿਊਜ਼ੀਲੈਂਡ, ਇੰਗਲੈਂਡ, ਅਤੇ ਹੋਰਨਾਂ ਵੱਖ ਵੱਖ ਦੇਸ਼ਾਂ ਦੇ150 ਤੋਂ ਉੱਪਰ ਵੀਜ਼ੇ ਲਵਾ ਚੁੱਕੀ ਹੈ, ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸੰਸਥਾ ਦੇ ਐਮਡੀ ਮਿਤੇਸ਼ ਗਰਗ ਨੇ ਧਨੌਲਾ ਦੇ ਜਸ਼ਨ ਗਰਗ ਪੁੱਤਰ ਸੰਜੀਵ ਗਰਗ ਕਾਲੀ ਪੱਤਰਕਾਰ ਧਨੌਲਾ ਦਾ ਯੂ ਕੇ (ਇੰਗਲੈਂਡ) ਦਾ ਵੀਜ਼ਾ ਲਵਾਉਣ ਉਪਰੰਤ ਉਹਨਾਂ ਨੂੰ ਵੀਜ਼ਾ ਸੌਂਪਣ ਮੌਕੇ ਗੱਲਬਾਤ ਕਰਦਿਆਂ ਕੀਤਾ। ਮਿਤੇਸ਼ ਗਰਗ ਨੇ ਦੱਸਿਆ ਕਿ ਇਸ ਸੰਸਥਾ ਵੱਲੋਂ ਆਈਲੈਟਸ ਦੀਆਂ ਕਲਾਸਾਂ ਵੀ ਲਾਈਆਂ ਜਾਂਦੀਆਂ ਹਨ। ਕੋਈ ਵੀ ਸਟੂਡੈਂਟ ਜਾ ਵਿਅਕਤੀ ਜੋ ਬਾਹਰਲੇ ਦੇਸ਼ ਜਾਣ ਦਾ ਚਾਹਵਾਨ ਹੈ ਉਹਨਾਂ ਨੂੰ ਦਫ਼ਤਰ ਪੁਰਾਣੀ ਟੈਲੀਫੋਨ ਐਕਸਚੇਂਜ ਵਾਲੀ ਗਲੀ ਦਫਤਰ ਵਿੱਚ ਮਿਲ ਸਕਦਾ ਹੈ ਜਾ 83603-48787 ਤੇ ਫੋਨ ਕਰ ਸਕਦਾ ਹੈ। ਉਹਨਾਂ ਦੀ ਫੀਸ ਕੰਮ ਪੂਰਾ ਹੋਣ ਤੋਂ ਬਾਅਦ ਹੀ ਲਈ ਜਾਵੇਗੀ।

# ਭਾਰਤ ਵਿਚ ਕੀ ਸੰਭਵ ਹਨ ਇਕੱਠੀਆਂ ਚੋਣਾਂ




ਸੰਜੈ ਗੁਪਤ

ਇਨ੍ਹੀਂ ਦਿਨੀਂ ਇਕੱਠੀਆਂ ਚੋਣਾਂ ਦੀ ਬਹੁਤ ਚਰਚਾ ਹੋ ਰਹੀ ਹੈ। ਇਸ ਬਹਿਸ ਦੇ ਸਬੰਧ ਵਿਚ ਇਹ ਧਿਆਨ ਰੱਖਿਆ ਜਾਣਾ ਚਾਹੀਦਾ ਹੈ ਕਿ ਮੁਲਕ ਆਜ਼ਾਦ ਹੋਣ ਤੋਂ ਬਾਅਦ ਲਗਾਤਾਰ ਚਾਰ ਵਾਰ ਲੋਕ ਸਭਾ ਤੇ ਵਿਧਾਨ ਸਭਾਵਾਂ ਲਈ ਚੋਣਾਂ ਇਕੱਠੀਆਂ ਹੀ ਹੋਈਆਂ ਸਨ। ਇਹ ਸਿਲਸਿਲਾ 1951-52 ਤੋਂ ਲੈ ਕੇ 1967 ਤੱਕ ਕਾਇਮ ਰਿਹਾ। ਦੱਸਣਯੋਗ ਹੈ ਕਿ ਸਿਲਸਿਲਾ ਟੁੱਟਿਆ ਇਸ ਲਈ, ਕਿਉਂਕਿ ਕਈ ਸੂਬਾ ਸਰਕਾਰਾਂ ਨੂੰ ਬਰਖ਼ਾਸਤ ਕਰ ਦਿੱਤਾ ਗਿਆ ਸੀ ਜਾਂ ਵਿਧਾਨ ਸਭਾਵਾਂ ਨੂੰ ਸਮੇਂ ਤੋਂ ਪਹਿਲਾਂ ਭੰਗ ਕਰ ਦਿੱਤਾ ਗਿਆ ਸੀ।

ਇਕ ਕਾਰਨ ਇਹ ਵੀ ਰਿਹਾ ਕਿ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਸਿਆਸੀ ਲਾਹਾ ਲੈਣ ਖ਼ਾਤਰ ਸਮੇਂ ਤੋਂ ਪਹਿਲਾਂ ਲੋਕ ਸਭਾ ਭੰਗ ਕਰਵਾ ਕੇ ਆਮ ਚੋਣਾਂ ਕਰਵਾਉਣੀਆਂ ਪਸੰਦ ਕੀਤੀਆਂ। ਇਕ ਤੱਥ ਇਹ ਵੀ ਹੈ ਕਿ 1967 ਤੋਂ ਬਾਅਦ ਲੋਕ ਸਭਾ ਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਇਕੱਠੀਆਂ ਕਰਵਾਉਣ ਦਾ ਸਿਲਸਿਲਾ ਟੁੱਟਣ ਉਪਰੰਤ ਵੀ ਵਰਤਮਾਨ ਵਿਚ ਲੋਕ ਸਭਾ ਦੇ ਨਾਲ ਕਈ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਹੁੰਦੀਆਂ ਹਨ।

ਇਸ ਵਾਰ ਲੋਕ ਸਭਾ ਚੋਣਾਂ ਦੇ ਨਾਲ ਆਂਧਰ ਪ੍ਰਦੇਸ਼, ਅਰੁਣਾਚਲ ਪ੍ਰਦੇਸ਼, ਓਡੀਸ਼ਾ ਅਤੇ ਸਿੱਕਿਮ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਇਕੱਠੀਆਂ ਹੀ ਹੋਈਆਂ। 'ਇਕ ਰਾਸ਼ਟਰ-ਇਕ ਚੋਣ' ਦੇ ਵਿਸ਼ੇ 'ਤੇ ਇਸ ਲਈ ਗੰਭੀਰਤਾ ਨਾਲ ਵਿਚਾਰ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਲੋਕ ਸਭਾ ਚੋਣਾਂ ਤੋਂ ਬਾਅਦ ਰੁਕ-ਰੁਕ ਕੇ ਹੋਣ ਵਾਲੀਆਂ ਵਿਧਾਨ ਸਭਾਵਾਂ ਅਤੇ ਸਥਾਨਕ ਸਰਕਾਰਾਂ ਦੀਆਂ ਚੋਣਾਂ ਸਰਕਾਰੀ ਕੰਮਕਾਜ ਦੀ ਰਫ਼ਤਾਰ ਵਿਚ ਅੜਿੱਕਾ ਬਣਨ, ਨੌਕਰਸ਼ਾਹੀ ਅਤੇ ਜਨਤਾ ਦਾ ਧਿਆਨ ਭਟਕਾਉਣ ਅਤੇ ਰਾਜਨੀਤਕ ਪਾਰਟੀਆਂ ਦੀਆਂ ਤਰਜੀਹਾਂ ਬਦਲਣ ਦਾ ਕੰਮ ਕਰਦੀਆਂ ਹਨ। ਜਦ ਵੀ ਕਿਤੇ ਕੋਈ ਚੋਣ ਹੁੰਦੀ ਹੈ, ਚੋਣ ਜ਼ਾਬਤਾ ਲੱਗ ਜਾਂਦਾ ਹੈ ਅਤੇ ਉਸ ਕਾਰਨ ਕਈ ਸਰਕਾਰੀ ਕੰਮਕਾਜ ਰੁਕ ਜਾਂਦੇ ਹਨ ਅਤੇ ਸਰਕਾਰਾਂ ਇਸ ਦੌਰਾਨ ਕੋਈ ਨੀਤੀਗਤ ਫ਼ੈਸਲਾ ਵੀ ਨਹੀਂ ਲੈ ਸਕਦੀਆਂ।

ਵਾਰ-ਵਾਰ ਹੋਣ ਵਾਲੀਆਂ ਚੋਣਾਂ ਕਾਰਨ ਚੰਗਾ-ਖ਼ਾਸਾ ਸਮਾਂ ਚੋਣ ਜ਼ਾਬਤੇ ਦੀ ਭੇਟ ਚੜ੍ਹ ਜਾਂਦਾ ਹੈ। ਸਰਕਾਰਾਂ ਅਤੇ ਲੋਕ ਨੁਮਾਇੰਦੇ ਕਈ ਵਾਰ ਆਪਣੇ ਵਾਅਦਿਆਂ ਨੂੰ ਪੂਰਾ ਨਾ ਕਰ ਪਾਉਣ ਲਈ ਚੋਣ ਜ਼ਾਬਤੇ ਨੂੰ ਦੋਸ਼ ਦਿੰਦੇ ਹਨ। ਕੁਝ ਲੋਕ ਨੁਮਾਇੰਦੇ ਤਾਂ ਆਪਣੇ ਵਾਅਦਿਆਂ ਨੂੰ ਪੂਰਾ ਕਰਨ ਦੀ ਬਜਾਏ ਜਨਤਾ ਨੂੰ ਇਹ ਭਰੋਸਾ ਦਿੰਦੇ ਰਹਿੰਦੇ ਹਨ ਕਿ ਜੇ ਉਨ੍ਹਾਂ ਦੀ ਪਾਰਟੀ ਨੂੰ ਅਗਲੀਆਂ ਵਿਧਾਨ ਸਭਾ ਚੋਣਾਂ ਜਾਂ ਸਥਾਨਕ ਸਰਕਾਰਾਂ ਦੀਆਂ ਚੋਣਾਂ ਵਿਚ ਜਿੱਤ ਹਾਸਲ ਹੋਈ ਤਾਂ ਉਹ ਆਪਣੇ ਵਾਅਦੇ ਜ਼ਰੂਰ ਪੂਰੇ ਕਰਨਗੇ।

ਇਕੱਠੀਆਂ ਚੋਣਾਂ ਕਰਵਾਉਣ ਦਾ ਵਿਚਾਰ ਨਵਾਂ ਨਹੀਂ ਹੈ ਪਰ ਇੰਨਾ ਜ਼ਰੂਰ ਹੈ ਕਿ ਪ੍ਰਧਾਨ ਮੰਤਰੀ ਮੋਦੀ ਨੇ 2014 ਵਿਚ ਕੇਂਦਰ ਦੀ ਸੱਤਾ ਸੰਭਾਲਣ ਤੋਂ ਬਾਅਦ ਇਸ ਨੂੰ ਅੱਗੇ ਵਧਾਇਆ ਅਤੇ ਵਾਰ-ਵਾਰ ਇਸ ਦੀ ਪੈਰਵੀ ਕੀਤੀ ਕਿ ਇਕੱਠੀਆਂ ਚੋਣਾਂ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ।

ਉਨ੍ਹਾਂ ਨੇ ਇਸ ਤੋਂ ਹੋਣ ਵਾਲੇ ਫ਼ਾਇਦੇ ਵੀ ਗਿਣਾਏ। ਇਕੱਠੀਆਂ ਚੋਣਾਂ ਪ੍ਰਤੀ ਆਪਣੀ ਵਚਨਬੱਧਤਾ ਦਾ ਸਬੂਤ ਦੇਣ ਲਈ ਹੀ ਮੋਦੀ ਸਰਕਾਰ ਨੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਦੀ ਪ੍ਰਧਾਨਗੀ ਹੇਠ ਇਕ ਕਮੇਟੀ ਗਠਿਤ ਕੀਤੀ। ਇਸ ਕਮੇਟੀ ਵਿਚ ਵਿਰੋਧੀ ਪਾਰਟੀਆਂ ਦੇ ਵੀ ਕੁਝ ਨੇਤਾ ਸ਼ਾਮਲ ਕੀਤੇ ਗਏ।

ਇਸ ਕਮੇਟੀ ਨੇ ਸਾਰੀਆਂ ਪਾਰਟੀਆਂ ਦੇ ਨੇਤਾਵਾਂ ਨਾਲ ਵਿਆਪਕ ਵਿਚਾਰ-ਚਰਚਾ ਕੀਤੀ ਅਤੇ ਇਕੱਠੀਆਂ ਚੋਣਾਂ ਕਰਵਾਉਣ ਦੇ ਵਿਸ਼ੇ 'ਤੇ ਉਨ੍ਹਾਂ ਦੀ ਵੀ ਰਾਇ ਮੰਗੀ। ਇਸ ਕਮੇਟੀ ਨੇ ਇਸੇ ਸਾਲ ਆਪਣੀ ਰਿਪੋਰਟ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੂੰ ਸੌਂਪ ਦਿੱਤੀ ਸੀ। ਇਸ ਰਿਪੋਰਟ ਵਿਚ ਵਿਸਥਾਰ ਨਾਲ ਇਹ ਦੱਸਿਆ ਗਿਆ ਹੈ ਕਿ ਇਕੱਠੀਆਂ ਚੋਣਾਂ ਕਿਵੇਂ ਹੋ ਸਕਦੀਆਂ ਅਤੇ ਇਨ੍ਹਾਂ ਵਿਚ ਪੈਣ ਵਾਲੇ ਅੜਿੱਕਿਆਂ ਨੂੰ ਕਿਸ ਤਰ੍ਹਾਂ ਦੂਰ ਕੀਤਾ ਜਾ ਸਕਦਾ ਹੈ। ਪਿਛਲੇ ਦਿਨੀਂ ਕੇਂਦਰੀ ਕੈਬਨਿਟ ਨੇ ਇਕੱਠੀਆਂ ਚੋਣਾਂ ਕਰਵਾਉਣ ਦੇ ਵਿਚਾਰ 'ਤੇ ਅਮਲ ਕਰਨ ਦੀ ਦਿਸ਼ਾ ਵਿਚ ਅੱਗੇ ਵਧਣ ਦਾ ਫ਼ੈਸਲਾ ਕੀਤਾ।

ਇਸ ਫ਼ੈਸਲੇ ਦੇ ਸੰਦਰਭ ਵਿਚ ਇਹ ਵੀ ਕਿਹਾ ਗਿਆ ਕਿ 2029 ਯਾਨੀ ਅਗਲੀਆਂ ਲੋਕ ਸਭਾ ਚੋਣਾਂ ਤੱਕ 'ਇਕ ਰਾਸ਼ਟਰ-ਇਕ ਚੋਣ' ਦਾ ਟੀਚਾ ਹਾਸਲ ਕਰ ਲਿਆ ਜਾਵੇਗਾ। ਕੈਬਨਿਟ ਦੇ ਇਸ ਫ਼ੈਸਲੇ ਦਾ ਐਲਾਨ ਹੁੰਦੇ ਹੀ ਵਿਰੋਧੀ ਪਾਰਟੀਆਂ ਨੇ ਘਿਸੇ-ਪਿਟੇ ਤਰਕਾਂ ਨਾਲ ਇਸ ਦਾ ਵਿਰੋਧ ਸ਼ੁਰੂ ਕਰ ਦਿੱਤਾ। ਉਹ ਸਿਰਫ਼ ਸਰਕਾਰ ਦਾ ਵਿਰੋਧ ਕਰਨ ਲਈ ਹੀ ਚੰਗੀ ਪਹਿਲ ਦਾ ਵੀ ਵਿਰੋਧ ਕਰ ਰਹੀਆਂ ਹਨ।

ਕਿਸੇ ਨੇ ਕਿਹਾ ਕਿ ਅਜਿਹਾ ਕਰਨਾ ਸੰਵਿਧਾਨ ਸੰਮਤ ਨਹੀਂ ਅਤੇ ਕਿਸੇ ਨੇ ਦਲੀਲ ਦਿੱਤੀ ਕਿ ਇਹ ਵਿਵਹਾਰਕ ਨਹੀਂ। ਕੁਝ ਪਾਰਟੀਆਂ ਨੇ ਤਾਂ ਇਕੱਠੀਆਂ ਚੋਣਾਂ ਕਰਵਾਉਣ ਦੇ ਵਿਚਾਰ ਨੂੰ ਹਕੀਕੀ ਮੁੱਦਿਆਂ ਤੋਂ ਜਨਤਾ ਦਾ ਧਿਆਨ ਭਟਕਾਉਣ ਦਾ ਮੋਦੀ ਸਰਕਾਰ ਦਾ ਹੱਥਕੰਡਾ ਕਰਾਰ ਦਿੱਤਾ। ਲੱਗਦਾ ਹੈ ਕਿ ਅਜਿਹਾ ਕਹਿਣ ਵਾਲੇ ਇਹ ਸਮਝਣ ਨੂੰ ਤਿਆਰ ਨਹੀਂ ਕਿ ਇਹ ਇਕ ਅਜਿਹਾ ਵਿਸ਼ਾ ਹੈ ਜੋ ਪਾਰਟੀਬਾਜ਼ੀ ਵਾਲੇ ਰਾਜਨੀਤਕ ਹਿੱਤਾਂ ਤੋਂ ਉੱਪਰ ਉੱਠਣ ਦੀ ਮੰਗ ਕਰਦਾ ਹੈ। ਇਹ ਉਹ ਵਿਚਾਰ ਹੈ ਜਿਸ ਨੂੰ ਅਮਲ ਵਿਚ ਲਿਆਉਣ ਲਈ ਸਿਆਸੀ ਪਾਰਟੀਆਂ ਨੂੰ ਆਮ ਰਾਇ ਕਾਇਮ ਕਰਨੀ ਚਾਹੀਦੀ ਹੈ ਕਿਉਂਕਿ ਇਸ ਨਾਲ ਕੌਮੀ ਸੋਮਿਆਂ ਦੀ ਬੱਚਤ ਤਾਂ ਹੋਵੇਗੀ ਹੀ, ਆਮ ਜਨਤਾ, ਸਿਆਸੀ ਪਾਰਟੀਆਂ ਅਤੇ ਸਰਕਾਰਾਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਵਿਚ ਆਸਾਨੀ ਵੀ ਹੋਵੇਗੀ।

ਜੋ ਵਿਰੋਧੀ ਪਾਰਟੀਆਂ ਇਕੱਠੀਆਂ ਚੋਣਾਂ ਕਰਵਾਉਣ ਦਾ ਵਿਰੋਧ ਕਰ ਰਹੀਆਂ ਹਨ, ਉਨ੍ਹਾਂ ਕੋਲ ਲੈ-ਦੇ ਕੇ ਇਹੀ ਤਰਕ ਹੈ ਕਿ ਲੋਕ ਸਭਾ ਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਇਕੱਠੀਆਂ ਹੋਣ ਨਾਲ ਰਾਸ਼ਟਰੀ ਮੁੱਦੇ ਸੂਬਾਈ ਮੁੱਦਿਆਂ 'ਤੇ ਭਾਰੀ ਪੈ ਜਾਣਗੇ ਅਤੇ ਇਸ ਨਾਲ ਖੇਤਰੀ ਪਾਰਟੀਆਂ ਨੂੰ ਨੁਕਸਾਨ ਹੋ ਸਕਦਾ ਹੈ।

ਇਹ ਤਰਕ ਇਸ ਲਈ ਗਲੇ ਨਹੀਂ ਉਤਰਦਾ ਕਿਉਂਕਿ ਆਂਧਰ ਪ੍ਰਦੇਸ਼ ਅਤੇ ਓਡੀਸ਼ਾ ਦੀਆਂ ਖੇਤਰੀ ਪਾਰਟੀਆਂ ਨੇ ਕਦੇ ਇਹ ਸ਼ਿਕਾਇਤ ਨਹੀਂ ਕੀਤੀ ਕਿ ਲੋਕ ਸਭਾ ਅਤੇ ਵਿਧਾਨ ਸਭਾ ਦੀਆਂ ਚੋਣਾਂ ਇਕੱਠੀਆਂ ਹੋਣ ਨਾਲ ਉਨ੍ਹਾਂ ਨੂੰ ਨੁਕਸਾਨ ਹੁੰਦਾ ਹੈ। ਆਂਧਰ ਪ੍ਰਦੇਸ਼ ਅਤੇ ਓਡੀਸ਼ਾ ਵਿਧਾਨ ਸਭਾ ਦੀਆਂ ਚੋਣਾਂ ਲੋਕ ਸਭਾ ਚੋਣਾਂ ਦੇ ਨਾਲ ਹੁੰਦੀਆਂ ਰਹਿਣ ਨਾਲ ਇਹ ਸ਼ੰਕਾ ਵੀ ਨਿਰਮੂਲ ਸਾਬਿਤ ਹੁੰਦੀ ਹੈ ਕਿ ਮਤਦਾਤਾ ਇਕੱਠੀਆਂ ਹੋਣ ਵਾਲੀਆਂ ਦੋਵਾਂ ਚੋਣਾਂ ਵਿਚ ਕਿਸੇ ਇਕ ਹੀ ਪਾਰਟੀ ਨੂੰ ਵੋਟ ਦੇਣ ਲਈ ਪ੍ਰੇਰਿਤ ਹੋ ਸਕਦੇ ਹਨ। ਅਸਲ ਵਿਚ ਖੇਤਰੀ ਰਾਜਨੀਤਕ ਪਾਰਟੀਆਂ ਜਿਨ੍ਹਾਂ ਤਰਕਾਂ ਦਾ ਸਹਾਰਾ ਲੈ ਕੇ ਇਕੱਠੀਆਂ ਚੋਣਾਂ ਦਾ ਵਿਰੋਧ ਕਰ ਰਹੀਆਂ ਹਨ, ਉਨ੍ਹਾਂ ਵਿਚ ਕੋਈ ਦਮ ਨਹੀਂ ਹੈ। ਇਹ ਹੈਰਾਨੀਜਨਕ ਹੈ ਕਿ ਜਿਸ ਕਾਂਗਰਸ ਦੇ ਕੇਂਦਰ ਦੀ ਸੱਤਾ ਵਿਚ ਰਹਿੰਦੇ ਸਮੇਂ ਕਈ ਵਾਰ ਲੋਕ ਸਭਾ ਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਇਕੱਠੀਆਂ ਹੋਈਆਂ ਹੋਣ, ਉਹ ਵੀ ਵਿਰੋਧ ਵਿਚ ਖੜ੍ਹੀ ਹੋ ਗਈ ਹੈ। ਕਿਤੇ ਇਸ ਵਿਰੋਧ ਦੇ ਪਿੱਛੇ ਇਹ ਸ਼ੰਕਾ ਤਾਂ ਨਹੀਂ ਕਿ ਉਸ ਕੋਲ ਗਾਂਧੀ ਪਰਿਵਾਰ ਦੇ ਜੀਆਂ ਤੋਂ ਇਲਾਵਾ ਹੋਰ ਕੋਈ ਲੋਕਪ੍ਰਿਆ ਨੇਤਾ ਨਹੀਂ ਹੈ।

ਜੋ ਵੀ ਹੋਵੇ, ਘੱਟ ਤੋਂ ਘੱਟ ਕਾਂਗਰਸ ਨੂੰ ਤਾਂ ਖੇਤਰੀ ਪਾਰਟੀਆਂ ਵਰਗਾ ਵਿਵਹਾਰ ਨਹੀਂ ਕਰਨਾ ਚਾਹੀਦਾ। ਉਸ ਸਮੇਤ ਹੋਰ ਸਿਆਸੀ ਪਾਰਟੀਆਂ ਨੂੰ ਇਕੱਠੀਆਂ ਚੋਣਾਂ ਦੇ ਵਿਚਾਰ ਨੂੰ ਅੱਗੇ ਵਧਾਉਣ ਲਈ ਇਸ ਵਾਸਤੇ ਅੱਗੇ ਆਉਣਾ ਚਾਹੀਦਾ ਹੈ ਕਿਉਂਕਿ ਇਸ ਨਾਲ ਇਕ ਤਾਂ ਕੇਂਦਰ ਤੇ ਸੂਬਾ ਸਰਕਾਰਾਂ ਨੂੰ ਘੱਟ ਤੋਂ ਘੱਟ ਸਾਢੇ ਚਾਰ ਸਾਲਾਂ ਤੱਕ ਬਿਨਾਂ ਕਿਸੇ ਰੁਕਾਵਟ ਦੇ ਲੋਕ ਭਲਾਈ ਅਤੇ ਵਿਕਾਸ ਦੇ ਕੰਮਾਂ 'ਤੇ ਪੂਰੀ ਤਰ੍ਹਾਂ ਧਿਆਨ ਦੇਣ ਦਾ ਮੌਕਾ ਮਿਲੇਗਾ ਅਤੇ ਦੂਜਾ, ਵਾਰ-ਵਾਰ ਹੁੰਦੀਆਂ ਰਹਿਣ ਵਾਲੀਆਂ ਚੋਣਾਂ ਕਾਰਨ ਖਪਣ ਵਾਲੇ ਸੋਮਿਆਂ ਦੀ ਬੱਚਤ ਵੀ ਹੋਵੇਗੀ।

ਇਕ ਅਨੁਮਾਨ ਅਨੁਸਾਰ ਇਕੱਠੀਆਂ ਚੋਣਾਂ ਹੋਣ ਨਾਲ ਜੀਡੀਪੀ ਵਿਚ ਡੇਢ ਪ੍ਰਤੀਸ਼ਤ ਦਾ ਵਾਧਾ ਹੋ ਸਕਦਾ ਹੈ। ਇਸ ਵਾਧੇ ਦਾ ਲਾਭ ਅਰਥਚਾਰੇ ਅਤੇ ਦੇਸ਼ ਦੀ ਜਨਤਾ ਨੂੰ ਮਿਲੇਗਾ। ਇਕੱਠੀਆਂ ਚੋਣਾਂ ਦੇ ਹੋਰ ਵੀ ਕਈ ਲਾਭ ਹਨ। ਇਕ ਫ਼ਾਇਦਾ ਤਾਂ ਇਹੀ ਹੈ ਕਿ ਸਿਆਸੀ ਪਾਰਟੀਆਂ ਨੂੰ ਰੁਕ-ਰੁਕ ਕੇ ਹੁੰਦੀਆਂ ਚੋਣਾਂ ਕਾਰਨ ਵਾਰ-ਵਾਰ ਚੁਣਾਵੀ ਮੁਦਰਾ ਅਪਣਾਉਣ ਅਤੇ ਆਪਣੇ ਸੋਮੇ ਖ਼ਰਚ ਕਰਨ ਤੋਂ ਵੀ ਮੁਕਤੀ ਮਿਲੇਗੀ। ਚੰਗਾ ਹੋਵੇਗਾ ਕਿ ਸਿਆਸੀ ਪਾਰਟੀਆਂ ਇਕੱਠੀਆਂ ਚੋਣਾਂ ਕਰਵਾਉਣ ਦੇ ਵਿਚਾਰ ਨੂੰ ਰਾਜਨੀਤਕ ਚਸ਼ਮੇ ਨਾਲ ਦੇਖਣ ਦੀ ਥਾਂ ਦੇਸ਼ ਦੀ ਭਲਾਈ ਦੀ ਚਿੰਤਾ ਕਰਨ।

# ਪੰਜਾਬ ਖੇਤੀਬਾੜੀ ਨੀਤੀ 2024 ਦਾ ਖਰੜਾ

ਡਾ. ਮੋਹਨ ਸਿੰਘ

ਪੰਜਾਬ ਦਾ ਖੇਤੀਬਾੜੀ ਖੇਤਰ ਅੱਜ ਗੰਭੀਰ ਸੰਕਟ ਵਿੱਚ ਫਸਿਆ ਹੋਇਆ ਹੈ। ਕਰਜ਼ੇ ਵਿੱਚ ਫਸੇ ਹੋਏ ਕਿਸਾਨ/ਮਜ਼ਦੂਰ ਖੁਦਕੁਸ਼ੀਆਂ ਕਰਨ ਲਈ ਮਜਬੂਰ ਹਨ। ਇਸ ਸੰਕਟ ਨਾਲ ਨਜਿੱਠਣ ਲਈ ਪੀਏਯੂ ਦੇ ਮੁੱਖ ਅਰਥਸ਼ਾਸਤਰੀ ਡਾ. ਸੁਖਪਾਲ ਸਿੰਘ ਦੀ ਅਗਵਾਈ ਹੇਠ ਖੇਤੀ ਨੀਤੀ ਘੜਨ ਲਈ ਪੰਜਾਬ ਸਰਕਾਰ ਵੱਲੋਂ ਬਣਾਈ ਗਿਆਰਾਂ ਮੈਂਬਰੀ ਕਮੇਟੀ ਵੱਲੋਂ ਪੇਸ਼ ਖਰੜੇ ਵਿੱਚ ਕਿਹਾ ਗਿਆ ਹੈ ਕਿ ਰਾਜ ਦੀ ਖੇਤੀਬਾੜੀ ਨੀਤੀ ਦਾ ਉਦੇਸ਼ ਪੰਜਾਬ ਅੰਦਰ ਸਿਹਤਮੰਦ, ਲਾਹੇਵੰਦ ਅਤੇ ਕੌਮਾਂਤਰੀ ਤੌਰ 'ਤੇ ਮੁਕਾਬਲੇਯੋਗ ਖੇਤੀ ਲਈ ਬਹੁ-ਪੱਧਰੀ ਸੰਸਥਾਗਤ ਸਹਿਕਾਰੀ ਢਾਂਚੇ ਦੇ ਨਾਲ ਖੇਤੀ ਦਾ ਵਿਕਾਸ ਕਰਨਾ ਹੈ। ਖੇਤੀ ਨੀਤੀ ਬਣਾਉਣ ਦਾ ਆਧਾਰ ਸਹਿਯੋਗੀ ਅਤੇ ਭਾਗੀਦਾਰੀ ਵਾਲੀ ਪਹੁੰਚ ਨੂੰ ਉਤਸ਼ਾਹਿਤ ਕਰਨਾ ਹੈ ਜਿਸ ਵਿੱਚ ਕਿਸਾਨ ਜਥੇਬੰਦੀਆਂ, ਕੌਮੀ ਅਤੇ ਕੌਮਾਂਤਰੀ ਖੋਜ ਵਿਗਿਆਨੀਆਂ, ਖੇਤੀ ਮਾਹਿਰਾਂ, ਖੇਤ ਮਜ਼ਦੂਰਾਂ ਅਤੇ ਉਤਪਾਦਕ ਸੰਗਠਨਾਂ ਦੇ ਨੁਮਾਇੰਦਿਆਂ ਸਮੇਤ ਹੋਰ ਮਿਹਨਕਸ਼ ਵਰਗਾਂ ਦੀ ਪ੍ਰਤੀਨਿਧਤਾ ਕਰਨ ਵਾਲੇ ਵਿਅਕਤੀਆਂ/ਗਰੁੱਪਾਂ ਨੂੰ ਸਰਗਰਮੀ ਨਾਲ ਸ਼ਾਮਿਲ ਕਰਨਾ ਹੈ।

ਇਸ ਨੀਤੀ ਦੇ ਉਭਰਵੇਂ ਨੁਕਤਿਆਂ ਵਿੱਚ ਖੇਤੀ ਨੀਤੀ ਦਾ ਮਕਸਦ ਖੇਤੀ ਖ਼ਰਚੇ ਘਟਾਉਣ ਅਤੇ ਕੁਆਲਿਟੀ ਪੈਦਾਵਾਰ ਕਰਨ ਲਈ ਕੁਦਰਤੀ ਇਲਾਕਿਆਂ ਵਿੱਚ ਸਬੰਧਿਤ ਫ਼ਸਲਾਂ ਨੂੰ ਉਤਸ਼ਾਹਿਤ ਕਰਨਾ ਹੈ। ਇਹ ਨੀਤੀ 'ਸੈਂਟਰ ਆਫ ਐਕਸੀਲੈਂਸ' ਸੰਸਥਾਵਾਂ ਦੀ ਸਥਪਨਾ ਕਰਨਾ ਹੈ ਜਿਨ੍ਹਾਂ ਦਾ ਉਦੇਸ਼ ਨਵੀਨਤਮ ਤਕਨੀਕ ਦਾ ਪ੍ਰਦਰਸ਼ਨ ਅਤੇ ਕਿਸਾਨਾਂ ਤੇ ਹੋਰ ਸਬੰਧਤ ਅਮਲੇ ਨੂੰ ਅਗਾਂਹਵਧੂ ਕਿਸਾਨ ਸੁਸਾਇਟੀਆਂ ਨਾਲ ਜੋੜਿਆ ਜਾਣਾ ਹੈ। ਇਸ ਖੇਤੀ ਨੀਤੀ ਦਾ ਮਕਸਦ ਪਿੰਡਾਂ ਵਿਚ ਰੁਜ਼ਗਾਰ ਦੇ ਵਾਧੇ ਲਈ ਪਿੰਡ ਪੱਧਰ 'ਤੇ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਰਾਹੀਂ ਵੱਖ ਵੱਖ ਫ਼ਸਲਾਂ ਦੇ ਉਤਪਾਦਨ, ਵਿਗਿਆਨਕ ਵਿਧੀਆਂ ਨਾਲ ਸਟੋਰੇਜ ਅਤੇ ਮੰਡੀਕਰਨ ਨੂੰ ਉਤਸ਼ਾਹਿਤ ਕਰਨ ਰਾਹੀਂ ਖੇਤੀ ਮੁਨਾਫ਼ੇ ਨੂੰ ਯਕੀਨੀ ਬਣਾ ਕੇ ਪੇਂਡੂ ਆਰਥਿਕਤਾ ਨੂੰ ਬਲ ਬਖ਼ਸ਼ਣਾ ਹੈ। ਇਹ ਲਾਹੇਵੰਦ ਖੇਤੀ ਕੀਮਤਾਂ ਨੂੰ ਸਥਿਰ ਰੱਖ ਕੇ ਮੰਗ ਅਤੇ ਸਪਲਾਈ ਦਾ ਸੰਤੁਲਨ ਕਾਇਮ ਰੱਖਣ ਲਈ ਅਤੇ ਵੰਨ ਸੁਵੰਨੀ ਖੇਤੀ ਪੈਦਾਵਾਰ ਦੇ ਕੌਮੀ ਅਤੇ ਕੌਮਾਂਤਰੀ ਮੰਡੀਕਰਨ ਲਈ ਇਕ ਪੇਸ਼ੇਵਰ ਸੰਸਥਾ ਵਜੋਂ 'ਖੇਤੀ ਮੰਡੀਕਰਨ ਖੋਜ ਅਤੇ ਬੁੱਧੀਮਤ ਸੰਸਥਾ' ਵਜੋਂ ਆਪਣਾ ਰੋਲ ਨਿਭਾਵੇਗੀ। ਇਸ ਦਾ ਮਕਸਦ ਪੰਜਾਬ ਨੂੰ 'ਬੀਜ ਦੇ ਹੱਬ' ਵਜੋਂ ਵਿਕਸਤ ਕਰਨਾ ਹੈ ਅਤੇ ਪੰਜਾਬ ਨੂੰ ਪਾਣੀ ਦੇ ਸੰਕਟ ਵਰਗੀਆਂ ਸਥਿਤੀਆਂ ਦੇ ਮੱਦੇਨਜ਼ਰ, ਰਾਜ ਦੀ ਕੁੱਲ ਪਾਣੀ ਦੀ ਮੰਗ (66.12 ਬੀਸੀਐਮ) ਦਾ ਘੱਟੋ-ਘੱਟ 20 ਬੀਸੀਐੱਮ ਬਚਾਉਣ ਲਈ ਸੂਬੇ ਵਿਚ ਝੋਨੇ ਦੀਆਂ ਲੰਮੇ ਸਮੇਂ ਵਾਲੀਆਂ ਕਿਸਮਾਂ ਦੀ ਕਾਸ਼ਤ 'ਤੇ ਪੜਾਅਵਾਰ ਪੂਰੀ ਤਰ੍ਹਾਂ ਰੋਕ ਲਾਉਣਾ ਅਤੇ ਰੀਚਾਰਜ ਰੇਟ 'ਤੇ 300 ਫੀਸਦੀ ਜ਼ਿਆਦਾ ਪਾਣੀ ਕੱਢਣ ਵਾਲੇ 15 ਡਾਰਕ ਬਲਾਕਾਂ ਵਿਚ ਇਕ ਜਾਂ ਦੋ ਬਲਾਕਾਂ ਤੋਂ ਸ਼ੁਰੂ ਕਰਕੇ ਝੋਨੇ ਦੀ ਕਾਸ਼ਤ'ਤੇ ਰੋਕ ਲਾਉਣਾ ਹੈ। ਇਸਦੇ ਨਾਲ ਹੀ ਇਨ੍ਹਾਂ ਬਲਾਕਾਂ ਅੰਦਰ ਬਦਲਵੀਆਂ ਫ਼ਸਲਾਂ ਜਿਵੇਂ ਕਪਾਹ, ਮੱਕੀ, ਗੰਨਾ, ਸ਼ਬਜ਼ੀਆਂ ਅਤੇ ਬਾਗਾਂ ਨੂੰ ਉਤਸ਼ਾਹਿਤ ਕਰਦਿਆਂ ਝੋਨੇ ਦੀ ਕਾਸ਼ਤ ਨਾਲ ਵੱਧ ਮੁਨਾਫ਼ਾ ਯਕੀਨੀ ਬਣਾਇਆ ਜਾਵੇਗਾ। ਪਾਣੀ ਦੀ ਬੱਚਤ ਕਰਨ ਵਾਲੀਆਂ ਤਕਨੀਕਾਂ ਜਿਵੇਂ ਕਿ ਸੁੱਕਾ ਕੱਦੂ ਕਰਨ ਆਦਿ, ਜੋ ਪਾਣੀ ਦੀ ਬੱਚਤ ਅਤੇ ਝੋਨੇ ਧੀ ਗੁਣਵੱਤਾ ਵਿਚ ਸੁਧਾਰ ਕਰਦੇ ਹਨ, ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਵਾਤਾਵਰਣ ਪੱਖੀ ਸੂਰਜੀ ਊਰਜਾ ਦੀ ਮਦਦ ਨਾਲ ਸਾਰੇ ਏ।ਪੀ। ਟਿਊਬਵੈੱਲ ਕੁਨੈਕਸ਼ਨਾਂ ਨੂੰ ਸੋਲਰ ਪੈਨਲ ਲਗਾ ਕੇ ਗਰਿਡ ਨਾਲ ਜੋੜਿਆ ਜਾਣਾ ਚਾਹੀਦਾ ਹੈ। ਸਹਿਕਾਰੀ ਖੰਡ ਮਿੱਲਾਂ ਦੀ ਪਿੜਾਈ ਸਮਰੱਥਾ ਨੂੰ ਵਧਾ ਕੇ, ਈਥਾਨੌਲ ਜਾਂ ਸ਼ਰਾਬ ਕੋ-ਜੈਨਰੇਸ਼ਨ ਬਾਇਓ-ਸੀ.ਐਨ.ਜੀ. ਉਤਪਾਦਨ ਅਤੇ ਗਰਾਂਟ-ਇਨ ਏਡ ਨਾਲ ਮਜ਼ਬੂਤ, ਆਧੁਨਿਕ ਅਤੇ ਮੁੜ ਸੁਰਜੀਤ ਕਰਨਾ ਹੈ। ਇਸ ਨੀਤੀ ਰਾਹੀਂ ਸਰਕਾਰ ਵੱਲੋਂ ਖੇਤ ਮਜ਼ਦੂਰਾਂ ਦੀ ਰਜਿਸਟਰੇਸ਼ਨ ਲਾਜ਼ਮੀ ਕੀਤੀ ਜਾਵੇਗੀ ਤਾਂ ਜੋ ਉਹ ਵੱਖ ਵੱਖ ਸਕੀਮਾਂ ਦਾ ਲਾਭ ਲੈ ਸਕਣ। ਮਨਰੇਗਾ ਸਕੀਮ ਤਹਿਤ 100 ਦਿਨ ਦੇ ਲਾਜ਼ਮੀ ਕੰਮ ਨੂੰ 100 ਦਿਨ ਤੋਂ ਵਧਾ ਕੇ 200 ਦਿਨ ਕੀਤਾ ਜਾਵੇਗਾ। ਇਸ ਨੀਤੀ ਦਾ ਮਨੋਰਥ ਖੇਤੀ ਖ਼ਰਚਾ ਘਟਾਉਣ, ਪੈਦਾਵਾਰ ਦੀ ਕੁਆਲਿਟੀ ਬਿਹਤਰ ਬਣਾਉਣ ਅਤੇ ਕੌਮਾਂਤਰੀ ਪੱਧਰ 'ਤੇ ਮੁਕਾਬਲੇ ਲਈ ਯੋਗ ਬਣਾਉਣ ਲਈ ਖੇਤੀ ਖੋਜ ਅਤੇ ਪਾਸਾਰ ਨੂੰ ਮਜ਼ਬੂਤ ਕਰਨਾ ਹੈ। ਇਸ ਨਵੀਂ ਖੇਤੀ ਨੀਤੀ ਨੂੰ ਲਾਗੂ ਕਰਨ ਲਈ ਇਕ ਹਜ਼ਾਰ ਕਰੋੜ ਰੁਪਏ ਦੇ ਫੰਡ ਰੱਖਣ ਦੀ ਸਿਫ਼ਾਰਸ਼ ਕੀਤੀ ਗਈ ਹੈ ਅਤੇ ਇਸ ਫ਼ੰਡ ਵਿਚੋਂ ਪ੍ਰਸ਼ਾਸਕੀ ਖ਼ਰਚਿਆਂ ਤੋਂ ਇਲਾਵਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੂੰ 700 ਕਰੋੜ ਅਤੇ 'ਗਡਵਾਸੂ' ਨੂੰ 300 ਕਰੋੜ ਰੁਪਏ ਖੋਜ ਵਿਕਾਸ ਲਈ ਦੇਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਇਨ੍ਹਾਂ ਸਿਫਾਰਸ਼ਾਂ ਵਿੱਚ ਮੁੱਖ ਜ਼ੋਰ ਵੱਖ ਵੱਖ ਕਿਸਮ ਦੇ ਫ਼ਸਲੀ ਕੋਆਪਰੇਟਿਵ ਬਣਾਉਣ, ਜੈਵਿਕ ਖੇਤੀ ਅਪਣਾਉਣ, ਖੋਜ ਵਿਕਾਸ ਵੱਲੋਂ ਪਹਿਲਾਂ ਹੀ ਵਿਕਸਿਤ ਕੀਤੀਆਂ ਨਵੀਆਂ ਤਕਨੀਕਾਂ ਦੀ ਵੱਧ ਤੋਂ ਵੱਧ ਵਰਤੋਂ ਕਰਨ ਉੱਤੇ ਜ਼ੋਰ ਦਿੱਤਾ ਗਿਆ ਹੈ। ਬਿਜਲੀ ਊਰਜਾ ਦੀ ਬੱਚਤ ਲਈ ਵੱਧ ਤੋਂ ਵੱਧ ਸੋਲਰ ਸਿਸਟਮ ਲਾਗੂ ਕਰਨ ਦੀ ਵਕਾਲਤ ਕੀਤੀ ਗਈ ਹੈ। ਕਮਿਸ਼ਨ ਵੱਲੋਂ ਪੰਜਾਬ ਦੀ ਖੇਤੀ ਜ਼ਮੀਨ ਨੂੰ ਦੁਨੀਆ ਭਰ ਦੀ ਖੇਤੀ ਜ਼ਮੀਨ ਦੀ ਤੁਲਨਾ 'ਚ ਸਭ ਤੋਂ ਆਲ੍ਹਾ ਜ਼ਮੀਨ ਕਿਹਾ ਗਿਆ ਹੈ। ਪਰ ਪੰਜਾਬ ਲੈਂਡ ਲੌਕਡ ਰਾਜ ਹੋਣ ਕਰਕੇ ਫ਼ਸਲਾਂ ਦੇ ਲਾਹੇਵੰਦ ਭਾਅ ਲਈ ਵਾਹਗਾ ਬਾਰਡਰ ਖੋਲ੍ਹ ਕੇ ਖੇਤੀ ਵਸਤਾਂ ਦੀ ਬਰਾਮਦ ਲਈ ਟਰਾਂਸਪੋਰਟ ਸਬਸਿਡੀ ਦੀ ਸਿਫ਼ਾਰਸ਼ ਕੀਤੀ ਗਈ ਹੈ ਅਤੇ ਇਹ ਸਬਸਿਡੀ ਵਿਸ਼ੇਸ਼ ਕਰਕੇ ਤਾਜ਼ਾ ਫ਼ਸਲਾਂ ਦੀ ਜਹਾਜ਼ਰਾਨੀ ਲਈ ਕੀਤੀ ਗਈ ਹੈ।



ਕੇਂਦਰ ਵਾਂਗ ਪੰਜਾਬ ਸਰਕਾਰ ਵੱਲੋਂ ਰਾਜ ਪੱਧਰ ਦਾ ਖੇਤੀ ਕਮਿਸ਼ਨ ਬਣਾਉਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਕਮਿਸ਼ਨ ਨੇ 2020-21 ਦੀਆਂ ਫ਼ਸਲਾਂ ਦੀਆਂ ਕੀਮਤਾਂ ਨੂੰ ਆਧਾਰ ਬਣਾਇਆ ਹੈ। 2020 ਵਿੱਚ ਕਣਕ ਦਾ ਭਾਅ 1925 ਰੁਪਏ ਸੀ ਪਰ ਖੇਤੀਬਾੜੀ ਕਮਿਸ਼ਨ ਨੇ ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸਾਂ ਸੀ-2 ਪਲੱਸ 50 ਫੀਸਦੀ ਅਨੁਸਾਰ ਕਣਕ ਦਾ ਭਾਅ ਮਿੱਥਣ ਬਾਰੇ ਕਿਹਾ ਹੈ ਕਿ ਕਣਕ ਦਾ ਹੁਣ ਭਾਅ 2787 ਰੁਪਏ ਬਣਦਾ ਹੈ। ਇਸ ਤੋਂ ਇਲਾਵਾ ਖੇਤੀਬਾੜੀ ਕਮਿਸ਼ਨ ਕਿਸਾਨਾਂ ਨੂੰ ਰਮੇਸ਼ ਚੰਦ ਕਮੇਟੀ ਦੀਆਂ ਸਿਫਾਰਸ਼ਾਂ ਅਨੁਸਾਰ ਖੇਤੀਬਾੜੀ ਵਿਚ ਲੱਗੀ ਪੂੰਜੀ 'ਤੇ ਵਿਆਜ, ਕਿਸਾਨਾਂ ਦੇ ਘਰ ਤੋਂ ਮੰਡੀ ਤੱਕ ਦਾ ਖ਼ਰਚਾ, ਕਣਕ ਦੀ ਸਫ਼ਾਈ ਅਤੇ ਛਟਾਈ ਦਾ ਖ਼ਰਚਾ ਅਤੇ ਖੇਤੀ ਖ਼ਰਚੇ ਵਿੱਚ ਘਰ ਦੇ ਮੁੱਖ ਮੈਂਬਰ ਨੂੰ ਤਕਨੀਕੀ ਕਾਮੇ ਦੀ ਮੰਡੀ ਦਿਹਾੜੀ ਅਨੁਸਾਰ ਦੇ ਖ਼ਰਚਿਆਂ ਵਿੱਚ ਸ਼ਾਮਲ ਕਰਕੇ ਫ਼ਸਲ ਦੇ ਭਾਅ ਮਿਥਣ ਦੀ ਸਿਫਾਰਸ਼ ਕੀਤੀ ਹੈ। ਕਮਿਸ਼ਨ ਨੇ ਗੰਨੇ ਅਤੇ ਕਿੰਨੂ ਦੇ ਜੂਸ ਆਦਿ ਦੀ ਆਪਣੀ ਬਰਾਂਡਿਡ ਕਰਕੇ ਸਹੀ ਮੁੱਲ ਪੁਆਉਣ ਲਈ ਬਹੁ-ਮੰਤਵੀ ਕੋਆਪਰੇਟਿਵ ਸੁਸਾਇਟੀਆਂ ਬਣਾਉਣ ਦੀ ਸਿਫਾਰਸ਼ ਕੀਤੀ ਹੈ।

ਭਾਰਤ ਅੰਦਰ ਕਿਸਾਨ ਜ਼ੁਬਾਨੀ-ਕਲਾਮੀ ਜ਼ਮੀਨ ਠੇਕੇ 'ਤੇ ਲੈਂਦੇ ਹਨ। ਇਸ ਕਰਕੇ ਕਿਸਾਨਾਂ ਨੂੰ ਬਹੁਤ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ । ਇਸ ਕਰਕੇ ਖੇਤੀ ਕਾਮੇ ਕਮਿਸ਼ਨ ਨੇ ਸਿਫ਼ਾਰਸ਼ ਕੀਤੀ ਹੈ ਕਿ ਜ਼ਮੀਨ ਦਾ ਰਿਕਾਰਡ ਦਰੁਸਤ ਕਰਨਾ ਚਾਹੀਦਾ ਹੈ। ਖੇਤੀ ਕਾਮੇ ਕਮਿਸ਼ਨ ਨੇ ਖੇਤੀ ਠੇਕੇ ਦੇ ਕਾਨੂੰਨਾਂ ਵਿੱਚ ਸੁਧਾਰ ਕਰਨ ਦੀ ਜ਼ਰੂਰਤ 'ਤੇ ਜ਼ੋਰ ਦੇ ਕੇ ਕਿਹਾ ਹੈ ਕਿ ਪੇਂਡੂ ਮਜ਼ਦੂਰਾਂ ਨੂੰ 1962 ਦੇ ਕਾਨੂੰਨ ਮੁਤਾਬਿਕ ਪੰਚਾਇਤੀ ਜ਼ਮੀਨ ਦੇ ਤੀਜਾ ਹਿੱਸਾ ਠੇਕੇ 'ਤੇ ਕਾਨੂੰਨੀ ਹੱਕ ਨੂੰ ਅਮਲੀ ਜਾਮਾ ਪਹਿਨਾਉਣਾ ਚਾਹੀਦਾ ਹੈ ਅਤੇ ਇਸ ਜ਼ਮੀਨ ਦੀ ਬੋਲੀ ਦਾ ਅਧਿਕਾਰ ਵੀ ਮਜ਼ਦੂਰਾਂ ਨੂੰ ਹੀ ਹੋਣਾ ਚਾਹੀਦਾ ਹੈ।

(ਬਾਕੀ ਅਗਲੇ ਸਫੇ 'ਤੇ)

# ਪੰਜਾਬ ਖੇਤੀਬਾੜੀ ਨੀਤੀ 2024 ਦਾ ਖਰੜਾ

(ਸਫਾ 17 ਦੀ ਬਾਕੀ)

ਕਮਿਸ਼ਨ ਨੇ ਜੈਵਿਕ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਸੁਧਰੇ ਹੋਏ ਬੀਜ ਕੇਵਲ ਸਰਕਾਰੀ ਸੰਸਥਾਵਾਂ ਰਾਹੀਂ ਸਪਲਾਈ ਕਰਨ ਦੀ ਸਿਫ਼ਾਰਸ਼ ਕੀਤੀ ਹੈ।

ਕਮਿਸ਼ਨ ਦੇ ਅਧਿਐਨ ਅਨੁਸਾਰ ਭਾਰਤ ਅੰਦਰ 54 ਪ੍ਰਤੀਸ਼ਤ ਕਿਰਤ ਸ਼ਕਤੀ ਖੇਤੀ ਵਿੱਚ ਲੱਗੀ ਹੋਈ ਹੈ ਅਤੇ ਪੰਜਾਬ ਅੰਦਰ ਇਹ 35 ਪ੍ਰਤੀਸ਼ਤ ਹੈ। ਪੰਜਾਬ ਅੰਦਰ ਕੁੱਲ ਕਿਰਤੀ 99 ਲੱਖ ਹਨ ਅਤੇ ਇਨ੍ਹਾਂ ਵਿੱਚੋਂ ਲਗਪਗ 35 ਲੱਖ ਖੇਤੀ ਕਾਮੇ ਹਨ। ਕਿਸਾਨ/ਮਜ਼ਦੂਰ ਖੁਦਕੁਸ਼ੀਆਂ ਪੰਜਾਬ ਅੰਦਰ ਆਮ ਵਰਤਾਰਾ ਹੈ। ਇਸ ਕਰਕੇ ਖੁਦਕੁਸ਼ੀਆਂ ਕਰ ਚੁੱਕੇ ਕਿਸਾਨਾਂ/ਮਜ਼ਦੂਰਾਂ ਦੇ ਪਰਿਵਾਰਾਂ ਨੂੰ 10 ਲੱਖ ਰੁਪਏ ਇਵਜ਼ਾਨਾ, 60 ਸਾਲ ਤੋਂ ਉਪਰ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਪੈਨਸ਼ਨ ਅਤੇ ਦੁਰਘਟਨਾ ਨਾਲ ਹੋਈ ਮੌਤ ਸਮੇਂ 5 ਲੱਖ ਇਵਜ਼ਾਨਾ ਅਤੇ ਖਦਕੁਸ਼ੀ ਕਰ ਚੁੱਕੇ ਕਿਸਾਨਾਂ/ਮਜ਼ਦੂਰਾਂ ਦੇ ਬੱਚਿਆਂ ਨੂੰ ਮੁਫ਼ਤ ਸਿੱਖਿਆ ਅਤੇ ਸੰਸਥਾਗਤ ਕਰਜ਼ੇ ਨੂੰ ਮੁਆਫ਼ ਕਰਨਾ ਚਾਹੀਦਾ ਹੈ। ਕਮਿਸ਼ਨ ਨੇ 2016 ਵਿੱਚ ਕਰਜ਼ਾ ਨਿਬੇੜੂ ਕਾਨੂੰਨ ਐਕਟ ਨੂੰ ਅਸਰਦਾਰ ਢੰਗ ਨਾਲ ਲਾਗੂ ਕਰਨ ਦੇ ਇਰਾਦੇ ਨਾਲ ਨਿੱਜੀ ਖੇਤਰ ਨਾਲ ਸਬੰਧਤ ਨਿੱਜੀ ਸ਼ਾਹੂਕਾਰ ਰਜਿਸਟਰ ਕਰਨ ਦੀ ਸਿਫਾਰਸ਼ ਕੀਤੀ ਹੈ। ਫਾਇਨਾਂਸ ਕੰਪਨੀਆਂ ਦੀ ਲੁੱਟ ਖ਼ਤਮ ਕਰਨ ਲਈ ਕਾਨੂੰਨ ਬਣਾਉਣ ਅਤੇ ਪ੍ਰਾਈਵੇਟ ਸ਼ਾਹੂਕਾਰਾਂ ਵੱਲੋਂ ਬੈਂਕ ਦੇ ਵਿਆਜ ਨਾਲੋਂ ਇਕ ਪ੍ਰਤੀਸ਼ਤ ਤੋਂ ਵੱਧ ਵਿਆਜ ਦੀ ਕਾਨੂੰਨੀ ਮਨਾਹੀ ਦੀ ਸਿਫ਼ਾਰਸ਼ ਕੀਤੀ ਹੈ। ਖੇਤੀ ਅਤੇ ਕਾਮੇ ਕਮਿਸ਼ਨ ਨੇ ਨਾਸ਼ਵਾਨ ਫਸਲਾਂ ਨੂੰ ਦੇਸ਼ ਵਿਦੇਸ਼ 'ਚ ਬਰਾਮਦ ਕਰਨ ਲਈ ਟਰਾਂਸਪੋਰਟ 'ਤੇ ਸਬਸਿਡੀ ਦੇਣ ਦੀ ਸਿਫ਼ਾਰਸ਼ ਕੀਤੀ ਹੈ। ਕੋਆਪਰੇਟਿਵ ਕਾਨੂੰਨਾਂ ਵਿੱਚ ਤਬਦੀਲੀ ਕਰਕੇ ਇਨ੍ਹਾਂ ਸੁਸਾਇਟੀਆਂ ਵਿੱਚ ਭ੍ਰਿਸ਼ਟਾਚਾਰ ਖ਼ਤਮ ਕਰਨ ਲਈ ਕਦਮ ਚੁੱਕਣੇ ਚਾਹੀਦੇ ਹਨ। ਪੰਜਾਬ ਅੰਦਰ ਵਧਦੇ ਪ੍ਰਦੂਸ਼ਣ ਦੀ ਰੋਕਥਾਮ ਲਈ ਫੈਕਟਰੀਆਂ ਦੇ ਪ੍ਰਦੂਸ਼ਣ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕਣ ਦੀ ਸਿਫਾਰਸ਼ ਕੀਤੀ ਗਈ ਹੈ ਅਤੇ ਪਰਾਲੀ ਪ੍ਰਦੂਸ਼ਣ ਰੋਕਣ ਲਈ ਸਬਸਿਡੀ 'ਤੇ ਹੋਰ ਮਸ਼ੀਨਰੀ ਦਾ ਪ੍ਰਬੰਧ ਕਰਨ ਦੀ ਸਿਫ਼ਾਰਸ਼ ਕੀਤੀ ਗਈ ਹੈ। ਪੰਜਾਬ ਅੰਦਰ ਖੇਤੀ ਫ਼ਸਲਾਂ ਦੀ ਵੰਨ-ਸੁਵੰਨਤਾ ਲਈ 18 ਫ਼ਸਲਾਂ ਨੂੰ ਐੱਮਐੱਸਪੀ ਦੇਣ ਅਤੇ ਹਰ ਫ਼ਸਲ ਦੇ ਅਲੱਗ ਅਲੱਗ ਕੋਆਪਰੇਟਿਵ ਅਤੇ ਪ੍ਰੋਗਰੈਸਿਵ ਫਾਰਮ ਅਸੋਸ਼ੀਏਸ਼ਨ ਬਣਾਉਣ ਦੀ ਸਿਫਾਰਸ਼ ਕੀਤੀ ਗਈ ਹੈ। ਕੁੱਲ ਮਿਲਾ ਕੇ ਮੌਜੂਦਾ ਖੇਤੀ ਕਾਮੇ ਅਤੇ ਮਜ਼ਦੂਰ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਪਹਿਲਾਂ ਵਾਲੇ ਕਿਸੇ ਵੀ ਕਮਿਸ਼ਨ ਨਾਲੋਂ ਕਿਸਾਨ/ਮਜ਼ਦੂਰ ਹਿਤੈਸ਼ੀ ਦਿਸਦੀਆਂ ਹਨ ਹੈ ਪਰ ਇਸ ਨੂੰ ਵਿਸ਼ਵ ਸੰਸਥਾ ਅਤੇ ਪੰਜਾਬ ਅੰਦਰ ਸਰਕਾਰੀ ਸਬਸਿਡੀਆਂ ਬਾਰੇ ਆਪਣੀ ਸਪੱਸ਼ਟ ਰਾਏ ਦੇਣੀ ਚਾਹੀਦੀ ਹੈ।

# ਭਾਰਤ ਵਿਚ ਕੌਣ ਰੱਖ ਰਿਹਾ ਹੈ ਰੇਲਵੇ ਟ੍ਰੈਕ 'ਤੇ ਗੈਸ ਸਿਲੰਡਰ

ਕਾਨਪੁਰ 'ਚ ਰੇਲਵੇ ਟ੍ਰੈਕ 'ਤੇ ਗੈਸ ਸਿਲੰਡਰ ਮਿਲਣਾ ਤੇ ਮੱਧ ਪ੍ਰਦੇਸ਼ 'ਚ ਖੰਡਵਾ ਦੇ ਨੇੜੇ ਫ਼ੌਜ ਦੇ ਜਵਾਨਾਂ ਨੂੰ ਲਿਜਾ ਰਹੀ ਟ੍ਰੇਨ ਦੇ ਹੇਠਾਂ ਧਮਾਕਾ ਹੋਣਾ ਸਿਰਫ਼ ਮਾੜਾ ਇਤਫ਼ਾਕ ਨਹੀਂ ਹੋ ਸਕਦਾ। ਇਹ ਘਟਨਾਵਾਂ ਕਿਸੇ ਵੱਡੀ ਸਾਜ਼ਿਸ਼ ਵੱਲ ਇਸ਼ਾਰਾ ਕਰ ਰਹੀਆਂ ਹਨ। ਅਜਿਹੀਆਂ ਘਟਨਾਵਾਂ ਦੇ ਪਿੱਛੇ ਸਾਜ਼ਿਸ਼ ਇਸ ਲਈ ਵੀ ਨਜ਼ਰ ਆਉਂਦੀ ਹੈ ਕਿਉਂਕਿ ਇਸ ਤੋਂ ਪਹਿਲਾਂ ਵੀ ਇਸੇ ਤਰ੍ਹਾਂ ਦੀਆਂ ਕਈ ਘਟਨਾਵਾਂ ਹੋ ਚੁੱਕੀਆਂ ਹਨ।



ਪਿਛਲੇ ਦਿਨੀਂ ਹੀ ਸੂਰਤ 'ਚ ਇਕ ਰੇਲਵੇ ਟ੍ਰੈਕ ਦੀਆਂ ਫਿਸ਼ ਪਲੇਟਾਂ ਹਟੀਆਂ ਮਿਲੀਆਂ ਸਨ ਤੇ ਉੱਤਰ ਪ੍ਰਦੇਸ਼ 'ਚ ਰਾਮਪੁਰ 'ਚ ਰੇਲਵੇ ਟ੍ਰੈਕ 'ਤੇ ਲੋਹੇ ਦਾ ਖੰਬਾ ਰੱਖ ਦਿੱਤਾ ਗਿਆ ਸੀ। ਪੰਜਾਬ ਦੇ ਬਠਿੰਡਾ ਵਿਚ ਰੇਲ ਲਾਈਨ 'ਤੇ ਸਰੀਆ ਰੱਖ ਦਿੱਤਾ ਗਿਆ। ਇਸ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿ ਇਸ ਤੋਂ ਪਹਿਲਾਂ ਵੀ ਇਸੇ ਤਰ੍ਹਾਂ ਦੇ ਕਈ ਮਾਮਲੇ ਰਾਜਸਥਾਨ, ਮਹਾਰਾਸ਼ਟਰ ਤੇ ਕੁਝ ਹੋਰ ਸੂਬਿਆਂ 'ਚ ਸਾਹਮਣੇ ਆ ਚੁੱਕੇ ਹਨ।

ਕਾਨਪੁਰ 'ਚ ਤਾਂ ਅਜਿਹੇ ਕਈ ਮਾਮਲੇ ਸਾਹਮਣੇ ਆ ਚੁੱਕੇ ਹਨ, ਜਿਨ੍ਹਾਂ ਤੋਂ ਇਹੀ ਲੱਗਾ ਕਿ ਰੇਲ ਗੱਡੀਆਂ ਨੂੰ ਲੀਹ ਤੋਂ ਲਾਹੁਣ ਦੀ ਕੋਸ਼ਿਸ਼ ਕੀਤੀ ਗਈ ਸੀ। ਇਕ ਅੰਦਾਜ਼ੇ ਮੁਤਾਬਕ ਪਿਛਲੇ ਡੇਢ ਮਹੀਨੇ 'ਚ ਅਜਿਹੀਆਂ ਡੇਢ ਦਰਜਨ ਘਟਨਾਵਾਂ ਹੋ ਚੁੱਕੀਆਂ ਹਨ, ਜਿਨ੍ਹਾਂ 'ਚ ਟ੍ਰੇਨਾਂ ਨੂੰ ਲੀਹ ਤੋਂ ਲਾਹੁਣ ਦੀਆਂ ਵੱਖ-ਵੱਖ ਤਰ੍ਹਾਂ ਕੋਸ਼ਿਸ਼ਾਂ ਕੀਤੀਆਂ ਗਈਆਂ। ਇਹ ਠੀਕ ਹੈ ਕਿ ਅਜਿਹੀਆਂ ਘਟਨਾਵਾਂ ਨੂੰ ਰੇਲਵੇ ਬੋਰਡ ਨੇ ਗੰਭੀਰਤਾ ਨਾਲ ਲਿਆ ਹੈ ਅਤੇ ਕੁਝ ਮਾਮਲਿਆਂ ਦੀ ਜਾਂਚ ਤਾਂ ਰੇਲਵੇ ਪੁਲਿਸ ਦੇ ਨਾਲ ਹੀ ਸਥਾਨਕ ਪੁਲਿਸ ਤੇ ਰਾਸ਼ਟਰੀ ਜਾਂਚ ਏਜੰਸੀ ਭਾਵ ਐੱਨਆਈਏ ਵੀ ਕਰ ਰਹੀ ਹੈ ਪਰ ਇਹ ਠੀਕ ਨਹੀਂ ਕਿ ਹੁਣ ਤੱਕ ਕਿਸੇ ਮਾਮਲੇ ਦੀ ਤਹਿ ਤੱਕ ਨਹੀਂ ਪੁੱਜਿਆ ਜਾ ਸਕਿਆ ਹੈ।

ਜੇ ਇਨ੍ਹਾਂ ਘਟਨਾਵਾਂ ਪਿੱਛੇ ਕਾਰਨਾਂ ਦਾ ਜਲਦ ਪਤਾ ਲਾਇਆ ਜਾ ਸਕਿਆ ਤਾਂ ਇਨ੍ਹਾਂ ਸਾਜ਼ਿਸ਼ਾਂ ਪਿੱਛੇ ਅਸਲ ਵਿਅਕਤੀਆਂ ਬਾਰੇ ਪਤਾ ਲਾਇਆ ਜਾ ਸਕਦਾ ਹੈ। ਅਸਲ ਵਿਚ ਤਾਂ ਇਸ ਵੇਲੇ ਕਿਸੇ ਤਰ੍ਹਾਂ ਦੀ ਢਿੱਲ ਦੀ ਕੋਈ ਗੁੰਜਾਇਸ਼ ਨਹੀਂ ਹੈ ਕਿਉਂਕਿ ਛੋਟੀ ਜਿਹੀ ਅਣਗਹਿਲੀ ਨਾਲ ਵੱਡਾ ਨੁਕਸਾਨ ਹੋ ਸਕਦਾ ਹੈ।

ਰੇਲ ਲਾਈਨਾਂ ਨਾਲ ਛੇੜਛਾੜ ਦੀਆਂ ਘਟਨਾਵਾਂ ਨਵੀਆਂ ਨਹੀਂ ਹਨ ਪਰ ਆਮ ਤੌਰ 'ਤੇ ਅਜਿਹੀਆਂ ਘਟਨਾਵਾਂ ਨੂੰ ਸ਼ਰਾਰਤੀ ਤੱਤ ਅੰਜਾਮ ਦਿਆ ਕਰਦੇ ਸਨ ਪਰ ਹੁਣ ਜਿਸ ਤਰ੍ਹਾਂ ਇਕ ਤੋਂ ਬਾਅਦ ਇਕ ਘਟਨਾਵਾਂ ਸਾਹਮਣੇ ਆ ਰਹੀਆਂ ਹਨ, ਉਸ ਨਾਲ ਇਹ ਸ਼ੱਕ ਵਧਦਾ ਹੈ ਕਿ ਇਨ੍ਹਾਂ ਘਟਨਾਵਾਂ ਪਿੱਛੇ ਦੇਸ਼ ਵਿਰੋਧੀ ਤੱਤ ਜਾਂ ਅੱਤਵਾਦੀ ਹੋ ਸਕਦੇ ਹਨ। ਇਹ ਵੀ ਹੋ ਸਕਦਾ ਹੈ ਕਿ ਅੱਤਵਾਦੀ ਆਪਣੇ ਨਾਪਾਕ ਇਰਾਦਿਆਂ ਨੂੰ ਪੂਰਾ ਕਰਨ ਲਈ ਸ਼ਰਾਰਤੀ ਤੱਤਾਂ ਦਾ ਸਹਾਰਾ ਲੈ ਰਹੇ ਹੋਣ। ਜੋ ਵੀ ਹੋਵੇ, ਸਹੀ ਗੱਲ ਸਾਹਮਣੇ ਆਉਣੀ ਹੀ ਚਾਹੀਦੀ ਹੈ।

ਰੇਲ ਗੱਡੀਆਂ ਦੇ ਸੁਰੱਖਿਅਤ ਸੰਚਾਲਨ ਨੂੰ ਤਰਜੀਹ ਦੇਣੀ ਪਵੇਗੀ ਕਿਉਂਕਿ ਅਤੀਤ 'ਚ ਟ੍ਰੇਨਾਂ ਨੂੰ ਨਕਸਲੀ ਤੇ ਅੱਤਵਾਦੀ ਸੰਗਠਨ ਨਿਸ਼ਾਨਾ ਬਣਾਉਂਦੇ ਰਹੇ ਹਨ। ਸੁਰੱਖਿਆ ਏਜੰਸੀਆਂ ਨੂੰ ਆਪਣੀ ਚੌਕਸੀ ਵਧਾਉਣੀ ਪਵੇਗੀ ਤੇ ਇਕ ਅਜਿਹੇ ਮਾਹੌਲ ਦਾ ਨਿਰਮਾਣ ਕਰਨਾ ਪਵੇਗਾ, ਜਿਸ ਨਾਲ ਸ਼ਰਾਰਤੀ ਜਾਂ ਅੱਤਵਾਦੀ ਤੱਤ ਟ੍ਰੇਨਾਂ ਨੂੰ ਆਸਾਨ ਨਿਸ਼ਾਨਾ ਸਮਝਣ ਤੋਂ ਬਾਜ਼ ਆਉਣ। ਇਹ ਕੋਈ ਚੰਗੀ ਗੱਲ ਨਹੀਂ ਕਿ ਯਾਤਰੀ ਰੇਲ ਗੱਡੀਆਂ 'ਚ ਆਏ ਦਿਨ ਪੱਥਰਬਾਜ਼ੀ ਹੁੰਦੀ ਰਹਿੰਦੀ ਹੈ।

ਵੰਦੇ ਭਾਰਤ ਟ੍ਰੇਨ ਨੂੰ ਕਈ ਵਾਰ ਨਿਸ਼ਾਨਾ ਬਣਾਇਆ ਜਾ ਚੁੱਕਾ ਹੈ। ਹੁਣ ਜਦ ਇਹ ਸਪੱਸ਼ਟ ਹੈ ਕਿ ਟ੍ਰੇਨਾਂ ਦੀ ਸੁਰੱਖਿਆ ਲਈ ਖ਼ਤਰਾ ਵਧ ਰਿਹਾ ਹੈ ਤਾਂ ਰੇਲਵੇ ਪੁਲਿਸ, ਸਥਾਨਕ ਪੁਲਿਸ ਤੇ ਹੋਰ ਸੁਰੱਖਿਆ ਏਜੰਸੀਆਂ ਨੂੰ ਵੀ ਖ਼ਾਸ ਚੌਕਸੀ ਰੱਖਣੀ ਪਵੇਗੀ।

# ਆ ਵਣਜਾਰਿਆ, ਬਹਿ ਵਣਜਾਰਿਆ ...

ਪੰਜਾਬੀ ਸੱਭਿਆਚਾਰ ਖ਼ਾਸ ਕਰਕੇ ਪੇਂਡੂ ਖੇਤਰ ਵਿਚੋਂ ਬਹੁਤ ਸਾਰੇ ਅਜਿਹੇ ਕਿੱਤੇ ਸਨ ਜੋ ਸਮੇਂ ਦੇ ਨਾਲ ਨਾਲ ਆਪਣੀ ਹੋਂਦ ਗੁਆ ਚੁੱਕੇ ਹਨ। ਇਨ੍ਹਾਂ ਹੀ ਕਿੱਤਿਆਂ 'ਚੋਂ ਇਕ ਕਿੱਤਾ ਸੀ 'ਵਣਜਾਰਾ' ਜੋ ਸਾਡੇ ਸਮਾਜ ਵਿਚ ਵੱਖਰੀ ਪਛਾਣ ਰੱਖਦਾ ਸੀ। ਭਾਵੇਂ ਕਿ ਇਨ੍ਹਾਂ ਕਿੱਤਿਆਂ ਨਾਲ ਸਬੰਧਿਤ ਨਾਲ ਲਿਖੇ ਗਏ ਅਤੇ ਗਾਏ ਗਏ। ਗੀਤ ਅੱਜ ਵੀ ਸਾਡੇ ਸਮਾਜ



ਵਿਚ ਆਪਣਾ ਮੁਕਾਮ ਬਾਖ਼ੂਬੀ ਬਣਾਈ ਬੈਠੇ ਹਨ-

'ਆ ਵਣਜਾਰਿਆ, ਬਹਿ ਵਣਜਾਰਿਆ ਕਿਥੇ ਕੁ ਤੇਰਾ ਘਰ ਵੇ'

ਆਮ ਜ਼ਿੰਦਗੀ ਵਿਚ ਬਦਲਦੇ ਹਾਲਾਤ ਮੁਤਾਬਿਕ ਸ਼ਹਿਰਾਂ ਵਾਲੀਆਂ ਸਹੂਲਤਾਂ ਪਿੰਡਾਂ ਵਿਚ ਮਿਲਣ ਕਰਕੇ ਵਣਜਾਰੇ ਦਾ ਕਿੱਤਾ ਤਕਰੀਬਨ-ਤਕਰੀਬਨ ਆਪਣੀ ਹੋਂਦ ਗੁਆ ਚੁੱਕਾ ਹੈ। ਪੇਂਡੂ ਖੇਤਰ ਵਿਚ ਉਨ੍ਹਾਂ ਪੁਰਾਣੇ ਸਮਿਆਂ ਵਿਚ ਅੱਜ ਦੀ ਤਰ੍ਹਾਂ ਸ਼ਹਿਰੀ ਸਹੂਲਤਾਂ ਨਹੀਂ ਸਨ। ਕਿਤੇ ਸਾਲ ਛਿਮਾਹੀ ਕਿਸੇ ਮੇਲੇ 'ਤੇ ਹੀ ਕੁੜੀਆਂ ਜਾਂ ਵਿਆਹੀਆਂ (ਨੂੰਹਾਂ) ਆਪਣੀਆਂ ਸੱਸਾਂ ਨਾਲ ਨਨਾਣਾਂ ਨਾਲ ਜਾ ਸਕਦੀਆਂ ਸਨ ਅਤੇ ਆਪਣੇ ਹਾਰ-ਸ਼ਿੰਗਾਰ ਦਾ ਸਮਾਨ ਖ਼ਰੀਦ ਸਕਦੀਆਂ ਸਨ। ਉਨ੍ਹਾਂ ਹੀ ਸਮਿਆਂ ਵਿਚ ਪਿੰਡ-ਪਿੰਡ ਵਣਜਾਰੇ ਫੇਰੀ ਲਾ ਕੇ ਆਪਣੇ ਸਮਾਨ ਵੇਚਿਆ ਕਰਦੇ ਸਨ। ਇਹ ਫੇਰੀ ਵਾਲੇ ਆਪਣੇ ਸਾਇਕਲ ਪਿਛੇ ਬੰਨ੍ਹੀ ਲੱਕੜ ਦੀ ਪੇਟੀ ਵਿਚ ਸਾਰਾ ਸਮਾਨ ਰੱਖ ਕੇ ਗਲੀ-ਗਲੀ ਹੋਕਾ ਦੇ ਕੇ ਆਪਣਾ ਸਮਾਨ ਵੇਚਦੇ ਸਨ।

ਕਈ-ਕਈ ਵਣਜਾਰੇ ਪਿੰਡ ਵਿਚ ਕਿਤੇ ਖੁੱਲ੍ਹੀ ਜਗ੍ਹਾ 'ਤੇ ਆਪਣਾ ਸਮਾਨ ਸੁਨਿਆਰੀ ਦੀ ਦੁਕਾਨ ਵਾਂਗੂੰ ਸਜਾ ਕੇ ਫਿਰ ਗਲੀ ਦੇ ਇਕ ਸਿਰੇ ਤੋਂ ਦੂਸਰੇ ਸਿਰੇ ਤੱਕ ਹੋਕਾ ਦਿੰਦਾ ਸੀ ਕਿ ਮੈਂ ਇਸ ਜਗ੍ਹਾ ਸਮਾਨ ਲਗਾਇਆ ਹੈ। ਉਸ ਦੇ ਇਸ ਸਜਾਏ ਹੋਏ ਸਮਾਨ ਵਿਚ ਚੂੜੀਆਂ, ਸੁਰਖੀਆਂ, ਪਾਊਡਰ ਨੇਲ ਪਾਲਿਸ਼, ਬਿੰਦੀਆਂ ਤੋਂ ਇਲਾਵਾ ਕੁੜੀਆਂ, ਵਹੁਟੀਆਂ ਦੇ ਵਰਤਣ ਵਾਲਾ ਸਾਰਾ ਸਮਾਨ ਹੁੰਦਾ ਸੀ। ਕੁੜੀਆਂ ਅਤੇ ਸੱਜ-ਵਿਆਹੀਆਂ ਆਣ ਕੇ ਆਪੋ-ਆਪਣੀ ਪਸੰਦ ਦਾ ਸਮਾਨ ਖ਼ਰੀਦ ਲੈਂਦੀਆਂ ਸਨ।

ਕੁੜੀਆਂ ਵੀ ਰੰਗ-ਬਰੰਗੀਆਂ ਚੂੜੀਆਂ ਚੜ੍ਹਾ ਕੇ ਅਤੇ ਇਕ ਦੂਸਰੀ ਨੂੰ ਮਜ਼ਾਕ ਕਰਦੀਆਂ। ਇਸ ਤਰ੍ਹਾਂ ਦੁਕਾਨ 'ਤੇ ਖ਼ੂਬ ਰੌਣਕ ਲੱਗੀ ਰਹਿੰਦੀ। ਨੌਜਵਾਨ ਮੁੰਡੇ ਵੀ ਉਸ ਦੀ ਦੁਕਾਨ 'ਤੇ ਕੰਘਾ, ਸ਼ੀਸ਼ਾ ਮੋਚਨਾ, ਰੁਮਾਲ ਆਦਿ ਕੇ ਵੀ ਖ਼ਰੀਦ ਲੈਂਦੇ। ਇਦਾਂ ਵਣਜਾਰੇ ਨੂੰ ਚੋਖੀ ਕਮਾਈ ਹੋ ਜਾਂਦੀ ਸੀ। ਭਲੇ ਵੇਲੇ ਹੋਣ ਕਰ ਕੇ ਦੁਕਾਨ ਦੇ ਸਾਹਮਣੇ ਜਾਂ ਆਂਢ-ਗੁਆਂਢ ਦੇ ਘਰ ਤੋਂ ਹੀ ਉਹ ਰੋਟੀ ਪਾਣੀ ਛੱਕ ਲੈਂਦਾ ਸੀ। ਇਹ ਕਿੱਤਾ ਚੰਗੇ ਆਚਰਣ ਦਾ ਹੁੰਦਾ ਸੀ ਕਿਉਂਕਿ ਕਿਸੇ ਵੀ ਅਣਜਾਣ ਵਿਅਕਤੀ ਕੋਲੋਂ ਹਰੇਕ ਧੀ-ਧਿਆਣੀ ਨੇ ਵੰਗਾਂ ਚੜ੍ਹਾਉਣੀਆਂ ਹੁੰਦੀਆਂ ਸਨ। ਕਈ ਵਣਜਾਰਿਆਂ ਦੇ ਨਾਲ ਉਨ੍ਹਾਂ ਦੀਆਂ ਪਤਨੀਆਂ ਵੀ ਆ ਕੇ ਕੰਮ ਵਿਚ ਹੱਥ ਵਟਾਉਂਦੀਆਂ ਸਨ। ਕਈ ਪੱਕੇ ਵਣਜਾਰੇ ਮਹੀਨੇ ਕੁ ਬਾਅਦ ਫੇਰੀ ਪਾਈ ਰੱਖਦੇ ਸਨ। ਉਨ੍ਹਾਂ ਦੀ ਚੰਗੀ ਰੋਟੀ-ਰੋਜ਼ੀ ਚੱਲਦੀ ਸੀ। ਸਮੇਂ ਦੇ ਪਰਿਵਰਤਨ ਨਾਲ ਪੜ੍ਹੀਆਂ-ਲਿਖੀਆਂ ਲੜਕੀਆਂ ਦਾ ਸ਼ਹਿਰਾਂ 'ਚ ਆਮ ਆਉਣਾ-ਜਾਣਾ ਜਾਂ ਪੜ੍ਹਨ ਆਉਣਾ, ਬਾਕੀ ਪਿੰਡਾਂ 'ਚ ਸੁਨਿਆਰੀ ਦੀਆਂ ਦੁਕਾਨਾਂ ਦਾ ਖੁੱਲ੍ਹਣਾ ਤੇ ਬਿਊਟੀ ਪਾਰਲਰ ਖੁੱਲ੍ਹਣ ਕਰ ਕੇ ਇਸ ਕਿੱਤੇ ਦੀ ਹੋਂਦ ਖ਼ਤਮ ਹੋ ਚੁੱਕੀ ਹੈ ਪਰ ਵਣਜਾਰਿਆਂ ਨਾਲ ਸਬੰਧਤ ਇਹ ਗੀਤ ਇੰਨਾ ਮਕਬੂਲ ਹੈ ਕਿ ਅੱਜ ਵੀ ਸੁਣ ਕੇ ਮਨ ਸਕੂਨ ਨਾਲ ਭਰ ਜਾਂਦਾ ਹੈ। ਵਣਜਾਰਿਆਂ ਦੇ ਕਿੱਤੇ ਨਾਲ ਜੁੜੇ ਇਸ ਗੀਤ ਨੇ ਬਹੁਤ ਨਾਮਣਾ ਖੱਟਿਆ ਹੈ-

'ਗਲੀ ਗਲੀ ਵਣਜਾਰਾ ਫਿਰਦਾ,  
ਹਾਕ ਮਾਰ ਲਿਆਂ ਕੀ ਬੁਲਾ,  
ਭਲਾ ਜੀ ਮੈਨੂੰ ਤੇਰੀ ਸਹੁੰ,  
ਹਾਕ ਮਾਰ ਲਿਆ ਨੀ ਬੁਲਾ।  
ਸੱਸ ਨੂੰ ਨਾ ਪੁੱਛਿਆ,  
ਨਣਦ ਨੂੰ ਨਾ ਪੁੱਛਿਆ,  
ਵੰਗਾਂ ਤਾਂ ਲਈਆਂ ਮੈਂ ਚੜ੍ਹਾ।  
ਚੁੱਕ ਕੇ ਪਰਾਣੀ ਉਹ ਨੇ ਵੰਗਾਂ  
ਉੱਤੇ ਮਾਰੀ,  
ਵੰਗਾਂ ਤਾਂ ਕੀਤੀਆਂ ਫਨਾਹ।  
ਚੁਗ-ਚੁਗ ਟੋਟੇ ਮੈਂ ਝੋਲੀ ਵਿਚ ਪਾਏ, ਪੇਕਿਆਂ ਦਾ ਪੁੱਛਦੀ ਆਂ ਰਾਹ।  
ਚੁੱਕ ਕੇ ਥਾਲੀ ਭਾਬੀ ਕੋਲ ਜਾਂਦਾ, ਕਹਿੰਦਾ ਰੋਟੀਆਂ ਤਾਂ ਦੇਵੀਂ ਨੀਂ ਪਕਾ।  
ਭਾਬੋ ਦੀਆਂ ਪੱਕੀਆਂ ਬਥੇਰੀ  
ਚਿਰ ਖਾਧੀਆਂ,  
ਵਹੁੱਟੀ ਦੀਆਂ ਪੱਕੀਆਂ ਖਾਹ।  
ਪੀੜ ਕੇ ਘੋੜਾ ਵਹੁਟੀ ਕੋਲ ਜਾਂਦਾ ਚੱਲ ਪੰਜਾਂ ਦੀਆਂ ਚੂੜੀਆਂ ਚੜ੍ਹਾ।  
ਪੰਜ ਨੀ ਲੈਣੇ ਪੰਜਾਹ ਨਹੀਂ ਲੈਣੇ,  
ਜਾਹ ਭਾਬੋ ਦੀਆਂ ਪੱਕੀਆਂ ਖਾਹ।'

**-ਸੋਮ ਸਿੰਘ ਰਾਠੌਰ**




# ਢਲਦੇ ਪਰਛਾਵਿਆਂ ਦਾ ਦਰਦ ਕੌਣ ਜਾਣੇ

ਰਜਵਿੰਦਰ ਪਾਲ ਸ਼ਰਮਾ

ਐਤਵਾਰ ਛੁੱਟੀ ਦੇ ਨਾਲ ਨਾਲ ਦਫ਼ਤਰੀ ਕੰਮਕਾਜ ਤੋਂ ਥੋੜ੍ਹੀ ਜਿਹੀ ਫ਼ੁਰਸਤ ਵਾਲਾ ਵੀ ਦਿਨ ਹੁੰਦਾ ਹੈ। ਇਸ ਕਰਕੇ ਉਸ ਦਿਨ ਘਰ ਦੇ ਕੰਮਕਾਜ ਲਈ ਵੀ ਸਮਾਂ ਮਿਲ ਜਾਂਦਾ ਹੈ। ਕਿਸੇ ਦੋਸਤ ਮਿੱਤਰ ਅਤੇ ਸਕੇ ਸਬੰਧੀ ਨਾਲ ਚਾਹ ਦਾ ਪਿਆਲਾ ਸਾਂਝਾ ਕਰਨ ਲਈ ਐਤਵਾਰ ਦੀ ਹੀ ਉਡੀਕ ਕੀਤੀ ਜਾਂਦੀ ਹੈ ਪਰ ਦੁੱਖ ਸੁੱਖ ਤਾਂ ਸੰਘਰਸ਼ਮਈ ਜ਼ਿੰਦਗੀ ਦਾ ਹਿੱਸਾ ਹਨ। ਕਦੋਂ ਆ ਜਾਣ ਇਸ ਦਾ ਪਤਾ ਤਾਂ ਪਾਂਧਿਆਂ ਕੋਲ ਵੀ ਨਹੀਂ। ਬੀਤੇ ਸ਼ੁੱਕਰਵਾਰ ਗੁਆਂਢ ਵਿਚ ਰਹਿੰਦੀ ਸਭ ਤੋਂ ਪੁਰਾਣੀ ਦਾਈ ਮਾਤਾ ਮਾੜੋ ਅਕਾਲ ਚਲਾਣਾ ਕਰ ਗਈ। ਡਿਊਟੀ ਤੋਂ ਰਾਤ ਨੂੰ ਜਦੋਂ ਘਰ ਪਰਤਿਆ ਤਾਂ ਮਾਤਾ ਨੇ ਦੱਸਦਿਆਂ ਕਿਹਾ ਕਿ ਮਾਤਾ ਬੜੀ ਚੰਗੀ ਦਾਈ ਸੀ, ਪੁਰਾਣੇ ਸਮੇਂ ਵਿਚ ਪਿੰਡਾਂ ਵਿਚ ਕਿਹੜਾ ਜ਼ਿਆਦਾ ਡਾਕਟਰ ਹੁੰਦੇ ਸੀ। ਮੇਰੇ ਵਰਗੇ ਸਾਡੇ ਪਿੰਡ ਵਿਚ ਬਹੁਤ ਬੱਚੇ ਹਨ ਜਿਨ੍ਹਾਂ ਦਾ ਜਨਮ ਮਾੜੋ ਦਾਈ ਦੇ ਹੱਥੋਂ ਹੋਇਆ। ਪੂਰੇ ਪਿੰਡ ਵਿਚ ਉਸ ਦਾ ਚੰਗਾ ਮਾਣ ਸਤਿਕਾਰ ਸੀ।

ਇਹੀ ਕਾਰਣ ਹੈ ਕਿ ਘਰਦਿਆਂ ਦੇ ਨਾਲ-ਨਾਲ ਪੂਰੇ ਪਿੰਡ ਵਾਲੇ ਹੀ ਉਸ ਨੂੰ ਮਾਤਾ ਕਹਿ ਕੇ ਪੁਕਾਰਦੇ ਸਨ। ਸਮਾਂ ਕਿਵੇਂ ਗੁਜ਼ਰਿਆ ਪਤਾ ਹੀ ਨਹੀਂ ਲੱਗਿਆ, ਜਦੋਂ ਮੈਂ ਮਾਤਾ ਦੇ ਪੋਤਿਆਂ ਨਾਲ ਖੇਡਦੇ ਹੋਏ ਹੱਥੋ-ਪਾਈ ਹੋ ਜਾਂਦੇ ਤਾਂ ਉਹ ਸਾਡੇ ਸਾਰਿਆਂ ਦੇ ਕੰਨ ਖਿੱਚਦੀ ਪ੍ਰੰਤੂ ਹੁਣ ਬਹੁਤ ਦੂਰ ਜਾਣ ਕਰਕੇ ਉਸ ਦੇ ਖਿੱਚੇ ਕੰਨਾਂ ਦੇ ਦਰਦ ਨਾਲੋਂ ਅੱਜ ਦਿਲ ਵਿਚ ਉਸ ਦੇ ਵਿਛੋੜੇ ਦੀ ਚੀਸ ਜ਼ਿਆਦਾ ਪੈ ਰਹੀ ਸੀ। ਮਾਤਾ ਦੇ ਘਰ ਵਾਲਿਆਂ ਨੇ ਤੀਜੇ ਦਿਨ ਹੀ ਅੰਤਿਮ ਅਰਦਾਸ ਦਾ ਪ੍ਰੋਗਰਾਮ ਰੱਖ ਲਿਆ। ਭੋਗ ਪੈਂਦਾ ਪੈਂਦਾ ਪੌਣੇ ਇੱਕ ਦਾ ਸਮਾਂ ਹੋ ਗਿਆ। ਅਰਦਾਸ ਤੋਂ ਬਾਅਦ ਗ੍ਰੰਥੀ ਸਿੰਘ ਨੇ ਮੁਆਫ਼ੀ ਮੰਗਦੇ ਹੋਏ ਕਿਹਾ ਕਿ ਮਾਤਾ ਪਿਤਾ ਸਾਰੀ ਉਮਰ ਸਾਡਾ ਹੀ ਸੋਚਦੇ ਹਨ, ਸਾਡਾ ਪਾਲਣ-ਪੋਸ਼ਣ ਕਰਦੇ ਹਨ, ਸਾਡੀਆਂ ਮੰਗਾਂ ਪੂਰੀਆਂ ਕਰਦੇ ਹਨ, ਸਾਨੂੰ ਸਾਡੇ ਪੈਰਾਂ 'ਤੇ ਖੜ੍ਹੇ ਹੋਣ ਦੇ ਕਾਬਿਲ ਬਣਾਉਂਦੇ ਹਨ ਪ੍ਰੰਤੂ ਸਾਡੇ ਕੋਲ਼ ਉਨ੍ਹਾਂ ਲਈ ਸਮਾਂ ਹੀ ਨਹੀਂ।

ਮੌਤ ਤੋਂ ਬਾਅਦ ਅਸੀਂ ਫਟਾਫਟ ਭੋਗ ਪਾਉਣ ਅਤੇ ਅੰਤਿਮ ਅਰਦਾਸ ਦੀ ਕੋਸ਼ਿਸ਼ ਕਰਦੇ ਹਾਂ। ਉਨ੍ਹਾਂ ਦੇ ਸੋਗ ਵਿਚ ਅੱਠ ਦਸ ਦਿਨ ਬੈਠਣਾ ਵੀ ਸਾਡੇ ਲਈ ਮੁਸ਼ਕਿਲ ਹੋ ਜਾਂਦਾ ਹੈ। ਭੌਤਿਕ ਵਸਤਾਂ ਅਤੇ ਪੈਸੇ ਦੀ ਅੰਨ੍ਹੀ ਦੌੜ ਵਿਚ ਮਨੁੱਖ ਪਸ਼ੂਆਂ ਤੋਂ ਵੀ ਭੈੜੀ ਬ੍ਰਿਤੀ ਦਾ ਸ਼ਿਕਾਰ ਹੋ ਗਿਆ ਜਿਸ ਦਾ ਕਿਤੇ ਕੋਈ ਲੱਭਿਆ ਹੱਲ਼ ਨਹੀਂ ਥਿਆਉਂਦਾ। ਗ੍ਰੰਥੀ ਸਿੰਘ ਦੀ ਗੱਲ ਤਾਂ ਦਿਲ ਚੀਰ ਗਈ। ਸਾਰੇ ਪਾਸੇ ਚੁੱਪ ਛਾ ਗਈ। ਸੱਚ ਅਕਸਰ ਕੌੜਾ ਹੁੰਦਾ ਹੈ ਅਤੇ ਇਹ ਉਹ ਸੱਚ ਸੀ ਜਿਸ ਨੂੰ ਝੁਠਲਾਇਆ ਨਹੀਂ ਸੀ ਜਾ ਸਕਦਾ। ਸਿਆਣੇ ਕਹਿੰਦੇ ਹਨ ਕਿ ਅੱਖੀਂ ਦੇਖ ਕੇ ਮੱਖੀ ਨਹੀਂ ਨਿਗਲੀ ਜਾਂਦੀ।

### ਬਜ਼ੁਰਗਾਂ ਦਾ ਦਰਦ

ਪ੍ਰਸ਼ਾਦ ਲੈ ਕੇ ਬਾਹਰ ਆ ਕੇ ਗੁਰੂ ਘਰ ਦੇ ਬਰਾਂਡੇ ਵਿਚ ਪਿੰਡ ਦੇ ਬਜ਼ੁਰਗਾਂ ਕੋ਼ਲ ਆ ਬੈਠਾ। ਉਥੇ ਸਾਡੇ ਗੁਆਂਢ ਵਿਚ ਰਹਿੰਦਾ ਛੋਟਾ ਤਾਇਆ ਵੀ ਬੈਠਾ ਸੀ।ਉਸ ਦਾ ਨਾਂ ਹੀ ਛੋਟਾ ਸੀ,ਉਮਰ ਤਾਂ ਉਸ ਦੀ ਸੌ ਸਾਲ ਨੂੰ ਢੁੱਕਦੀ ਸੀ। ਮੈਂ ਮੱਥਾ ਟੇਕਦੇ ਤਾਏ ਛੋਟੇ ਨੂੰ ਸਤਿ ਸ੍ਰੀ ਅਕਾਲ ਬੁਲਾਉਂਦੇ ਹੋਏ ਕਿਹਾ, 'ਤਾਇਆ ਜੀ ਪੈਰੀਂ ਪੈਣਾਂ, ਤਾਇਆ ਖੁਸ਼ ਹੋ ਕੇ ਕਹਿੰਦਾ ਠੀਕ ਆ ਸ਼ਰਮਾ ਜੀ ਹੋਰ ਠੀਕ ਆ, ਮੈਂ ਕਿਹਾ ਵਧੀਆ। ਸੌ ਸਾਲ ਦੀ ਉਮਰ ਨੂੰ ਪਹੁੰਚਿਆ ਛੋਟਾ ਤਾਇਆ ਹੱਡਾਂ ਪੈਰਾਂ ਤੋਂ ਅਜੇ ਚੰਗਾ ਸੀ,ਇਹ ਪੁਰਾਣੀਆਂ ਖ਼ੁਰਾਕਾਂ ਅਤੇ ਨਸ਼ਿਆਂ ਤੋਂ ਦੂਰ ਰਹਿਣ ਦਾ ਹੀ ਨਤੀਜਾ ਹੈ ਨਹੀਂ ਤਾਂ ਅੱਜਕੱਲ੍ਹ ਨੌਜਵਾਨ ਨੂੰ ਵੀ ਪੈਦਲ ਤੁਰਦਿਆਂ ਛਾਲੇ ਪੈ ਜਾਂਦੇ ਹਨ ਪ੍ਰੰਤੂ ਤਾਇਆ ਤਾਂ ਅੱਜ ਵੀ ਦੋ ਕਿਲੋਮੀਟਰ ਤੁਰ ਲੈਂਦਾ ਹੈ। ਗੱਲ ਨੂੰ ਅੱਗੇ ਤੋਰਦਿਆਂ ਤਾਏ ਨੂੰ ਪੁੱਛਿਆ ਤਾਇਆ ਜੀ ਸਿਹਤ ਚੰਗੀ ਹੈ।ਤਾਇਆ ਹਲਕੀ ਜਿਹੀ ਮੁਸਕਾਨ ਨਾਲ ਬੋਲਿਆ,'ਠੀਕ ਆ ਹੁਣ ਤਾਂ,ਬਸ ਸਮਾਂ ਉਡੀਕ ਰਹੇ ਆ।'

ਮੈਂ ਤਾਏ ਦਾ ਹੌਂਸਲਾ ਵਧਾਉਂਦੇ ਹੋਏ ਕਿਹਾ ਕਿ ਨਹੀਂ ਤਾਇਆ ਜੀ ਅਜੇ ਤਾਂ ਤੁਹਾਡੀ ਉਮਰ ਬਹੁਤ ਪਈ ਏ। ਮੇਰੀ ਗੱਲ ਸੁਣ ਕੇ ਤਾਏ ਦੇ ਬੁੱਲਾਂ 'ਤੇ ਚੁੱਪ ਅਤੇ ਅੱਖਾਂ ਵਿਚ ਦਰਦ ਛੁਪਿਆ ਹੋਇਆ ਸੀ। ਬਾਰਾਂ ਬੱਚੇ ਹੋਣ ਦੇ ਬਾਵਜੂਦ ਉਸ ਦਾ ਇੱਕ ਵੀ ਨਹੀਂ ਹੋਇਆ। ਸਾਰੇ ਆਪਣੇ ਆਪਣੇ ਪਰਿਵਾਰ ਵਿਚ ਰੁੱਝੇ ਪਰ ਇਸ ਬਜ਼ੁਰਗ ਦੀ ਕਿਸੇ ਨੇ ਬਾਤ ਨਹੀਂ ਪੁੱਛੀ। ਦਰਦ ਭਰੀ ਆਵਾਜ਼ ਵਿਚ ਤਾਇਆ ਕਹਿਣ ਲੱਗਿਆ ਕਿ ਹੁਣ ਤਾਂ ਦਿਨ ਪੂਰੇ ਕਰਦੇ ਆਂ ਕਦੇ ਇਸ ਮੁੰਡੇ ਕੋ਼ਲ, ਕਦੇ ਉਸ ਮੁੰਡੇ ਕੋ਼ਲ ਅਤੇ ਕਦੇ ਧੀਆਂ ਕੋ਼ਲ ਰਹਿ ਕੇ ਦਿਨ ਕੱਟ ਰਿਹਾ। ਤਾਏ ਦੀਆਂ ਗੱਲਾਂ ਨੇ ਕਾਲਜੇ ਦਾ ਰੁੱਗ ਭਰ ਲਿਆ, ਮਨ ਪਸੀਜ ਗਿਆ।

### ਪਰਿਵਾਰਕ ਮੋਹ

ਢਲਦੀ ਉਮਰੇ ਜਦੋਂ ਬਜ਼ੁਰਗ ਬੱਚਿਆਂ ਵਾਂਗ ਹੋ ਜਾਂਦਾ ਹੈ,ਪਰਿਵਾਰ ਦੇ ਮੋਹ ਨੂੰ ਲੋਚਦਾ ਹੈ। ਕੰਨ ਬੱਚਿਆਂ ਦੀਆਂ ਕਿਲਕਾਰੀਆਂ ਸੁਣਨ ਲਈ ਤਰਸ ਜਾਂਦੇ ਹਨ। ਜਿਸ ਸਮੇਂ ਸਾਰੀ ਉਮਰ ਦੀ ਕੀਤੀ ਕਮਾਈ ਨਾ਼ਲ ਬੰਦਾ ਘਰ ਮੁੜਦਾ ਹੈ,ਉਸ ਉਮਰੇ ਸਾਡਾ ਤਾਇਆ ਮੋਢੇ 'ਤੇ ਕਸੀਆ ਰੱਖ ਕੇ ਨਰੇਗਾ ਮਜ਼ਦੂਰਾਂ ਨਾ਼ਲ ਜਾਂਦਾ ਹੈ ਤਾਂ ਜੋ ਮਿਲੀ ਮਜ਼ਦੂਰੀ ਨਾ਼ਲ ਦਵਾਈ ਬੂਟੀ ਖ਼ਰੀਦੀ ਜਾ ਸਕੇ। ਇਹ ਇਕੱਲੇ ਛੋਟੇ ਤਾਏ ਦੀ ਕਹਾਣੀ ਨਹੀਂ ਘਰ-ਘਰ ਦੀ ਕਹਾਣੀ ਹੈ। ਬਜ਼ੁਰਗ ਹੁਣ 'ਘਰ ਦਾ ਤਾਲਾ' ਜਾਂ 'ਗਿਆਨ ਦਾ ਸੋਮਾ' ਸਮਝਣ ਦੀ ਬਜਾਏ ਭਾਰ ਸਮਝੇ ਜਾਂਦੇ ਹਨ। ਜਿਨ੍ਹਾਂ ਨੂੰ ਸੁੱਖਾਂ ਮੰਗ ਕੇ ਲਿਆ ਹੁੰਦਾ ਹੈ, ਉਹ ਹੀ ਬਿਰਧ ਆਸ਼ਰਮ ਵਿਚ ਛੱਡ ਕੇ ਆਉਂਦੇ ਹਨ। ਜੇ ਮਿ਼ਲਣ ਆਉਂਦੇ ਹਨ ਤਾਂ ਮਹੀਨੇ ਬਾਅਦ ਜਦੋਂ ਬੁਢਾਪਾ ਪੈਨਸ਼ਨ ਆਉਂਦੀ ਹੈ। ਬਜ਼ੁਰਗਾਂ ਦਾ ਇਹ ਦਰਦ ਸਮਾਜ ਵਿਚ ਸਾਡੀ ਸੌੜੀ ਸੋਚ ਨੂੰ ਬਿਆਨ ਕਰਦਾ ਹੈ। ਉਮਰ ਤਾਂ ਢਲਦੇ ਪਰਛਾਵੇਂ ਵਾਂਗ ਦਿਨੋ-ਦਿਨ ਘੱਟ ਰਹੀ ਹੈ। ਜ਼ਿੰਦਗੀ ਦਾ ਰੋਜ਼ ਇੱਕ ਦਿਨ ਘੱਟ ਜਾਂਦਾ ਹੈ। ਸਾਹਾਂ ਦੀ ਇਹ ਲੜੀ ਕਦੋਂ ਟੁੱਟ ਜਾਵੇ, ਕਿਸੇ ਨੂੰ ਵੀ ਨਹੀਂ ਪਤਾ,ਇਸੇ ਦਾ ਹੀ ਤਾਂ ਕੁਦਰਤ ਨੇ ਮਨੁੱਖ ਤੋਂ ਓਹਲਾ ਰੱਖਿਆ ਹੈ। ਹੁਸਨ,ਜਵਾਨੀ ਤੇ ਮਾਪੇ ਜ਼ਿੰਦਗੀ ਦੇ ਅਜਿਹੇ ਅਣਮੁੱਲੇ ਰੰਗ ਹਨ ਜਿਨ੍ਹਾਂ ਨੇ ਮੁੜ ਕਦੇ ਨਹੀਂ ਆਉਣਾ। ਵੱਡੀ ਉਮਰ ਦੇ ਨਾਲ ਗੋਡਿਆਂ ਵਿਚ ਦਰਦ ਤੇ ਕਮਜ਼ੋਰੀ ਤਾਂ ਸਭ ਨੂੰ ਆਵੇਗੀ। ਅੱਜ ਸਾਡੇ ਮਾਤਾ-ਪਿਤਾ ਬੁਢਾਪੇ ਨੂੰ ਹੰਢਾ ਰਹੇ ਹਨ, ਕੱਲ੍ਹ ਸਾਡੇ 'ਤੇ ਵੀ ਆਵੇਗਾ। ਪੁੱਤ ਤਾਂ ਕਪੁੱਤ ਹੋ ਸਕਦੇ ਹਨ ਪਰੰਤੂ ਮਾਪੇ ਕਦੇ ਕੁਮਾਪੇ ਨਹੀਂ ਹੁੰਦੇ। ਸਾਡਾ ਵੀ ਸਾਡੇ ਮਾਪਿਆਂ ਪ੍ਰਤੀ ਕੁਝ ਫ਼ਰਜ਼ ਬਣਦਾ ਹੈ। ਬੁਢਾਪੇ ਵਿਚ ਉਨ੍ਹਾਂ ਦੀ ਲਾਠੀ ਬਣਨਾ ਸਾਡੀ ਜ਼ਿੰਮੇਵਾਰੀ ਹੈ।



ਮਾਤਾ-ਪਿਤਾ ਤੋਂ ਨੇੜੇ ਸਾਡੇ ਕੋਈ ਨਹੀਂ।ਛੇ ਮਹੀਨਿਆਂ ਦੇ ਨਵੇਂ ਬਣੇ ਰਿਸ਼ਤੇ ਪਿੱਛੇ ਸੱਠ ਸਾਲ ਪੁਰਾਣੇ ਰਿਸ਼ਤੇ ਨੂੰ ਭੁੱਲਣਾ ਸਾਡੀ ਬਰਬਾਦੀ ਦੀ ਨਿਸ਼ਾਨੀ ਹੈ। ਮਾਤਾ-ਪਿਤਾ ਹਰੇਕ ਗ਼ਲਤੀ ਲਈ ਤੁਹਾਨੂੰ ਝਿੜਕਦੇ ਹਨ, ਰੋਕਦੇ, ਟੋਕਦੇ ਹਨ ਜਿਸ ਦਿਨ ਅਸੀਂ ਉਨ੍ਹਾਂ ਦੀ ਗੱਲ ਸੁਣਨੀ ਹੱਟ ਗਏ ਤਾਂ ਸਮਝੋ ਸਾਡੀ ਉਲਟੀ ਗਿਣਤੀ ਸ਼ੁਰੂ ਹੋ ਗਈ। ਉਸ ਦਿਨ ਸਾਡਾ ਅੰਤ ਬਹੁਤ ਨੇੜੇ ਤੇ ਨਿਸ਼ਚਿਤ ਹੈ। ਕੁਦਰਤ ਦਾ ਨਿਯਮ ਹੈ 'ਜੈਸੇ ਕੋ ਤੈਸਾ।' ਜਿਹੋ ਜਿਹਾ ਅਸੀਂ ਬੀਜਾਂਗੇ ਉਹੋ ਜਿਹਾ ਹੀ ਵੱਢਾਂਗੇਂ। ਬਜ਼ੁਰਗਾਂ ਦੀਆਂ ਬਦ-ਦੁਆਵਾਂ ਨਾ਼ਲ ਸਵਰਗ ਦੀ ਝਾਕ ਰੱਖਣਾ ਬੇਵਕੂਫ਼ੀ ਹੈ। ਸ੍ਵਰਗ ਤਾਂ ਬਜ਼ੁਰਗਾਂ ਨਾਲ ਹੀ ਹੈ ।ਜੇ ਕੋਈ ਸਮਝੇ ਤਾਂ ਭਲਾ, ਨਾ ਸਮਝੇ ਤਾਂ ਵੀ ਭਲਾ। ਸਿਆਣੇ ਦਾ ਕਿਹਾ ਅਤੇ ਆਉਲੇ ਦਾ ਖਾਧਾ ਬਾਅਦ ਵਿਚ ਹੀ ਪਤਾ ਲੱਗਦਾ ਹੈ।

### ਕੇਅਰ ਟੇਕਰ ਦੀ ਭੂਮਿਕਾ

ਦੇਸ਼ ਹੋਵੇ ਜਾਂ ਵਿਦੇਸ਼ ਪਿੰਡ ਹੋਣ ਜਾਂ ਸ਼ਹਿਰ ਬਜ਼ੁਰਗਾਂ ਦੀ ਹਾਲਤ ਕਿਤੇ ਵੀ ਸੰਤੁਸ਼ਟੀਜਨਕ ਨਹੀਂ ਅਜਿਹੇ ਘਰ ਜਿਥੇ ਮਾਤਾ-ਪਿਤਾ ਤਾਂ ਦਫ਼ਤਰੀ ਕੰਮ ਵਿਚ ਰੁੱਝੇ ਰਹਿੰਦੇ ਹਨ ਉਥੇ ਬਜ਼ੁਰਗ ਸਿਰਫ਼ ਇੱਕ ਕੇਅਰ ਟੇਕਰ ਜਾਂ ਦੇਖਭਾਲ ਕਰਨ ਵਾਲੇ ਹੀ ਬਣ ਕੇ ਰਹਿ ਜਾਂਦੇ ਹਨ। ਆਪਣੇ ਪੋਤੇ ਪੋਤੀਆਂ ਨੂੰ ਘਰੋਂ ਸਕੂਲ ਅਤੇ ਸਕੂਲੋਂ ਘਰ ਛੱਡਣ ਦੇ ਕੰਮ ਲਈ ਹੀ ਹੁੰਦੇ ਹਨ। ਇੱਕ ਪਾਸੇ ਜਿਥੇ ਪੋਤੇ-ਪੋਤੀਆਂ ਫ਼ੋਨ ਤੇ ਵੀਡਿਓ ਗੇਮਾਂ ਦੀ ਦੁਨੀਆ ਵਿਚ ਦਾਖ਼ਿਲ ਹੋ ਕੇ ਇਕੱਲਾਪਨ ਦੂਰ ਕਰਨ ਦੀ ਕੋਸ਼ਿਸ਼ ਕਰਦੇ ਹਨ ਉਥੇ ਦੂਜੇ ਪਾਸੇ ਬਜ਼ੁਰਗਾਂ ਦੇ ਦਰਦਾਂ ਨੂੰ ਵੰਡਾਉਣ ਵਾਲਾ ਕੋਈ ਨਹੀਂ ਹੁੰਦਾ ਨਾ ਬੱਚੇ ਅਤੇ ਨਾ ਹੀ ਪੋਤੇ-ਪੋਤੀਆਂ। ਅਜਿਹੇ ਬਜ਼ੁਰਗ ਆਪਣੇ ਸਮੇਂ ਨੂੰ ਗੁਜ਼ਰਨ ਲਈ ਦਿਨ ਚੜ੍ਹਦੇ ਹੀ ਬਿਰਧ ਆਸ਼ਰਮਾਂ, ਗੁਰੂ-ਘਰਾਂ, ਪੰਚਾਇਤ ਘਰ ਜਾਂ ਮੰਦਿਰਾਂ ਦਾ ਸਹਾਰਾ ਲੈਂਦੇ ਹਨ। ਦਿਨ ਗੁਜ਼ਾਰਨ ਲਈ ਬਜ਼ੁਰਗ ਇਕੱਠ ਹੋ ਕੇ ਆਪਣੇ ਹਾਣੀਆਂ ਨਾਲ ਦੁੱਖ-ਸੁੱਖ ਸਾਂਝੇ ਕਰਦੇ ਹਨ। ਮਨੋਰੰਜਨ ਦਾ ਇਨ੍ਹਾਂ ਕੋ਼ਲ ਕੋਈ ਵੱਡਾ ਸਾਧਨ ਨਹੀਂ ਹੁੰਦਾ। ਇਹ ਜਾਂ ਤਾਂ ਰੇਡੀਓ ਜਾਂ ਫ਼ਿਰ ਤਾਸ਼ ਖੇਡ ਕੇ ਵਕ਼ਤ ਲੰਘਾਉਂਦੇ ਨਜ਼ਰ ਆਉਂਦੇ ਹਨ। ਕੋਈ ਪੜ੍ਹਿਆ-ਲਿਖਿਆ ਅਖ਼ਬਾਰ ਪੜ੍ਹ ਕੇ ਵੀ ਦੂਜੇ ਸਾਥੀਆਂ ਨੂੰ ਸਮਾਜ ਦੀ ਦਸ਼ਾ ਬਾਰੇ ਦੱਸਦਾ ਦਿਖਾਈ ਦਿੰਦਾ ਹੈ।ਦਿਨ ਢਲਦੇ ਹੀ ਘਰਾਂ ਨੂੰ ਪਰਤਦੇ ਗਿੱਲੀ ਸੁੱਕੀ ਜੋ ਇਨ੍ਹਾਂ ਨੂੰ ਪਰੋਸੀ ਜਾਂਦੀ ਹੈ ਖਾ ਕੇ ਸੌਂ ਜਾਂਦੇ ਹਨ। ਬਹੁਤੇ ਬਜ਼ੁਰਗ ਸਿਰਫ਼ ਵੋਟ ਲਿਸਟ ਵਿਚ ਹੀ ਜਿਉਂਦੇ ਹੁੰਦੇ ਹਨ, ਭਾਵਨਾਵਾਂ,ਵਿਚਾਰ ਅਤੇ ਇਕੱਲਾਪਨ ਉਨ੍ਹਾਂ ਨੂੰ ਕਦੋਂ ਦਾ ਖਾ ਚੁੱਕਿਆ ਹੁੰਦਾ ਹੈ।

### ਕਿਧਰ ਗਿਆ ਸਾਡਾ ਫ਼ਰਜ਼

ਅਸੀਂ ਆਪਣੇ ਬਜ਼ੁਰਗ ਮਾਪਿਆਂ ਨੂੰ ਤਾਂ ਉਨ੍ਹਾਂ ਦੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਉਂਦੇ ਉਨ੍ਹਾਂ ਦਾ ਫ਼ਰਜ਼ ਯਾਦ ਕਰਵਾ ਦਿੱਤਾ ਅਤੇ ਸਾਡਾ ਫ਼ਰਜ਼ ਕਿਧਰ ਗਿਆ। ਮਾਪਿਆਂ ਨੇ ਸਾਨੂੰ ਦੁਨੀਆਂਦਾਰੀ ਦਿਖਾਈ। ਕੀ ਸਾਡਾ ਆਪਣੇ ਮਾਪਿਆਂ ਪ੍ਰਤੀ ਕੋਈ ਫ਼ਰਜ਼ ਨਹੀਂ ਬਣਦਾ? ਜਦੋਂ ਅਸੀਂ ਛੋਟੇ ਹੁੰਦੇ ਬਿਮਾਰ ਹੋ ਜਾਂਦੇ ਤਾਂ ਬੈਡ ਉੱਤੇ ਬੈਠਿਆਂ ਨੂੰ ਦਵਾਈ ਅਤੇ ਰੋਟੀ ਸਭ ਕੁਝ ਮਿਲਦਾ ਸੀ, ਇਨ੍ਹਾਂ ਬਜ਼ੁਰਗਾਂ ਨੇ ਸਾਨੂੰ ਕਦੇ ਤੱਤੀ ਵਾਅ ਨਹੀਂ ਲੱਗਣ ਦਿੱਤੀ ਪਰੰਤੂ ਹੁਣ ਜਦੋਂ ਸਾਡਾ ਇਨ੍ਹਾਂ ਨੂੰ ਸੰਭਾਲਣ ਦਾ ਸਮਾਂ ਆਇਆ ਤਾਂ ਅਸੀਂ ਬਿਰਧ ਆਸ਼ਰਮਾਂ ਦਾ ਰਾਹ ਦਿਖਾ ਦਿੱਤਾ। ਮੋਟਰਸਾਈਕਲ ਜਾਂ ਕਾਰ ਦੇ ਪਿੱਛੇ ਲਿਖਾਉਣਾ, ਬਾਪੂ ਨੇ ਕੀਤੀਆਂ ਸਾਰੀਆਂ ਰੀਝਾਂ ਪੂਰੀਆਂ ਕੋਈ ਵੱਡੀ ਗੱਲ ਨਹੀਂ, ਗੱ਼ਲ ਤਾਂ ਫਿਰ ਬਣੇ ਜੇ ਅਸੀਂ ਆਪਣੇ ਬਜ਼ੁਰਗਾਂ ਦੀਆਂ ਰੀਝਾਂ ਵੀ ਪੂਰੀਆਂ ਕਰੀਏ। ਮਾਤਾ-ਪਿਤਾ ਦੀ ਕਮਾਈ ਦੌਲਤ ਤੇ ਬੱਚਾ ਘੁਮੰਡ ਕਰੇ ਕੋਈ ਵੱਡੀ ਗੱਲ ਨਹੀਂ, ਗੱ਼ਲ ਤਾਂ ਫ਼ਿਰ ਵੱਡੀ ਹੋਵੇਗੀ ਜੇਕਰ ਬੱਚੇ ਦੀ ਕਮਾਈ ਦੌਲਤ 'ਤੇ ਮਾਪੇ ਫ਼ਖ਼ਰ ਮਹਿਸੂਸ ਕਰਨ। ਜੋ ਬੀਜਿਆ ਉਹੀ ਵੱਢਣਾ ਪਊ, ਇਹੀ ਕੁਦਰਤ ਦਾ ਸਾਰ ਹੈ। ਸਾਡਾ ਕੀਤਾ ਹੋਇਆ ਕਰਮ ਹੀ ਸਾਡੇ ਵੱਲ ਵਾਪਸ ਆਵੇਗਾ, ਹੁਣ ਇਹ ਅਸੀਂ ਵੇਖਣਾ ਹੈ ਕਿ ਅਸੀਂ ਕਿਹੋ ਜਿਹਾ ਕਰਮ ਕਰਨਾ ਚਾਹੁੰਦੇ ਹਾਂ। ਸਾਡੇ ਬੱਚੇ ਸਾਡੇ ਕੋਲੋਂ ਹੀ ਸਿੱਖਣਗੇ, ਜੇਕਰ ਅੱਜ ਅਸੀਂ ਆਪਣੇ ਬਜ਼ੁਰਗਾਂ ਨੂੰ ਅਣਗੌਲਿਆਂ ਕਰ ਦਿੱਤਾ ਤਾਂ ਇਹ ਉਮੀਦ ਨਾ ਰੱਖਣਾ ਕਿ ਉਹ ਵੀ ਸਾਡੀ ਗੱਲ ਸੁਣਨਗੇ। ਜਿਹੋ ਜਿਹਾ ਵਤੀਰਾ ਅਸੀਂ ਆਪਣੇ ਨਾਲ ਚਾਹੁੰਦੇ ਹਾਂ, ਉਸੇ ਤਰ੍ਹਾਂ ਹੀ ਸਾਨੂੰ ਆਪਣੇ ਮਾਪਿਆਂ ਨਾਲ ਕਰਨਾ ਹੋਵੇਗਾ,ਕਿਹੋ ਜਿਹੇ ਵਤੀਰੇ ਦੀ ਚੋਣ ਕਰਨੀ ਹੈ ਇਸਦਾ ਫ਼ੈਸਲਾ ਤੁਸੀਂ ਖ਼ੁਦ ਕਰ ਲਵੋ।

# ਸਾਹਿਤਕਾਰ ਤਰਸੇਮ ਸਿੰਘ ਕਰੀਰ ਦੀ ਕਿਤਾਬ ''ਆਪੇ ਹਰਿ ਇਕ ਰੰਗੁ ਹੈ'' ਰਿਲੀਜ

ਧਨੌਲਾ ਮੰਡੀ (ਸੰਜੀਵ ਗਰਗ ਕਾਲੀ)- ਹੋਟਲ ਕਿੰਗਡਮ ਮੋਗਾ ਵਿਖੇ ਸਰਦਾਰ ਤਰਸੇਮ ਸਿੰਘ ਕਰੀਰ ,ਜੋ ਅੱਜਕੱਲ ਮੈਲਬੋਰਨ ਆਸਟ੍ਰੇਲੀਆ ਵਿਖੇ ਰਹਿੰਦੇ ਹਨ,ਉਹਨਾਂ ਦੀ ਦੂਸਰੀ ਕਿਤਾਬ ''ਆਪੇ ਹਰਿ ਇਕ ਰੰਗੁ ਹੈ'' ਦਾ ਵਿਮੋਚਨ ਕੀਤਾ ਗਿਆ। ਅੱਜ ਦੀ ਇਸ ਇਕੱਤਰਤਾ ਵਿੱਚ ਲਗਭਗ 65-70 ਦੇ ਕਰੀਬ ਸੱਜਣ ਮਿੱਤਰਾਂ ਅਤੇ ਰਿਸਤੇਦਾਰਾਂ ਨੇ ਹਿੱਸਾ ਲਿਆ। ਇਸ ਮੌਕੇ ਤੇ ਸਰਦਾਰ ਤਰਸੇਮ ਸਿੰਘ ਕਰੀਰ ਨੂੰ ਸਾਰਿਆਂ ਨੇ ਅਸੀਰਵਾਦ ਅਤੇ ਵਧਾਈਆਂ ਦਿੱਤੀਆਂ। ਇਸ ਤੋਂ ਪਹਿਲਾਂ ਇਹਨਾਂ ਦੀ ਜਿਹੜੀ ਪਲੇਠੀ ਪੁਸਤਕ ''ਕੀ ਜਾਣਾ ਮੈਂ ਕੌਣ'' ਪਿਛਲੇ ਸਾਲ ਹੀ ਰਿਲੀਜ ਕੀਤੀ ਗਈ ਸੀ। ਤਰਸੇਮ ਸਿੰਘ ਕਰੀਰ ਪਹਿਲਾਂ ਨਿਊਜੀਲੈਂਡ ਅਤੇ ਅੱਜ ਕੱਲ ਮੈਲਬਰਨ ਆਸਟਰੇਲੀਆ ਵਿਖੇ ਰਹਿ ਰਹੇ ਹਨ। ਜਿਕਰਯੋਗ ਹੈ ਹੁਣੇ ਹੁਣੇ ਤਰਸੇਮ ਸਿੰਘ ਕਰੀਰ ਦਾ ਨਾਮ ਆ-ਫੀਸਲ ਵਰਲਡ ਰਿਕੋਰਡ ਯੋਰਪ, ਵਿੱਚ ਦਰਜ ਹੋਇਆ ਹੈ ਜੋ ਕਿ ਪੂਰੇ ਇਲਾਕਾ ਨਿਵਾਸੀਆਂ ਦੀ ਤੇ ਹਿੰਦੁਸਤਾਨ ਦੀ ਸਾਨ ਹੈ। ਇਸ ਮੌਕੇ ਤੇ ਤਰਸੇਮ ਕਰੀਰ ਨੂੰ ਕਰਨਲ ਬਾਜਵਾ, ਸਤਨਾਮ ਸਿੰਘ, ਬੂਟਾ ਸਿੰਘ, ਹਰਪਾਲ ਸਿੰਘ, ਜਸਵਿੰਦਰ ਸਿੰਘ, ਸੁਖਪਾਲ ਸਿੰਘ ਬਰਨ ਆਦਿ ਮੌਜੂਦ ਸਨ।




# ਅਗਰਵਾਲ ਸਭਾ ਧਨੌਲਾ ਦੇ ਅਰੁਨ ਕੁਮਾਰ ਰਾਜੂ ਦੂਸਰੀ ਵਾਰ ਪ੍ਰਧਾਨ ਤੇ ਨੀਟਾ ਅਗਰਵਾਲ ਵਾਈਸ ਪ੍ਰਧਾਨ ਚੁਣੇ

ਧਨੌਲਾ ਮੰਡੀ (ਸੰਜੀਵ ਗਰਗ ਕਾਲੀ) ਅਗਰਵਾਲ ਭਾਈਚਾਰੇ ਦੀ ਅਹਿਮ ਮੀਟਿੰਗ ਹੋਈ, ਜਿਸ ਵਿੱਚ ਸਮਾਜ ਸੇਵਕ ਬਾਬੂ ਜਨਕ ਰਾਜ ਬਾਂਸਲ, ਬਿਲਾਸੀ ਰਾਏ ਸੀਨੀਅਰ ਮੈਂਬਰ, ਤੇ ਉਸ ਤੋਂ ਇਲਾਵਾ ਸੀਨੀਅਰ ਆਗੂ ਤੇ ਪ੍ਰਧਾਨ ਜਿਲ੍ਹਾ ਭੱਠਾ ਐਸੋਸੀਏਸਨ ਤੇ ਸੀਨੀਅਰ ਮੀਤ ਪ੍ਰਧਾਨ ਨਗਰ ਕੌਂਸਲ ਧਨੌਲਾ ਰਜਨੀਸ ਕੁਮਾਰ ਬਾਂਸਲ , ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਤੇ ਪ੍ਰਧਾਨ ਗਊਸਾਲਾ ਕਮੇਟੀ ਧਨੌਲਾ ਜੀਵਨ ਕੁਮਾਰ ਬਾਂਸਲ, ਪ੍ਰਧਾਨ ਵਪਾਰ ਮੰਡਲ ਰਮਨ ਵਰਮਾ , ਵਿਕੀ ਗਰਗ, ਬੱਬੂ ਗਰਗ, ਪ੍ਰਵੀਨ ਕੁਮਾਰ ਬਾਂਸਲ,ਵਿਨੋਦ ਗਰਗ, ਸੰਕਰ ਕੁਮਾਰ, ਸਹਿਰ ਦੇ ਪਤਵੰਤੇ ਸੱਜਣਾਂ ਨੇ ਹਿੱਸਾ ਲਿਆ ਅਤੇ ਅਗਰਵਾਲ ਸਮਾਜ ਨੂੰ ਆ ਰਹੀਆਂ ਸਮੱਸਿਆਵਾਂ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਅਤੇ ਇਸ ਤੋਂ ਉਪਰੰਤ ਸਰਬ ਸੰਮਤੀ ਨਾਲ ਅਰੁਨ ਕੁਮਾਰ ਬਾਂਸਲ ਰਾਜੂ ਨੂੰ ਦੂਸਰੀ ਵਾਰ ਫਿਰ ਸਰੋਪਾ ਪਾ ਕੇ ਪ੍ਰਧਾਨ ਚੁਣਿਆ ਤੇ ਨੀਟਾ ਅਗਰਵਾਲ ਨੂੰ ਵਾਈਸ ਪ੍ਰਧਾਨ ਚੁਣਿਆ ਗਿਆ ਅਤੇ ਬਾਕੀ ਸਾਰੀ ਟੀਮ ਚੁਣਨ ਦਾ ਅਧਿਕਾਰ ਅਰੁਣ ਕੁਮਾਰ ਬਾਂਸਲ ਨੂੰ ਦਿੱਤਾ ਗਿਆ , ਇਸ ਮੌਕੇ ਸੰਜੀਵ ਕੁਮਾਰ ਹੈਪੀ, ਰਕੇਸ ਕੁਮਾਰ ਮਿੱਤਲ , ਪਵਨ ਕੁਮਾਰ ਪਿੰਕਾ, ਗਗਨ ਬਾਂਸਲ , ਸੈਲੀ ,ਭੂਸਨ ਕੁਮਾਰ ਆਦਿ ਮੌਜੂਦ ਸਨ।



# ਧਨੌਲਾ ਦੀ 20 ਕਰੋੜ ਲਾਗਤ ਨਾਲ ਬਦਲੇਗੀ ਨੁਹਾਰ: ਮੀਤ ਹੇਅਰ

ਧਨੌਲਾ ਮੰਡੀ (ਸੰਜੀਵ ਗਰਗ ਕਾਲੀ )- ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵਲੋਂ ਜਿੱਥੇ ਸਾਰੇ ਬਰਨਾਲੇ ਲਈ ਕਰੋੜਾਂ ਦੇ ਫੰਡ ਵਿਕਾਸ ਕਾਰਜਾਂ ਲਈ ਜਾਰੀ ਕੀਤੇ ਗਏ ਹਨ, ਓਥੇ ਸਿਰਫ ਧਨੌਲਾ ਵਿੱਚ ਕਰੀਬ 20 ਕਰੋੜ ਰੁਪਏ ਦੇ ਕੰਮ ਕਰਵਾਏ ਜਾਣੇ ਹਨ। ਇਹ ਪ੍ਰਗਟਾਵਾ ਸੰਸਦ ਮੈਂਬਰ ਸ. ਗੁਰਮੀਤ ਸਿੰਘ ਮੀਤ ਹੇਅਰ ਨੇ ਧਨੌਲਾ ਵਿਖੇ ਵੱਖ ਵੱਖ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ¯ ਕਿਹਾ ਕਿ ਅੱਜ ਧਨੌਲੇ ਦੇ ਕਰੀਬ 68 ਵੱਖ ਵੱਖ ਕੰਮਾਂ ਦੇ ਨੀਂਹ ਪੱਥਰ ਰੱਖੇ ਗਏ ਹਨ, ਜਿੰਨਾਂ ਦੀ ਅੰਦਾਜਨ ਲਾਗਤ ਕਰੀਬ 20 ਕਰੋੜ ਰੁਪਏ ਹੈ ,ਇਨ੍ਹਾਂ ਵਿੱਚ ਕਰੀਬ 1 ਕਰੋੜ ਦੀ ਲਾਗਤ ਨਾਲ ਇਨਡੋਰ ਸਟੇਡੀਅਮ ਦੀ ਉਸਾਰੀ ਦਾ ਨੀਂਹ ਪੱਥਰ, 19 ਕਰੋੜ 47 ਲੱਖ ਦੀ ਲਾਗਤ ਨਾਲ ਗਲੀਆਂ ਵਿਚ ਇੰਟਰਲਾਕ ਟਾਈਲਾਂ, ਪਾਰਕ, ਸੀਵਰੇਜ ਆਦਿ ਦੇ ਕੰਮ ਸਾਮਲ ਹਨ। ਇਸ ਤੋਂ ਇਲਾਵਾ ਉਨ੍ਹਾਂ ਦਫਤਰ ਨਗਰ ਕੌਂਸਲ ਧਨੌਲਾ ਨੇੜੇ ਕਰੀਬ 25 ਲੱਖ ਦੀ ਲਾਗਤ ਨਾਲ ਬਣਾਈ ਜਾਣ ਵਾਲੀ ਲਾਇਬ੍ਰੇਰੀ ਦੇ ਕੰਮ ਦਾ ਵੀ ਨੀਂਹ ਪੱਥਰ ਰੱਖਿਆ। ਉਨ੍ਹਾਂ ਕਿਹਾ ਕਿ ਅੱਜ ਕਰੀਬ 68 ਕੰਮਾਂ ਨੇ ਨੀਂਹ ਪੱਥਰ ਰੱਖੇ ਗਏ ਹਨ, ਜਿਨ੍ਹਾਂ ਦੀ ਲਾਗਤ ਕਰੀਬ 20 ਕਰੋੜ ਰੁਪਏ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੰਮਾਂ ਵਿੱਚ ਲਾਇਬ੍ਰੇਰੀ, ਕਮਿਊਨਿਟੀ ਸੈਂਟਰ ਜਿੱਥੇ ਸਾਂਝੇ ਪ੍ਰੋਗਰਾਮ ਜਾਂ ਵਿਆਹ ਸਮਾਗਮ ਆਦਿ ਕਰਵਾਏ ਜਾ ਸਕਣਗੇ, ਇਨਡੋਰ ਸਟੇਡੀਅਮ, ਫਿਰਨੀ 'ਤੇ ਇੰਟਰਲਾਕ ਦਾ ਕੰਮ, ਸੀਵਰੇਜ ਆਦਿ ਕੰਮ ਸਾਮਲ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿਕਾਸ ਕਾਰਜਾਂ ਦੇ ਮੁਕੰਮਲ ਹੋਣ ਨਾਲ ਧਨੌਲਾ ਦੀ ਨੁਹਾਰ ਬਦਲ ਜਾਵੇਗੀ। ਉਹਨਾਂ ਖਾਸ ਕਰਕੇ ਇਸ ਗੱਲ ਤੇ ਵੀ ਜੋਰ ਦਿੱਤੇ ਕਿ ਸਾਰੇ ਕੰਮ ਪੂਰੀ ਤਰ੍ਹਾਂ ਇਮਾਨਦਾਰੀ ਨਾਲ ਕਰਵਾਏ ਜਾਣਗੇ ਜੇਕਰ ਕੋਈ ਠੇਕੇਦਾਰ ਜਾਂ ਨਗਰ ਕੌਂਸਲ ਅਧਿਕਾਰੀ, ਕਰਮਚਾਰੀ ਜਾਂ ਕੌਂਸਲਰ ਦੀ ਮਿਲੀ ਭੁਗਤ ਹੋਈ ਤਾਂ ਉਹਨਾਂ ਦਾ ਕੰਮ ਰੋਕ ਕੇ ਹੋਰ ਠੇਕੇਦਾਰ ਨੂੰ ਦਿੱਤਾ ਜਾਵੇਗਾ।



# ਗੁਰੂ ਅਮਰ ਦਾਸ ਜੀ ਦਾ ਜੋਤੀ ਜੋਤ ਦਿਹਾੜਾ



ਸਰਬਜੀਤ ਸਿੰਘ, ਸੈਕਰਾਮੈਂਟੋ

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ ਜਾਰੀ ਕੀਤਾ ਗਿਆ, ਸੂਰਜੀ ਬਿਕ੍ਰਮੀ ਕੈਲੰਡਰ (ਦ੍ਰਿਕਗਿਣਤ ਸਿਧਾਂਤ) ਗੁਰੂ ਅਮਰਦਾਸ ਜੀ ਦੇ 450 ਸਾਲਾਂ ਜੋਤੀ ਜੋਤਿ ਦਿਵਸ ਨੂੰ ਸਮਰਪਿਤ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਸਮੇਤ ਦੇਸ਼-ਵਿਦੇਸ਼ ਦੀਆਂ ਸੰਗਤਾਂ ਵੱਲੋਂ, ਇਸ ਸਾਲ ਇਹ ਦਿਹਾੜਾ ਵੱਡੇ ਪੱਥਰ ਤੇ ਮਨਾਇਆ ਜਾ ਰਿਹਾ ਹੈ। ਭਾਵੇਂ ਕਈ ਇਤਿਹਾਸ ਤਾਰੀਖਾਂ ਬਾਰੇ ਵਿਦਵਾਨਾਂ ਵਿਚ ਮੱਤ-ਭੇਦ ਹਨ, ਪਰ ਗੁਰੂ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਅਤੇ ਜੋਤੀ ਜੋਤਿ ਦਿਹਾੜਿਆਂ ਦੀਆਂ ਤਾਰੀਖਾਂ ਬਾਰੇ ਕੋਈ ਮੱਤ-ਭੇਦ ਨਹੀਂ ਹੈ। ਗੁਰੂ ਅਮਰਦਾਸ ਜੀ ਭਾਦੋਂ ਸੁਦੀ 15 (ਪੂੰਨਿਆ) 2 ਅੱਸੂ ਸੰਮਤ 1631 ਬਿਕ੍ਰਮੀ ਦਿਨ ਬੁਧਵਾਰ (1 ਸਤੰਬਰ 1574 ਈ: ਜੂਲੀਅਨ) ਨੂੰ ਗੋਇੰਦਵਾਲ ਸਾਹਿਬ ਵਿਖੇ ਜੋਤੀ ਜੋਤਿ ਸਮਾਏ ਸਨ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਵੈਬ ਸਾਈਟ ਉੱਪਰ ਇਹ ਤਾਰੀਖ ਦਰਜ ਹੈ।

"Sri Guru Amardas Ji at the ripe age of 95 passes away for heaven on Bhadon Sudi 14th (1st Assu) Sambat 1631, (September 1, 1574) ay Goindwal Sahib near District Amritsar, after giving responsibility of Guru ship to the Fourth Nanak, Sri Guru Ramdas ji". (sgpc.net)

| ਸੰਮਤ | ਵਦੀ-ਸੁਦੀ ਮੁਤਾਬਕ | ਪ੍ਰਵਿਸ਼ਟੇ ਮੁਤਾਬਕ |
|---|---|---|
| 547 | 12 ਅੱਸੂ | 2 ਅੱਸੂ |
| 548 | 1 ਅੱਸੂ | 2 ਅੱਸੂ |
| 549 | 22 ਭਾਦੋਂ | 2 ਅੱਸੂ |
| 550 | 9 ਅੱਸੂ | 2 ਅੱਸੂ |
| 551 | 29 ਭਾਦੋਂ | 2 ਅੱਸੂ |
| 552 | 18 ਭਾਦੋਂ | 2 ਅੱਸੂ |
| 553 | 5 ਅੱਸੂ | 2 ਅੱਸੂ |
| 554 | 25 ਭਾਦੋਂ | 2 ਅੱਸੂ |
| 555 | 13 ਅੱਸੂ | 2 ਅੱਸੂ |
| 556 | 3 ਅੱਸੂ | 2 ਅੱਸੂ |
| 557 | 23 ਭਾਦੋਂ | 2 ਅੱਸੂ |

ਇਥੇ 1 ਅੱਸੂ, ਭਾਦੋਂ ਸੁਦੀ 14, ਇਕ ਦਿਨ ਦੇ ਫ਼ਰਕ ਨਾਲ ਗਲਤ ਹੈ, ਪਰ ਅੰਗਰੇਜੀ ਤਾਰੀਖ (1 ਸਤੰਬਰ) ਸਹੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਛਾਪੀ ਗਈ 1965-66 ਦੀ ਡਾਇਰੀ ਵਿੱਚ "2 Assu 1661 Samvat, 1 Sept 1574 A.D." ਦਰਜ ਹੈ। ਪਰ 1975-76 ਈ: ਦੀ ਡਾਇਰੀ ਵਿੱਚ, "ਭਾਦੋਂ ਸੁਦੀ 15, ਅੱਸੂ ਪ੍ਰਵਿਸ਼ਟੇ 1, ਸੰਮਤ 1631 ਬਿ:, 1 ਸਤੰਬਰ ਸੰਨ 1574 ਈ:, ਬੁਧਵਾਰ" ਦਰਜ ਹੈ। ਇਥੇ ਵੀ ਪ੍ਰਵਿਸ਼ਟਾ (1 ਅੱਸੂ) ਗਲਤ ਹੈ ਪਰ ਤਿੱਥ, ਤਾਰੀਖ ਅਤੇ ਦਿਨ ਠੀਕ ਹੈ। ਵਦੀ-ਸੁਦੀ ਨੂੰ ਪ੍ਰਵਿਸ਼ਟੇ ਵਿਚ ਬਦਲਣ ਵੇਲੇ ਜਾਂ ਅੰਗਰੇਜੀ ਤਾਰੀਖ 'ਚ ਬਦਲੀ ਕਰਨ ਵੇਲੇ ਕਿਤੇ ਨਾ ਕਿਤੇ ਗਲਤੀ ਹੋਣ ਦੇ ਸੰਭਾਵਨਾ ਰਹਿੰਦੀ ਹੀ ਹੈ। ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਦਿਹਾੜੇ ਦੀ ਤਾਰੀਖ, ਭਾਦੋਂ ਸੁਦੀ 15 (ਪੂੰਨਿਆ) 2 ਅੱਸੂ ਸੰਮਤ 1631 ਬਿਕ੍ਰਮੀ ਦਿਨ ਬੁਧਵਾਰ (1 ਸਤੰਬਰ 1574 ਈ: ਜੂਲੀਅਨ) ਪ੍ਰਮਾਣਿਤ ਤਾਰੀਖ ਹੈ। ਨਾਨਕਸ਼ਾਹੀ ਕੈਲੰਡਰ ਵਿੱਚ ਵੀ 2 ਅੱਸੂ ਹੀ ਦਰਜ ਹੈ। ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਵਿੱਚ ਤਾਰੀਖਾਂ ਦੋਵੇਂ ਤਰ੍ਹਾਂ ਹੀ, ਵਦੀ-ਸੁਦੀ ਅਤੇ ਪ੍ਰਵਿਸ਼ਟਿਆਂ 'ਚ ਲਿਖੀਆਂ ਜਾਂਦੀਆਂ ਸਨ। ਭਾਦੋਂ ਸੁਦੀ 15, ਚੰਦ ਦੇ ਕੈਲੰਡਰ ਦੀ ਤਿੱਥ ਹੈ। ਚੰਦ ਧਰਤੀ ਦੇ ਦੁਵਾਲੇ ਘੁੰਮਦਾ ਹੈ। ਇਹ ਚੱਕਰ 29.53 ਦਿਨਾਂ ਵਿੱਚ ਪੂਰਾ ਹੁੰਦਾ ਹੈ। ਚੰਦ ਦੇ ਸਾਲ ਵਿੱਚ 354.37 ਦਿਨ ਮੰਨੇ ਗਏ ਹਨ। ਜਦੋਂ ਕਿ ਧਰਤੀ ਸੂਰਜ ਦੁਵਾਲੇ 365.2422 ਦਿਨਾਂ 'ਚ ਇਕ ਚੱਕਰ ਪੂਰਾ ਕਰਦੀ ਹੈ। ਚੰਦ ਦਾ ਇਕ ਸਾਲ, ਸੂਰਜੀ ਸਾਲ ਤੋਂ ਲੱਗ-ਭੱਗ 11 ਦਿਨ ਛੋਟਾ ਹੁੰਦਾ ਹੈ। ਇਹ ਹੈ ਸਾਡੀ ਸਮੱਸਿਆ ਦੀ ਅਸਲ ਜੜ੍ਹ।

ਹੁਣ ਜੇ ਹਿਜਰੀ ਕੈਲੰਡਰ ਵਾਂਗੂ ਹੀ ਸਾਰੇ ਦਿਹਾੜੇ ਮਨਾਏ ਜਾਣ ਤਾਂ ਹਰ ਸਾਲ ਉਹ ਦਿਹਾੜਾ ਪਹਿਲੇ ਸਾਲ ਨਾਲੋਂ 11 ਦਿਨ ਪਹਿਲਾ ਆ ਜਾਵੇਗਾ।ਪਰ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਵਿਚ ਅਜੇਹਾ ਨਹੀਂ ਹੁੰਦਾ। ਚੰਦ ਦਾ ਸਾਲ ਸੂਰਜੀ ਬਿਕ੍ਰਮੀ ਸਾਲ ਹਰ ਸਾਲ 11 ਪਿੱਛੇ ਰਹਿ ਜਾਂਦਾ ਹੈ ਤਾਂ ਇਸ ਨੂੰ ਸੂਰਜੀ ਸਾਲ ਦੇ ਨੇੜੇ-ਤੇੜੇ ਰੱਖਣ ਲਈ, ਇਸ ਵਿੱਚ ਇਕ ਮਹੀਨਾ ਹੋਰ ਜੋੜ ਦਿੱਤਾ ਜਾਂਦਾ ਹੈ। ਉਸ ਸਾਲ ਚੰਦ ਦੇ ਸਾਲ ਵਿੱਚ 13 ਮਹੀਨੇ ਅਤੇ 384 ਦਿਨ ਹੋ ਜਾਂਦੇ ਹਨ। 19 ਸਾਲਾਂ ਵਿੱਚ ਅਜਿਹਾ 7 ਵਾਰ ਕੀਤਾ ਜਾਂਦਾ ਹੈ। 2023 ਈ: ਵਿੱਚ ਸਾਵਣ ਦਾ ਮਹੀਨਾ ਦੋ ਵਾਰ ਆਇਆ ਸੀ। 2026 ਈ: ਵਿੱਚ ਜੇਠ ਅਤੇ 2029 ਈ: ਵਿੱਚ ਚੇਤ ਦਾ ਮਹੀਨਾ ਦੋ ਵਾਰ ਆਵੇਗਾ।

ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਦਿਹਾੜੇ ਦੀ ਪ੍ਰਮਾਣਿਤ ਤਾਰੀਖ , ਭਾਦੋਂ ਸੁਦੀ 15 (ਪੂੰਨਿਆ) 2 ਅੱਸੂ ਸੰਮਤ 1631 ਬਿਕ੍ਰਮੀ ਹੈ। ਹੁਣ ਜੇ ਅਸੀਂ ਇਹ ਦਿਹਾੜਾ ਭਾਦੋਂ ਸੁਦੀ 15 ਨੂੰ ਮਨਾਉਂਦੇ ਹਾਂ ਤਾਂ ਇਹ ਸਧਾਰਨ ਸਾਲ ਵਿੱਚ ਤਾਂ ਪਿਛਲੇ ਸਾਲ ਤੋਂ 11 ਦਿਨ ਪਹਿਲਾ ਆਵੇਗਾ, ਪਰ ਜਿਸ ਸਾਲ ਚੰਦ ਦੇ ਸਾਲ ਦੇ 13 ਮਹੀਨੇ ਹੋਣਗੇ, ਉਸ ਸਾਲ ਇਹ ਦਿਹਾੜਾ ਪਿਛਲੇ ਸਾਲ ਤੋਂ 18-19 ਦਿਨ ਪਿਛੋਂ ਆਉਂਦਾ ਹੈ। ਜੇ ਅਸੀਂ ਇਹ ਦਿਹਾੜਾ ਸੂਰਜੀ ਪ੍ਰਵਿਸ਼ਟੇ ਅਨੁਸਾਰ, ਭਾਵ 2 ਅੱਸੂ ਨੂੰ ਮਨਾਉਂਦੇ ਹਾਂ ਤਾਂ ਹਰ ਸਾਲ ਇਹ ਦਿਹਾੜਾ 2 ਅੱਸੂ ਨੂੰ ਹੀ ਆਵੇਗਾ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜੇ ਅਸੀਂ ਇਹ ਦਿਹਾੜਾ ਅਸਲ ਪ੍ਰਵਿਸ਼ਟੇ ਨੂੰ ਮਨਾਉਂਦੇ ਹਾਂ ਤਾਂ ਗੁਰਮਤਿ ਦੇ ਕਿਹੜੇ ਅਸੂਲ ਦੀ ਅਵੱਗਿਆ ਹੁੰਦੀ ਹੈ। ਕੀ ਸ਼੍ਰੋਮਣੀ ਕਮੇਟੀ ਗੁਰੂ ਸਾਹਿਬ ਜੀ ਨਾਲ ਸਬੰਧਿਤ ਦਿਹਾੜੇ, ਅਸਲ ਪ੍ਰਵਿਸ਼ਟਿਆਂ ਮੁਤਾਬਕ ਮਨਾਉਣ ਦਾ ਹੌਸਲਾ ਕਰੇਗੀ, ਜੇ ਨਹੀਂ ਤਾਂ ਕਿਉਂ?

# ਵਿਕਸਤ ਮੁਲਕਾਂ ਨੂੰ ਟੱਕਰ ਦਿੰਦਾ ਹੈ ਜਾਪਾਨ ਪਰ ਵੀਆਈਪੀ ਪੈਦਾ ਨਹੀਂ ਕਰਦਾ

ਪਰਮਿੰਦਰ ਸੋਢੀ

ਮੈਂ ਰੇਲਗੱਡੀ ਵਿਚ ਘਰ ਤੋਂ ਕੰਮ 'ਤੇ ਜਾ ਰਿਹਾ ਸੀ। ਸਾਹਮਣੇ ਵਾਲ਼ੀ ਸੀਟ 'ਤੇ ਇਕ ਮਾਂ ਆਪਣੇ ਦੋ ਬੱਚਿਆਂ ਨਾਲ਼ ਬੈਠੀ ਸੀ। ਬੱਚਿਆਂ ਦੀ ਉਮਰ ਪੰਜ-ਸੱਤ ਸਾਲ ਹੋਵੇਗੀ। ਉਹ ਆਪਸ ਵਿਚ ਲੜ ਪਏ। ਇਕ ਬੱਚੇ ਨੇ ਦੂਜੇ ਦੇ ਹੱਥ ਵਿੱਚੋਂ ਕੋਈ ਚੀਜ਼ ਖੋਹ ਕੇ ਪਰ੍ਹਾਂ ਵਗਾਹ ਮਾਰੀ। ਮਾਂ ਨੇ ਗ਼ਲਤੀ ਕਰਨ ਵਾਲ਼ੇ ਬੱਚੇ ਨੂੰ ਕਿਹਾ ਕਿ ਉਹ ਮਾਫ਼ੀ ਮੰਗੇ। ਬੱਚਾ ਮੰਨੇ ਨਾ। ਮਾਂ ਨੇ ਦੋ-ਤਿੰਨ ਵਾਰ ਜ਼ੋਰ ਪਾ ਕੇ ਕਿਹਾ ਕਿ ਮਾਫ਼ੀ ਮੰਗ। ਬੱਚਾ ਮੰਨ ਗਿਆ ਅਤੇ ਦੂਜੇ ਬੱਚੇ ਨੂੰ ਕਹਿਣ ਲੱਗਾ, "ਸੁਮੀਮਾਸੇਨ।" ਮੈਂ ਮੁਸਕਰਾ ਪਿਆ ਕਿ ਚਲੋ ਮਸਲਾ ਨਿੱਬੜ ਗਿਆ। ਸੁਮੀਮਾਸੇਨ ਦਾ ਸਿੱਧਾ ਮਤਲਬ ਹੁੰਦਾ ਹੈ ਸੌਰੀ! ਭਾਵ ਕਿ ਹੋਈ ਗ਼ਲਤੀ ਦੀ ਮਾਫ਼ੀ ਮੰਗਦਾ ਹਾਂ। ਪਰ ਮਾਂ ਦੀ ਤਸੱਲੀ ਨਾ ਹੋਈ। ਮਾਂ ਕਹਿਣ ਲੱਗੀ, "ਤੂੰ ਸੁਮੀਮਾਸੇਨ ਦਿਲੋਂ ਨਹੀਂ ਕਿਹਾ। ਦਿਲੋਂ ਸੁਮੀਮਾਸੇਨ ਕਹਿ।"

ਮੈਂ ਚੌਂਕ ਗਿਆ। ਪਰ ਮਾਂ ਨੇ ਬੱਚੇ ਨੂੰ ਵਾਰ-ਵਾਰ ਬੋਲ ਕੇ ਉਸ ਦੀ ਗ਼ਲਤੀ ਮਹਿਸੂਸ ਕਰਵਾਈ ਅਤੇ ਦੁਬਾਰਾ ਦਿਲੋਂ ਮਾਫ਼ੀ ਮੰਗਣ ਲਈ ਕਿਹਾ। ਆਖ਼ਰ ਬੱਚੇ ਨੇ ਕੁਝ ਮਹਿਸੂਸ ਕੀਤਾ ਅਤੇ ਦੁਬਾਰਾ "ਸੁਮੀਮਾਸੇਨ" ਕਿਹਾ। ਮਾਂ ਨੂੰ ਤਸੱਲੀ ਹੋਈ। ਸਭ ਆਮ ਵਾਂਗ ਹੋ ਗਿਆ। ਮੇਰੀ ਗੱਲ ਤਾਂ ਪੂਰੀ ਹੋ ਗਈ ਹੈ। ਤੁਹਾਨੂੰ ਸਮਝ ਆ ਗਈ ਹੈ ਤਾਂ ਅੱਗੇ ਲਿਖੇ ਨੂੰ ਨਾ ਵੀ ਪੜ੍ਹੋਗੇ ਤਾਂ ਵੀ ਕੋਈ ਫ਼ਰਕ ਨਹੀਂ ਪੈਣ ਲੱਗਾ। ਜਾਪਾਨ ਦੀ ਆਮ ਬੋਲਚਾਲ ਵਿਚ ਦੋ ਸ਼ਬਦ ਏਨੇ ਜ਼ਿਆਦਾ ਵਰਤੇ ਜਾਂਦੇ ਹਨ ਕਿ ਕਿਸੇ ਵੀ ਵਿਦੇਸ਼ੀ ਨੂੰ ਪਹਿਲੇ-ਦੂਜੇ ਦਿਨ ਹੀ ਯਾਦ ਹੋ ਜਾਂਦੇ ਹਨ।



ਪਹਿਲਾ ਸ਼ਬਦ 'ਸੁਮੀਮਾਸੇਨ' ਭਾਵ ਖਿਮਾ ਹੈ। ਦੂਜਾ ਸ਼ਬਦ 'ਆਰੀਗਾਤੋ' ਭਾਵ ਧੰਨਵਾਦ ਹੈ। ਯੂਰਪੀ ਲੋਕ ਵੀ ਸਮਝ ਨਹੀਂ ਪਾਉਂਦੇ ਕਿ ਜਿਸ ਮੌਕੇ ਉਹ ਧੰਨਵਾਦ ਕਹਿੰਦੇ ਹਨ, ਜਾਪਾਨੀ ਉਸ ਮੌਕੇ ਵੀ ਸੌਰੀ ਹੀ ਕਿਉਂ ਕਹਿੰਦੇ ਹਨ। ਮਿਸਾਲ ਵਜੋਂ ਕਿਸੇ ਨੇ ਤੁਹਾਡੇ ਲਈ ਦਰਵਾਜ਼ਾ ਖੋਲ੍ਹ ਦਿੱਤਾ, ਕਿਸੇ ਨੇ ਤੁਹਾਨੂੰ ਸੀਟ ਦੇ ਦਿੱਤੀ ਜਾਂ ਕਿਸੇ ਨੇ ਤੁਹਾਡਾ ਫਸਿਆ ਕੰਮ ਹੱਲ ਕਰ ਦਿੱਤਾ। ਇਹੋ ਜਿਹੇ ਮੌਕਿਆਂ ਦਾ ਬਹੁਤੇ ਭਾਰਤੀ ਤਾਂ ਨੋਟਿਸ ਹੀ ਨਹੀਂ ਲੈਂਦੇ। ਯੂਰਪੀ ਧੰਨਵਾਦ ਕਹਿ ਕੇ ਸਾਰ ਲੈਂਦੇ ਹਨ। ਪਰ ਜਾਪਾਨੀ ਉਸੇ ਵੇਲੇ ਸਿਰ ਝੁਕਾ ਕੇ ਆਵਾਜ਼ ਵਿਚ ਆਜਿਜ਼ੀ ਜਾਂ ਲਾਚਾਰੀ ਜਿਹੀ ਭਰ ਕੇ ਕਹਿਣਗੇ, 'ਸੁਮੀਮਾਸੇਨ।'

ਇਸ ਦੀ ਸਿੱਧਾ-ਸਿੱਧਾ ਮਤਲਬ ਇਹ ਹੁੰਦਾ ਹੈ ਕਿ ਮੇਰੇ ਕਰਕੇ ਤੈਨੂੰ ਇਹ ਜੋ ਤਕਲੀਫ਼ ਉਠਾਉਣੀ ਪਈ, ਉਸ ਲਈ ਮੈਂ ਮਾਫ਼ੀ ਮੰਗਦਾ ਹਾਂ।" ਬਿਨਾਂ ਸ਼ੱਕ ਇਨ੍ਹਾਂ ਸ਼ਬਦਾਂ ਵਿਚ ਧੰਨਵਾਦ ਸ਼ਾਮਲ ਹੁੰਦਾ ਹੈ। ਜਾਪਾਨੀ ਵਿਚ ਸੌਰੀ ਕਹਿਣ ਜਾਂ ਮਾਫ਼ੀ ਮੰਗਣ ਜਾਂ ਮਾਜ਼ਰਤ ਚਾਹੁੰਦਾਂ ਜਾਂ ਖੇਦ ਪ੍ਰਗਟ ਕਰਦਾਂ ਜਾਂ ਦੁੱਖ ਦੇਣ ਲਈ ਅਫ਼ਸੋਸ ਹੈ ਆਦਿ ਲਈ ਚਾਰ ਸ਼ਬਦ ਵਰਤੇ ਜਾਂਦੇ ਹਨ। ਪਹਿਲਾ ਸੁਮੀਮਾਸੇਨ ਹੈ। ਜੋ ਅਣਜਾਣ ਲੋਕਾਂ ਮੂਹਰੇ ਵਰਤਿਆ ਜਾਂਦਾ ਹੈ। ਦੂਜਾ ਗੋਮੇਨਾ ਸਾਈ ਹੈ। ਇਹ ਪਰਿਵਾਰ ਜਾਂ ਦੋਸਤਾਂ ਵਿਚਕਾਰ ਵਰਤਿਆ ਜਾਂਦਾ ਹੈ। ਤੀਜਾ, ਸ਼ਿਤਤਸੂਰੇਈ ਇਤਾਸ਼ੀਮਾਸ਼ਿਤਾ ਹੁੰਦਾ ਹੈ ਜੋ ਕਿ ਬਹੁਤ ਫਾਰਮਲ ਕਿਸਮ ਦੇ ਹਾਲਾਤ ਵਿਚ ਮੰਗੀ ਮਾਫ਼ੀ ਹੁੰਦੀ ਹੈ। ਇਹ ਆਪਣੇ ਰੁੱਖੇ ਵਿਵਹਾਰ ਲਈ ਮਾਫ਼ੀ ਮੰਗਣਾ ਵੀ ਹੋ ਸਕਦਾ ਹੈ। ਚੌਥਾ ਸ਼ਬਦ ਮੋਸ਼ੀਵਾਕੇ ਗੋਜ਼ਾਈਮਾਸੇਨ ਹੁੰਦਾ ਹੈ। ਇਹ ਸਭ ਤੋਂ ਵੱਧ ਰਸਮੀ ਸ਼ਬਦ ਹੈ ਜੋ ਕਿਸੇ ਵੱਡੀ ਗ਼ਲਤੀ ਹੋਣ ਉੱਪਰ ਵਰਤਿਆ ਜਾਂਦਾ ਹੈ। ਮੈਨੂੰ ਲੱਗਦਾ ਹੈ ਕਿ ਸੁਮੀਮਾਸੇਨ ਜਾਂ ਗੋਮੇਨਾਸਈ ਬੜੇ ਜਾਦੂਈ ਸ਼ਬਦ ਹਨ। ਇਹ ਸਮਾਜ ਜਾਂ ਸਮਾਜਿਕ ਜੀਵਾਂ ਦੇ ਦਿਮਾਗੀ ਤਾਪਮਾਨ ਨੂੰ ਬੜੇ ਕੰਟਰੋਲ ਵਿਚ ਰੱਖਦੇ ਹਨ। ਨਾਲ਼ ਹੀ ਇਕ-ਦੂਜੇ ਦੀ ਪਰਵਾਹ ਕਰ ਰਹੇ ਲੋਕਾਂ ਦਾ ਸੋਹਜਮਈ ਮਾਹੌਲ ਪੈਦਾ ਕਰਦੇ ਹਨ। ਹਰ ਦਿਨ ਅਸੀਂ ਜਾਣੇ ਜਾਂ ਅਣਜਾਣੇ ਹਜ਼ਾਰਾਂ ਬੰਦਿਆਂ ਨੂੰ ਤਕਲੀਫ਼ ਦਿੰਦੇ ਹਾਂ। ਸਮਾਜ ਦਾ ਮਤਲਬ ਹੀ ਇਕ-ਦੂਜੇ 'ਤੇ ਨਿਰਭਰ ਕਰਨਾ ਹੈ, ਇਕ-ਦੂਜੇ ਨੂੰ ਤਕਲੀਫ਼ ਦੇਣਾ ਹੈ। ਇਨ੍ਹਾਂ ਹਜ਼ਾਰਾਂ ਨਿੱਕੇ-ਨਿੱਕੇ ਮੌਕਿਆਂ ਉੱਪਰ ਇਕ-ਦੂਜੇ ਨੂੰ 'ਧੰਨਵਾਦ' ਕਹਿਣਾ ਜਾਂ 'ਹੋਈ ਤਕਲੀਫ਼ ਜਾਂ ਬੇਆਰਾਮੀ ਲਈ ਮਾਫ਼ੀ' ਮੰਗਣਾ ਸਾਡੇ ਮਾਹੌਲ ਨੂੰ ਸਹਿਜ ਸ਼ਾਂਤ ਬਣਉਣ ਲਈ ਮਦਦਗਾਰ ਹੁੰਦਾ ਹੈ। ਭਾਰਤੀ ਵਿਅਕਤੀ ਜਾਣੇ-ਅਣਜਾਣੇ ਆਪਣੇ-ਆਪ ਨੂੰ ਸਮਾਜ ਦਾ ਕੇਂਦਰ ਮੰਨਦਾ ਹੈ। ਇਸ ਲਈ ਉਸ ਨੂੰ ਲੱਗਦਾ ਰਹਿੰਦਾ ਹੈ ਕਿ ਉਹ ਜੋ ਕੁਝ ਵੀ ਹਾਸਲ ਕਰ ਰਿਹਾ ਹੈ, ਆਪਣੇ ਬਲਬੂਤੇ ਹਾਸਲ ਕਰ ਰਿਹਾ ਹੈ। ਆਪਣੀ ਲਿਆਕਤ ਅਤੇ ਮਿਹਨਤ ਨਾਲ਼ ਹਾਸਲ ਕਰ ਰਿਹਾ ਹੈ। ਆਸਪਾਸ ਦੇ ਲੋਕਾਂ ਦਾ ਫ਼ਰਜ਼ ਬਣਦਾ ਹੈ ਕਿ ਮੇਰੀਆਂ ਪ੍ਰਾਪਤੀਆਂ ਨੂੰ ਸਵੀਕਾਰ ਕਰਨ ਅਤੇ ਮੈਨੂੰ ਨਾਇਕ ਵਰਗਾ ਰੁਤਬਾ ਜਾਂ ਮਾਣ-ਸਨਮਾਨ ਦੇਣ। ਸਾਡੇ ਇਕ ਮੁਹਾਵਰਾ ਆਮ ਵਰਤ ਲਿਆ ਜਾਂਦਾ ਹੈ ਕਿ ਇਨਸਾਨ ਗ਼ਲਤੀਆਂ ਦਾ ਪੁਤਲਾ ਹੈ। ਪਰ ਇਕ ਭਾਰਤੀ ਜਾਂ ਪੰਜਾਬੀ ਵਜੋਂ ਮੈਨੂੰ ਨਹੀਂ ਯਾਦ ਕਿ ਮੈਨੂੰ ਮੇਰੇ ਮਾਪਿਆਂ ਨੇ ਜਾਂ ਕਿਸੇ ਅਧਿਆਪਕ ਨੇ ਕਦੇ ਗ਼ਲਤੀ ਕਰਨ 'ਤੇ ਮਾਫ਼ੀ ਮੰਗ ਲੈਣ ਜਾਂ ਪਛਤਾਵਾ ਕਰ ਲੈਣ ਦਾ ਕੋਈ ਢੰਗ ਸਿਖਾਇਆ ਹੋਵੇ। ਕੀ ਅਸੀਂ ਗ਼ਲਤੀ ਕਰ ਕੇ ਪਛਤਾਵਾ ਨਾ ਕਰਨ ਵਾਲ਼ੀ ਕੌਮ ਹਾਂ? ਮੈਂ ਭਾਰਤੀ ਸਮਾਜਿਕ ਜੀਵਨ ਵਿਚ ਗ਼ਲਤੀ ਕਰ ਕੇ ਮੰਨਣ ਦੀ ਥਾਂ ਬਹਿਸਾਂ ਕਰਦੇ ਜਾਂ ਧਮਕੀਆਂ ਦਿੰਦੇ ਜਾਂ ਮੁੱਕੋ-ਮੁੱਕੀ ਹੁੰਦੇ ਲੋਕਾਂ ਨੂੰ ਬਹੁਤ ਵਾਰ ਦੇਖਿਆ ਹੈ। ਗੱਲ ਕੋਰਟ-ਕਚਹਿਰੀਆਂ ਤੱਕ ਪਹੁੰਚਦੀ ਵੀ ਦੇਖੀ ਹੈ। ਪਰ ਹੋ ਗਈ ਭੁੱਲ ਲਈ ਨਿਮਰਤਾ ਨਾਲ਼ ਪਛਤਾਵਾ ਕਰ ਕੇ ਮਸਲੇ ਨੂੰ ਖ਼ਤਮ ਕਰਦੇ ਘੱਟ ਹੀ ਦੇਖਿਆ ਹੈ। ਸਾਡੇ ਰਿਸ਼ਤਿਆਂ ਤੇ ਅਦਾਰਿਆਂ 'ਚ ਵੀ ਜਿਹੜੀ ਉਮਰ ਭਰ ਦੀ ਖੁੰਦਕਬਾਜ਼ੀ ਚੱਲਦੀ ਹੈ, ਉਹ ਅਸਲ ਵਿਚ ਕਿਸੇ ਛੋਟੀ-ਮੋਟੀ ਗ਼ਲਤੀ ਬਦਲੇ ਖਿਮਾ ਦੇ ਦੋ ਸ਼ਬਦ ਨਾ ਬੋਲ ਸਕਣ ਕਾਰਨ ਹੀ ਚੱਲਦੀ ਹੈ। ਪਰ ਜਾਪਾਨੀ ਮਨੁੱਖ ਜਾਣੇ-ਅਣਜਾਣੇ ਸਮਾਜ ਨੂੰ ਕੇਂਦਰ ਵਿਚ ਰੱਖਦਾ ਹੈ ਅਤੇ ਆਪਣੇ-ਆਪ ਨੂੰ ਇਸ ਸਮਾਜ ਦਾ ਇਕ ਨਿਗੂਣਾ ਅੰਗ ਮੰਨਦਾ ਹੈ। ਇਸ ਲਈ ਉਹ ਆਪਣੀ ਕਿਸੇ ਵੀ ਪ੍ਰਾਪਤੀ ਨੂੰ ਆਪਣੀ, ਸਮੁੱਚੇ ਸਮਾਜ ਦੀ ਪ੍ਰਾਪਤੀ ਮੰਨਦਾ ਹੈ। ਜਾਪਾਨ ਵਿਚ ਕਿਸੇ ਸੋਨ ਤਗਮਾ ਜੇਤੂ ਓਲੰਪੀਅਨ, ਨੋਬਲ ਪੁਰਸਕਾਰ ਜੇਤੂ ਜਾਂ ਦੇਸ਼ ਪੱਧਰ ਦੇ ਕਲਾਕਾਰ ਨੂੰ ਸਮਾਜ ਮੂਹਰੇ "ਸੁਮੀਮਾਸੇਨ ਜਾਂ ਮੋਸ਼ੀਵਾਕੇ ਗੋਜ਼ਾਈਮਾਸੇਨ" ਕਹਿੰਦੇ ਹੀ ਸੁਣੋਗੇ। ਇਸ ਦਾ ਮਤਲਬ ਸਿਰਫ਼ ਇੰਨਾ ਹੀ ਹੁੰਦਾ ਹੈ ਕਿ "ਮੇਰੀ ਇਸ ਪ੍ਰਾਪਤੀ ਪਿੱਛੇ ਪਤਾ ਨਹੀਂ ਕਿੰਨੇ ਲੋਕਾਂ ਨੇ ਤਕਲੀਫ਼ ਉਠਾਈ ਹੈ। ਮੈਂ ਸਭ ਮੂਹਰੇ ਨਿਮਰਤਾ ਭਰਿਆ, ਮਾਫ਼ੀ ਭਰਿਆ ਧੰਨਵਾਦੀ ਹੁੰਦਾ ਹਾਂ ਅਤੇ ਸਿਰ ਝੁਕਾਉਂਦਾ ਹਾਂ।"

ਸੋਚਣ ਵਾਲ਼ੀ ਗੱਲ ਹੈ ਕਿ ਸਾਡੇ ਖਿਡਾਰੀ, ਅਫ਼ਸਰ, ਮੰਤਰੀ ਅਤੇ ਪ੍ਰਸਿੱਧ ਕਲਾਕਾਰ ਆਮ ਮਨੁੱਖ ਹੋਣ ਤੋਂ ਇੰਨਾ ਘਬਰਾਉਂਦੇ ਕਿਉਂ ਹਨ? ਮੈਂ ਇਕ ਲੰਬੇ ਅਰਸੇ ਤੋਂ ਜਾਪਾਨ ਵਿਚ ਹਾਂ। ਇਸ ਦੌਰਾਨ ਮੈਨੂੰ ਕਦੇ ਕੋਈ ਵੀਆਈਪੀ ਦੇਖਣ ਨੂੰ ਨਹੀਂ ਮਿਲਿਆ। ਮੈਂ ਸੋਚਦਾ ਰਹਿੰਦਾ ਹਾਂ ਕਿ ਹਜ਼ਾਰਾਂ ਮੰਤਰੀ ਜਾਂ ਸਾਬਕਾ ਮੰਤਰੀ, ਓਲੰਪਿਕਸ ਦੇ ਹਜ਼ਾਰਾਂ ਸੋਨ ਤਗਮਾ ਜੇਤੂ ਖਿਡਾਰੀ, ਸੈਂਕੜੇ ਨੋਬਲ ਇਨਾਮ ਜੇਤੂ, ਮਹਾਨ ਇਤਿਹਾਸਕ ਮੰਦਰਾਂ ਦੇ ਪੁਜਾਰੀ ਅਤੇ ਹਜ਼ਾਰਾਂ ਵੱਡੀਆਂ ਕੰਪਨੀਆਂ ਦੇ ਅਧਿਕਾਰੀ ਪਤਾ ਨਹੀਂ ਕਿੱਥੇ ਰਹਿੰਦੇ ਹਨ? ਏਸ਼ੀਆ ਦਾ ਇਹ ਏਨਾ ਛੋਟਾ ਜਿਹਾ ਦੇਸ਼ ਯੂਰਪ ਦੇ ਸਾਰੇ ਵਿਕਸਤ ਮੁਲਕਾਂ ਦਾ ਮੁਕਾਬਲਾ ਕਰਦਾ ਹੈ। ਪਰ ਵੀਆਈਪੀ ਇਕ ਵੀ ਪੈਦਾ ਨਹੀਂ ਕਰਦਾ। ਸਾਰੇ ਹੀ ਆਮ ਹਨ ਅਤੇ ਆਮ ਹੀ ਬੱਸਾਂ-ਗੱਡੀਆਂ ਵਿਚ ਤੁਰੇ ਫਿਰਦੇ ਹਨ। ਸੱਚੀਂ, ਕਈ ਵਾਰ ਮੈਨੂੰ ਲੱਗਣ ਲੱਗਦਾ ਹੈ ਕਿ ਇੱਥੇ ਜ਼ਰੂਰ ਮਾਮਲਾ ਗੜਬੜ ਹੈ।

# ਕਿਸਾਨੀ ਮੁੱਦੇ: ਸਰਕਾਰ ਵੱਲੋਂ ਕਿਸਾਨਾਂ ਨਾਲ ਗੱਲਬਾਤ ਦੀ ਸ਼ੁਰੂਆਤ

ਨਵੀਂ ਦਿੱਲੀ- ਕੇਂਦਰ ਸਰਕਾਰ ਨੇ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਸਬੰਧੀ ਚਿੰਤਾਵਾਂ ਸਣੇ ਹੋਰ ਮੁੱਦਿਆਂ 'ਤੇ ਚਰਚਾ ਤੇ ਉਨ੍ਹਾਂ ਦੇ ਹੱਲ ਲਈ ਅੱਜ ਕਿਸਾਨਾਂ ਨਾਲ ਗੱਲਬਾਤ ਦੀ ਸ਼ੁਰੂਆਤ ਕੀਤੀ ਹੈ। ਗੱਲਬਾਤ ਦੇ ਪਹਿਲੇ ਗੇੜ ਦੌਰਾਨ ਕੇਂਦਰੀ ਖੇਤੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਸਾਨਾਂ ਦੇ ਡੈਲੀਗੇਟਾਂ ਅਤੇ ਆਗੂਆਂ ਨੂੰ ਕਿਸਾਨਾਂ ਦੇ ਮੁੱਦਿਆਂ ਦੇ ਹੱਲ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ, "ਐੱਮਐੱਸਪੀ ਪ੍ਰਣਾਲੀ ਨੂੰ ਮਜ਼ਬੂਤ ਕਰਨ ਸਬੰਧੀ ਸੁਝਾਅ ਮਿਲੇ ਹਨ। ਅਸੀਂ ਉਨ੍ਹਾਂ ਦੀ ਨਜ਼ਰਸਾਨੀ ਕਰਾਂਗੇ।" ਇਹ ਮੀਟਿੰਗ ਦਿੱਲੀ ਵਿੱਚ ਆਈਸੀਏਆਰ ਦੇ ਪੀਐੱਸਯੂਏ ਕੰਪਲੈਕਸ ਵਿੱਚ ਹੋਈ ਜਿਸ ਵਿੱਚ ਉੱਤਰ ਪ੍ਰਦੇਸ਼, ਉੱਤਰ-ਖੰਡ, ਪੰਜਾਬ, ਹਰਿਆਣਾ ਅਤੇ ਮਹਾਰਾਸ਼ਟਰ ਤੋਂ ਭਾਰਤੀ ਕਿਸਾਨ ਯੂਨੀਅਨ (ਬੀਕੇਯੂ) ਦੇ ਕਿਸਾਨ ਆਗੂਆਂ ਨੇ ਹਿੱਸਾ ਲਿਆ। ਬੀਕੇਯੂ (ਗ਼ੈਰਸਿਆਸੀ) ਦੇ ਤਰਜਮਾਨ ਧਰਮਵੀਰ ਮਲਿਕ ਨੇ ਕਿਹਾ ਕਿ ਯੂਨੀਅਨਾਂ ਨੂੰ ਐੱਮਐੱਸਪੀ ਮੁੱਦੇ ਦਾ ਜਲਦੀ ਹੱਲ ਨਿਕਲਣ ਦੀ ਉਮੀਦ ਹੈ।

***

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!
IRS e-file
E.A.
Open 7 Days
Weekends/Evenings
(Year Round Service)
Resonalbe Rates
Call for Appointment
CTEC California Tax Education Council Registered Tax Preparer
CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39159 Paseo Padre Pkwy # 103, Fremont, CA 94538
Email:singhrpal@sbeglobal.net Singhtax.com


# ਮੌਲਾ ਜੱਟ ਕੌਣ ਸੀ, ਜਿਸ ਉੱਤੇ ਬਣੀ ਪੰਜਾਬੀ ਫ਼ਿਲਮ ਨੂੰ ਹੁਣ ਭਾਰਤ ਵਿੱਚ ਰਿਲੀਜ਼ ਹੋਈ ਹੈ

ਪਾਕਿਸਤਾਨੀ ਫਿਲਮ 'ਦਿ ਲਿਜੈਂਡ ਆਫ਼ ਮੌਲਾ ਜੱਟ' ਭਾਰਤ ਵਿੱਚ ਰਿਲੀਜ਼ ਹੋਣ ਜਾ ਰਹੀ ਹੈ। ਇਹ ਫਿਲਮ ਭਾਰਤ ਵਿੱਚ 2 ਅਕਤੂਬਰ ਨੂੰ ਰਿਲੀਜ਼ ਹੋਵੇਗੀ। ਹਾਲਾਂਕਿ ਭਾਰਤੀ ਸੈਂਸਰ ਬੋਰਡ ਵੱਲੋਂ ਇਸ ਦੀ ਹਾਲੇ ਤੱਕ ਜਨਤਕ ਤੌਰ ਉੱਤੇ ਤਸਦੀਕ ਨਹੀਂ ਕੀਤੀ ਗਈ ਹੈ।

ਫਿਲਮ 'ਦਿ ਲਿਜੈਂਡ ਆਫ਼ ਮੌਲਾ ਜੱਟ' ਦੇ ਨਿਰਦੇਸ਼ਕ ਬਿਲਾਲ ਲਸ਼ਾਰੀ ਨੇ ਵੀ ਆਪਣੇ ਇੰਸਟਾਗ੍ਰਾਮ ਖਾਤੇ ਉੱਤੇ ਭਾਰਤ ਵਿੱਚ ਇਸ ਫਿਲਮ ਦੀ ਰਿਲੀਜ਼ ਬਾਰੇ ਜਾਣਕਾਰੀ ਦਿੱਤੀ ਹੈ। ਉਨ੍ਹਾਂ ਨੇ ਫਿਲਮ ਦਾ ਪੋਸਟਰ ਸਾਂਝਾ ਕਰਦਿਆਂ ਕੈਪਸ਼ਨ 'ਚ ਲਿਖਿਆ,"ਦੋ ਸਾਲਾਂ ਬਾਅਦ ਭਾਰਤ, ਪੰਜਾਬ ਵਿੱਚ ਬੁੱਧਵਾਰ ਦੋ ਅਕਤੂਬਰ ਨੂੰ ਰਿਲੀਜ਼ ਹੋ ਜਾਣ ਰਹੀ ਹੈ। ਪਾਕਿਸਤਾਨ ਵਿੱਚ ਹਾਲੇ ਵੀ ਹਫਤਾਵਰੀ ਮੌਕੇ ਹਾਊਸ ਫੁੱਲ ਹਨ। ਹੁਣ ਭਾਰਤ ਵਿੱਚ ਸਾਡੇ ਪੰਜਾਬੀ ਦਰਸ਼ਕ ਇਸ ਪਿਆਰ ਦੇ ਜਾਦੂ ਦਾ ਅਨੁਭਵ ਕਰਨਗੇ, ਜਿਸ ਦਾ ਮੈਨੂੰ ਬੇਸਬਰੀ ਨਾਲ ਇੰਤਜ਼ਾਰ ਹੈ।"

ਬੁੱਕ ਮਾਈ ਸ਼ੋਅ ਨੇ ਵੀ ਆਪਣੀ ਵੈਬਸਾਈਟ ਉੱਤੇ ਫਿਲਮ 'ਦਿ ਲੇਜੇਂਡ ਆਫ ਮੌਲਾ ਜੱਟ' ਦੀ 2 ਅਕਤੂਬਰ, 2024 ਨੂੰ ਰਿਲੀਜ਼ਿੰਗ ਬਾਰੇ ਲਿਖਿਆ ਹੈ। ਪਿਛਲੇ ਸਾਲ ਪਾਕਿਸਤਾਨ ਅਤੇ ਓਵਰਸੀਜ਼ ਵਿੱਚ ਰਿਲੀਜ਼ ਹੋਈ ਸੁਪਰਹਿੱਟ ਪੰਜਾਬੀ ਫ਼ਿਲਮ 'ਦਿ ਲੀਜੈਂਡ ਆਫ਼ ਮੌਲਾ ਜੱਟ' ਭਾਰਤ ਵਿੱਚ ਰਿਲੀਜ਼ ਨਹੀਂ ਹੋ ਸਕੀ ਸੀ। ਪਾਕਿਸਤਾਨ ਦੀ ਇਹ ਐਕਸ਼ਨ ਪੰਜਾਬੀ ਫ਼ਿਲਮ ਦਿੱਲੀ ਅਤੇ ਪੰਜਾਬ ਦੇ ਸਿਨੇਮਾ ਘਰਾਂ ਵਿੱਚ 30 ਦਸੰਬਰ ਨੂੰ ਰਿਲੀਜ਼ ਹੋਣੀ ਸੀ। ਉਸ ਤੋਂ ਬਾਅਦ ਵੀ ਰਿਲੀਜ਼ ਦੀਆਂ ਕਈ ਤਰੀਕਾਂ ਬਾਰੇ ਚਰਚਾਵਾਂ ਹੋਈਆਂ ਪਰ ਇਹ ਫਿਲਮ ਰਿਲੀਜ਼ ਨਹੀਂ ਹੋ ਸਕੀ ਸੀ।

ਹਾਲਾਂਕਿ, ਇਸ ਫਿਲਮ ਦੀ ਸਕਰੀਨਿੰਗ ਰੱਦ ਕਰਨ ਦਾ ਕੋਈ ਕਾਰਨ ਨਹੀਂ ਦੱਸਿਆ ਗਿਆ ਸੀ। ਕੁਝ ਰਿਪੋਰਟਾਂ ਮੁਤਾਬਕ ਸੈਂਸਰ ਬੋਰਡ ਨੇ ਫਿਲਮ ਨੂੰ ਦਿੱਤੀ ਇਜਾਜ਼ਤ ਵਾਪਸ ਲੈ ਲਈ ਸੀ। ਇਹ 2011 ਤੋਂ ਬਾਅਦ ਭਾਰਤ ਵਿੱਚ ਰਿਲੀਜ਼ ਹੋਣ ਵਾਲੀ ਪਹਿਲੀ ਪਾਕਿਸਤਾਨੀ ਫਿਲਮ ਬਣਨ ਜਾ ਰਹੀ ਹੈ। ਇਸ ਵਿੱਚ ਫਵਾਦ ਖਾਨ ਅਤੇ ਮਾਹਿਰਾ ਖਾਨ ਮੁੱਖ ਭੂਮਿਕਾ ਵਿੱਚ ਹਨ। ਇਸ ਫਿਲਮ ਨੂੰ ਭਾਵੇਂ 1979 ਵਿਚ ਬਣੀ ਪੰਜਾਬੀ ਫਿਲਮ ਦੀ ਅਗਲੀ ਕੜੀ ਸਮਝਿਆਂ ਜਾਂਦਾ ਹੈ, ਪਰ ਅਜਿਹਾ ਨਹੀਂ ਹੈ। ਇਹ ਇੱਕ ਨਵੀਂ ਸਿਰਿਓ ਬਣਾਈ ਗਈ ਫਿਲਮ ਹੈ, ਜੋ 2022 ਦੌਰਾਨ



ਕੌਮਾਂਤਰੀ ਪ੍ਰਸਿੱਧੀ ਹਾਸਲ ਕਰਨ ਵਾਲੀ ਫਿਲਮ ਬਣੀ।

ਮੌਲਾ ਜੱਟ ਫਿਲਮ ਬਾਰੇ ਸੁਣ ਤੇ ਜਾਣ ਕੇ ਤੁਹਾਡੇ ਮਨ ਵਿਚ ਇਹ ਸਵਾਲ ਜ਼ਰੂਰ ਉੱਠਦਾ ਹੋਵੇਗਾ ਕਿ ਆਖਰ ਮੌਲਾ ਜੱਟ ਦਾ ਕਿਰਦਾਰ ਕੋਈ ਇਤਿਹਾਸਕ ਪਾਤਰ ਹੈ ਜਾਂ ਕਾਲਪਨਿਕ। ਜੇਕਰ ਇਹ ਇਤਿਹਾਸਕ ਹੈ ਤਾਂ ਇਸ ਦਾ ਇਤਿਹਾਸ ਕੀ ਹੈ, ਪਰ ਜੇਕਰ ਇਹ ਕਾਲਪਨਿਕ ਹੈ ਤਾਂ ਉਹ ਕਿਸ ਦੇ ਦਿਮਾਗ ਦੀ ਕਲਪਨਾ ਸੀ। ਇਸੇ ਸਵਾਲ ਦਾ ਜਵਾਬ ਇਸ ਰਿਪੋਰਟ ਵਿਚ ਜਾਣਨ ਦੀ ਕੋਸ਼ਿਸ਼ ਕੀਤੀ ਗਈ ਹੈ।

### ਮੌਲਾ ਜੱਟ ਕੌਣ ਸੀ

ਮੌਲਾ ਜੱਟ ਪਾਕਿਸਤਾਨੀ ਉਰਦੂ ਸ਼ਾਇਰ, ਕਹਾਣੀਕਾਰ ਅਤੇ ਪੱਤਰਕਾਰ ਅਹਿਮਦ ਨਦੀਮ ਕਾਸਮੀ ਦੀ ਕਹਾਣੀ 'ਗੰਡਾਸਾ' ਦਾ ਮੁੱਖ ਕਿਰਦਾਰ ਸੀ। ਪਾਕਿਸਤਾਨ ਦੇ 'ਸਮਯ' ਟੀਵੀ ਦੇ ਸੰਪਾਦਕ ਜ਼ੁਲਫਿਕਾਰ ਅਲੀ ਮੰਤੋਂ ਨੇ ਗੱਲ ਕਰਦਿਆਂ ਦੱਸਿਆ, "ਮੌਲਾ ਜੱਟ ਅਹਿਮਦ ਨਦੀਮ ਕਾਸਮੀ ਦੀ ਕਹਾਣੀ ਗੰਡਾਸਾ ਦਾ ਮੁੱਖ ਕਿਰਦਾਰ ਸੀ।" "ਇਹ ਪੂਰੀ ਤਰ੍ਹਾਂ ਕਾਲਪਨਿਕ ਕਹਾਣੀ ਸੀ, ਇਸ ਦਾ ਹੀਰੋ ਮੌਲਾ ਪੰਜਾਬ ਦੇ ਪੇਂਡੂ ਪਿਛੋਕੜ ਵਾਲਾ ਨੌਜਵਾਨ ਸੀ। ਜਿਸ ਦੇ ਪਿਤਾ ਨੂੰ ਨਿੱਜੀ ਰੰਜਿਸ਼ ਕਾਰਨ ਕਤਲ ਕਰ ਦਿੱਤਾ ਗਿਆ ਸੀ।" ਜ਼ੁਲਫਿਕਾਰ ਕਹਿੰਦੇ ਹਨ ਕਿ ਕਾਸਮੀ ਲਹਿੰਦੇ ਪੰਜਾਬ ਦੇ ਸਰਗੋਧਾ ਜ਼ਿਲ੍ਹੇ ਨਾਲ ਸਬੰਧਤ ਸਨ, ਉਨ੍ਹਾਂ ਨੇ ਮੌਲੇ ਦੇ ਕਿਰਦਾਰ ਨੂੰ ਪੰਜਾਬੀ ਜੱਟਾਂ ਵਾਲੇ ਮੁਹਾਂਦਰੇ ਅਤੇ ਸੁਭਾਅ ਵਾਂਗ ਪੇਸ਼ ਕੀਤਾ। ਜ਼ੁਲਫਿਕਾਰ ਦੱਸਦੇ ਹਨ ਕਿ 'ਗੰਡਾਸਾ' ਕਹਾਣੀ ਵਿੱਚ ਨੌਜਵਾਨ ਮੌਲਾ ਭਲਵਾਨ ਬਣਨਾ ਚਾਹੁੰਦਾ ਸੀ, ਪਰ ਪਿਉ ਦੇ ਕਤਲ ਤੋਂ ਬਾਅਦ ਉਸ ਦੀ ਜ਼ਿੰਦਗੀ ਬਦਲ ਜਾਂਦੀ ਹੈ ਅਤੇ ਉਹ ਆਪਣੇ ਗੰਡਾਸੇ ਨਾਲ ਉਹ ਉਨ੍ਹਾਂ ਦੇ ਟੱਬਰਾਂ ਦਾ ਇੱਕ ਇੱਕ ਬੰਦਾ ਮਾਰਨ ਦੀ ਬੇਸਬਰੀ ਨਾਲ ਉਡੀਕ ਕਰਦਾ ਹੋਇਆ, ਬੇਚੈਨ ਜ਼ਿੰਦਗੀ ਬਿਤਾਉਂਦਾ ਹੈ।

ਉਹ ਦਿਨ-ਰਾਤ ਬਦਲੇ ਦੀ ਭਾਵਨਾ ਵਿੱਚ ਗੰਡਾਸਾ ਫੜ੍ਹ ਕੇ ਘੁੰਮਦਾ ਰਹਿੰਦਾ ਹੈ, ਅਜਿਹੇ ਹਾਲਾਤ ਵਿਚ ਕਈ ਸਾਲ ਲੰਘ ਜਾਂਦੇ ਹਨ। ਇਸੇ ਲਈ ਪਿੰਡ ਵਾਲੇ ਉਸ ਨੂੰ ਮੌਲਾ ਗੰਡਾਸੇ ਵਾਲਾ ਆਖਣ ਲੱਗ ਪੈਂਦੇ ਹਨ। ਜ਼ੁਲਫਿਕਾਰ ਅੱਗੇ ਦੱਸਦੇ ਹਨ ਕਿ ਇਸ ਕਹਾਣੀ ਵਿਚ ਮੌਲਾ ਦੀ ਜਾਤ ਦਾ ਕੋਈ ਜ਼ਿਕਰ ਨਹੀਂ ਹੈ ਅਤੇ ਨਾ ਹੀ ਉਸ ਤਰ੍ਹਾਂ ਦੇ ਜ਼ੋਰਦਾਰ ਡਾਇਲਾਗ ਹਨ, ਜਿਵੇਂ ਅਸੀਂ ਅੱਜ-ਕੱਲ੍ਹ ਮੌਲਾ ਜੱਟ ਫਿਲਮ ਵਿਚ ਸੁਣਦੇ ਜਾਂ ਦੇਖਦੇ ਹਾਂ।

### ਮੌਲਾ ਜੱਟ ਦਾ ਫ਼ਿਲਮੀ ਅਵਤਾਰ

ਪਾਕਿਸਤਾਨੀ ਸਿਨੇਮੇ ਬਾਰੇ ਵੈੱਬਸਾਈਟ ਪਾਕਿਸਤਾਨ ਸਿਨੇਮਾ ਡੌਟ ਨੈੱਟ ਨੇ ਮੌਲਾ ਜੱਟ ਫਿਲਮ ਦੀ ਸ਼ੁਰੂਆਤੀ ਕਹਾਣੀ ਦਾ ਜ਼ਿਕਰ ਕੀਤਾ ਹੈ। ਮੌਲਾ ਜੱਟ ਦੀ ਸੰਖੇਪ ਕਹਾਣੀ ਬਾਰੇ ਲੇਖ ਵਿਚ ਯੂਸਫ਼ ਮਹਿਮੂਦ ਲਿਖਦੇ ਹਨ ਕਿ 1975 ਵਿਚ ਨਾਸਿਰ ਅਦੀਬ ਨੇ ਕਾਸਮੀ ਸਾਹਿਬ ਦੀ ਛੋਟੀ ਕਹਾਣੀ ਉੱਤੇ ਫ਼ਿਲਮ ਲਿਖੀ 'ਵਹਿਸ਼ੀ ਜੱਟ'। ਮਹਿਮੂਦ ਲਿਖਦੇ ਹਨ ਕਿ 'ਵਹਿਸ਼ੀ ਜੱਟ' ਫ਼ਿਲਮ ਵਿੱਚ ਸੁਲਤਾਨ ਰਾਹੀ ਮੁੱਖ ਕਿਰਦਾਰ ਵਿੱਚ ਸਨ, ਅਤੇ ਉਹ ਇਸ ਫਿਲਮ ਨਾਲ ਸਟਾਰ ਕਲਾਕਾਰ ਬਣ ਗਏ। ਸੁਲਤਾਨ ਰਾਹੀ ਫ਼ਿਲਮਾਂ ਦੇ ਕੰਧਾਂ ਉੱਤੇ ਪੋਸਟਰ ਲਗਾ ਕੇ ਮਿਹਨਤ ਮਜ਼ਦੂਰੀ ਕਰਦੇ ਸਨ, ਬਾਅਦ ਵਿਚ ਉਨ੍ਹਾਂ ਨੂੰ ਮਾੜੀ ਮੋਟੀ ਛੋਟੀ ਭੂਮਿਕਾ ਮਿਲਣ ਲੱਗੀ, ਪਰ 'ਵਹਿਸ਼ੀ ਜੱਟ' ਫਿਲਮ ਨੇ ਉਨ੍ਹਾਂ ਨੂੰ ਹੀਰੋ ਵਜੋਂ ਸਥਾਪਤ ਕਰ ਦਿੱਤਾ।

ਸੁਲਤਾਨ ਰਾਹੀ ਨੂੰ ਲੈ ਕੇ ਬਣੀ 'ਵਹਿਸ਼ੀ ਜੱਟ' ਚੰਗੀ ਚੱਲ ਗਈ ਇਸ ਲਈ ਇਸੇ ਦੀ ਲੜੀ ਵਿਚ 1979 ਦੌਰਾਨ ਅਗਲੀ ਫ਼ਿਲਮ ਬਣਾਈ ਗਈ, ਜਿਸ ਦਾ ਨਾਂ ਸੀ 'ਮੌਲਾ ਜੱਟ'। ਮਹਿਮੂਦ ਲਿਖਦੇ ਹਨ, "ਇਸੇ ਫਿਲਮ ਤੋਂ 'ਮੌਲਾ ਜੱਟ' ਦਾ ਕਿਰਦਾਰ ਅਮਰ ਹੋ ਗਿਆ।" "ਮੌਲੇ ਨੂੰ ਮੌਲਾ ਨਾ ਮਾਰੇ ਤਾਂ ਮੌਲਾ ਨਹੀਂ ਮਰਦਾ" ਅਤੇ "ਨਵਾਂ ਆਇਆ ਐਂ ਸੋਹਣਿਆ" ਵਰਗੇ ਡਾਇਲਾਗ ਬੱਚੇ-ਬੱਚੇ ਦੀ ਜ਼ਬਾਨ ਵਿਚ ਛਾ ਗਏ। ਫ਼ਿਲਮ ਵਿਚ ਨੂਰੀ ਨੱਤ, ਮੁੱਖੋ ਜੱਟੀ ਅਤੇ ਦਾਰੋ ਨਤਾਨੀ ਵਰਗੇ ਨਵੇਂ ਕਿਰਦਾਰ ਜੋੜੇ ਗਏ। ਫ਼ਿਲਮ ਦਾ ਅੰਤ ਮੌਲੇ ਅਤੇ ਨੂਰੀ ਦੀ ਲੜਾਈ ਨਾਲ ਹੁੰਦਾ ਹੈ, ਪਰ ਇਸ ਲੜਾਈ ਦੇ ਅਖ਼ੀਰ ਵਿਚ ਮੌਲੇ ਨੂੰ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਕਿ ਉਸ ਨੇ ਬਦਲੇ ਦੀ ਅੱਗ ਨਾਲ ਕਿਵੇਂ ਪੂਰੇ ਪਰਿਵਾਰ ਨੂੰ ਪਿਸਣਾ ਪੈਂਦਾ ਹੈ।

# ਮੁਸਲਮਾਨਾਂ ਨੂੰ ਡਰਾਉਣ ਦੀ ਰਾਜਨੀਤੀ

**ਮੁਖ਼ਤਾਰ ਅੱਬਾਸ ਨਕਵੀ**

ਵਕਫ਼ ਸੋਧ ਬਿੱਲ 2024 ਨੂੰ ਲੈ ਕੇ ਇਕ ਵਾਰ ਫਿਰ ਭਾਰਤ ਵਿਚ ਸੌ ਸਾਲ ਪਹਿਲਾਂ ਦੇ ਖ਼ਿਲਾਫ਼ਤ ਅੰਦੋਲਨ ਵਰਗਾ ਮਾਹੌਲ ਬਣਾਉਣ ਦੀ ਕੋਸ਼ਿਸ਼ ਹੋ ਰਹੀ ਹੈ। ਵਕਫ਼ ਤੇ ਖ਼ਿਲਾਫ਼ਤ ਅੰਦੋਲਨ ਦਾ ਚੋਲੀ-ਦਾਮਨ ਦਾ ਸਾਥ ਸੀ। ਅਸੀਂ ਵਕਫ਼ ਤੇ ਖ਼ਿਲਾਫ਼ਤ ਅੰਦੋਲਨ ਦੇ ਘਟਨਾਚੱਕਰ ਨੂੰ ਇਕੱਠਾ ਜੋੜ ਕੇ ਦੇਖਾਂਗੇ ਤਾਂ ਸਮਝ ਸਕਾਂਗੇ। ਇਸ ਦੀ ਸ਼ੁਰੂਆਤ 1895 ਵਿਚ ਬ੍ਰਿਟਿਸ਼ ਰਾਜ ਦੀ ਇਕ ਨਿਆਇਕ ਕਮੇਟੀ ਦੇ ਕੁਝ ਫ਼ੈਸਲਿਆਂ ਕਾਰਨ ਹੋਈ ਜਿਸ ਵਿਚ ਕਿਹਾ ਗਿਆ ਸੀ ਕਿ 'ਵਰਤਮਾਨ ਵਕਫ਼ ਸਿਸਟਮ ਸਭ ਤੋਂ ਬੁਰਾ ਤੇ ਹਾਨੀਕਾਰਕ ਹੈ।'

ਇਹ ਟਿੱਪਣੀ ਬ੍ਰਿਟਿਸ਼ ਹਕੂਮਤ ਤਹਿਤ ਭਾਰਤ ਸਮੇਤ ਕਈ ਦੇਸ਼ਾਂ 'ਚ ਪ੍ਰਚਲਿਤ ਵਕਫ਼ ਵਿਵਸਥਾ 'ਤੇ ਸੀ। ਹੋਰ ਦੇਸ਼ਾਂ ਨੇ ਇਸ ਨੂੰ ਸਵੀਕਾਰ ਕਰ ਕੇ ਸੁਧਾਰ ਦਾ ਰਸਤਾ ਚੁਣਿਆ ਪਰ ਭਾਰਤ 'ਚ ਕੱਟੜਪੰਥੀਆਂ ਨਾਲ ਸੌਦਾ ਕਰਨ ਦੇ ਇਰਾਦੇ ਨਾਲ ਅੰਗਰੇਜ਼ ਸਰਕਾਰ ਨੇ ਇਸ ਨੂੰ ਠੰਢੇ ਬਸਤੇ 'ਚ ਪਾ ਦਿੱਤਾ ਸੀ।

ਅੰਗਰੇਜ਼ਾਂ ਦੀ ਯੋਜਨਾ ਨਾਲ ਇਸ ਨੂੰ ਮੁੱਦਾ ਬਣਾ ਕੇ ਕੁਝ ਕੱਟੜਪੰਥੀ ਜਮਾਤਾਂ ਨੇ ਇਸਲਾਮ ਦੀ ਰੱਖਿਆ ਦੇ ਨਾਮ 'ਤੇ ਮੁਹੰਮਦ ਅਲੀ ਜਿਨਾਹ ਦੀ ਅਗਵਾਈ 'ਚ ਵਿਰੋਧ ਸ਼ੁਰੂ ਕਰ ਦਿੱਤਾ। ਜਿਨਾਹ ਇੰਪੀਰੀਅਲ ਲੈਜਿਸਲੇਟਿਵ ਕੌਂਸਲ ਦੇ ਬੰਬਈ ਤੋਂ ਮੈਂਬਰ ਚੁਣੇ ਜਾ ਚੁੱਕੇ ਸਨ ਜਿਸ ਨੂੰ ਬ੍ਰਿਟਿਸ਼ ਹਕੂਮਤ ਤੋਂ ਵਿਧਾਨਕ ਅਧਿਕਾਰ ਸਨ। ਜਿਨਾਹ ਨੇ ਅੰਗਰੇਜ਼ਾਂ ਨਾਲ ਗੰਢ-ਤੁੱਪ ਕਰਦੇ ਹੋਏ ਕੌਂਸਲ 'ਚ 'ਮੁਸਲਮਾਨ ਵਕਫ਼ ਵੈਲੀਡੇਟਿੰਗ ਬਿੱਲ 1913' ਪਾਸ ਕਰਵਾ ਲਿਆ ਜਿਸ ਦਾ ਵਿਸਥਾਰ 1923 ਵਿਚ 'ਮੁਸਲਮਾਨ ਵਕਫ਼ ਐਕਟ' ਦੇ ਰੂਪ ਵਿਚ ਹੋਇਆ।

ਇਸ ਤਰ੍ਹਾਂ ਅੰਗਰੇਜ਼ਾਂ ਨੇ ਸੋਚੀ-ਸਮਝੀ ਸਾਜ਼ਿਸ਼ ਤਹਿਤ ਜਿਨਾਹ ਤੇ ਮੁਸਲਿਮ ਲੀਗ ਨੂੰ ਫ਼ਿਰਕੂ ਸਿਆਸਤ ਦਾ ਕਾਨੂੰਨੀ ਅਧਿਕਾਰ ਦੇ ਦਿੱਤਾ। ਇਸ 'ਚ ਕਿਹਾ ਗਿਆ ਕਿ ਕੋਈ ਵੀ ਮੁਸਲਮਾਨ ਆਪਣੇ ਪਰਿਵਾਰ, ਬੱਚਿਆਂ, ਆਸ਼ਰਿਤਾਂ ਦੇ ਅੰਸ਼ਿਕ ਜਾਂ ਪੂਰਨ ਸਮਰਥਨ ਲਈ ਵਕਫ਼ ਬਣਾ ਸਕਦਾ ਹੈ। ਇਹ ਵਕਫ਼ ਵਿਵਸਥਾ ਨੂੰ ਨਿਰੰਕੁਸ਼ ਬਣਾਉਣ ਦੇ ਨਾਲ-ਨਾਲ ਰਜਵਾੜਿਆਂ, ਰਿਆਸਤਾਂ, ਨਵਾਬਾਂ ਦੇ ਦਾਨ ਦੇ ਨਾਂ 'ਤੇ ਅਥਾਹ ਸੰਪਤੀਆਂ ਨੂੰ ਵਕਫ਼ ਦੀ ਸੁਰੱਖਿਆ ਢਾਲ ਬਣਾ ਕੇ ਬਚਾਉਣ ਤੇ ਮਾਲਕਾਨਾ ਹੱਕ ਕਾਇਮ ਰੱਖਣ ਦੀ ਮਨਸ਼ਾ ਤੋਂ ਪ੍ਰਭਾਵਿਤ ਸੀ।

ਭਾਰਤ 'ਚ 1919 ਵਿਚ ਖ਼ਿਲਾਫ਼ਤ ਕਮੇਟੀ ਬਣਾਈ ਗਈ ਜਿਸ ਦਾ ਕਾਂਗਰਸ ਨੇ ਵੀ ਸਮਰਥਨ ਕੀਤਾ। ਅੰਗਰੇਜ਼ਾਂ ਦੀ 'ਵੰਡੋ ਤੇ ਰਾਜ ਕਰੋ' ਦੀ ਨੀਤੀ ਤਹਿਤ ਜਿਨਾਹ ਤੇ ਮੁਸਲਿਮ ਨੇਤਾਵਾਂ ਨੇ ਗੰਢ-ਤੁੱਪ ਕਰ ਕੇ 1930 ਵਿਚ ਮੁਸਲਮਾਨ ਵਕਫ਼ ਐਕਟ (ਰੈਟਰੋਸਪੈਕਟਿਵ) ਯਾਨੀ ਪਹਿਲਾਂ ਦੀਆਂ ਵਕਫ਼ ਸੰਪਤੀਆਂ ਤੇ ਵਿਵਸਥਾ 'ਤੇ ਵੀ ਲਾਗੂ ਹੋਣ ਵਾਲਾ ਕਾਨੂੰਨ ਬਣਾ ਦਿੱਤਾ। ਆਜ਼ਾਦੀ ਤੋਂ ਬਾਅਦ ਵਕਫ਼ ਐਕਟ ਵਿਚ 1954 ਤੋਂ ਲੈ ਕੇ 2013 ਤੱਕ ਕਈ ਵਾਰ ਤਰਮੀਮਾਂ ਹੋਈਆਂ ਪਰ ਉਹ ਸਭ ਮੁੱਖ ਤੌਰ 'ਤੇ ਮੁਸਲਮਾਨ ਵਕਫ਼ ਐਕਟ 1930 ਦੀਆਂ ਕਾਪੀ-ਪੇਸਟ ਹੀ ਸਨ। ਵਕਫ਼ ਤਰਮੀਮ ਬਿੱਲ 2024 ਕਿਸੇ ਮਸੀਤ, ਦਰਗਾਹ, ਇਮਾਮਬਾੜੇ, ਧਾਰਮਿਕ ਅਸਥਾਨਾਂ ਜਾਂ ਇਸਲਾਮੀ ਫ਼ਰਜ਼ਾਂ ਲਈ ਨਾ ਖ਼ਤਰਾ ਹੈ, ਨਾ ਅੜਿੱਕਾ ਹੈ।



# ਸ਼ਹੀਦ ਭਗਤ ਸਿੰਘ

ਪੰਜਾਬ ਦੇ ਇਤਿਹਾਸ ਵਿਚ ਕੁਰਬਾਨੀਆਂ ਦਾ ਇੱਕ ਅਟੁੱਟ ਸਿਲਸਿਲਾ ਗੁਰੂ ਅਰਜਨ ਦੇਵ ਤੋਂ ਸ਼ੁਰੂ ਹੋ ਕੇ ਦਰਸ਼ਨ ਸਿੰਘ ਫੇਰੂਮਾਨ ਤੇ ਫਿਰ ਚੁਰਾਸੀ ਦੇ ਮੰਦਭਾਗੇ ਗੇੜ ਤੱਕ ਚੱਲਦਾ ਰਿਹਾ ਹੈ ਤੇ ਇਹ ਅਜੇ ਤੱਕ ਵੀ ਠੱਲ੍ਹਣ ਦਾ ਨਾਂ ਨਹੀਂ ਲੈ ਰਿਹਾ। ਕਦੇ ਧਰਮ ਖ਼ਤਰੇ ਵਿਚ ਪੈ ਜਾਂਦਾ ਤੇ ਕਦੇ ਦੇਸ਼ ਕੌਮ ਦੀ ਇੱਜ਼ਤ ਆਬਰੂ ਨੂੰ ਵਿਦੇਸ਼ੀ ਧਾੜਵੀ ਆ ਪੈਂਦੇ। ਇਸ ਸਭ ਕੁੱਝ ਨੂੰ ਠੱਲ੍ਹਣ ਵਾਸਤੇ ਬਹਾਦਰ ਸਿੱਖ ਕੌਮ ਦੇ ਜੰਗਜੂ ਸਿਰਾਂ ਤੇ ਮੜਾਸੇ ਬੰਨ੍ਹ ਕੇ ਅੱਗੇ ਆਉਂਦੇ ਆਪਣੇ ਜੀਵਨ ਦੀ ਕੁਰਬਾਨੀ ਦਿੰਦੇ ਰਹੇ। ਅੰਗਰੇਜ਼ਾਂ ਦੀ ਗੁਲਾਮੀ ਦਾ ਫਾਹਾ ਕੱਟਣ ਵਿਚ ਵੀ ਹੋਰ ਭਾਰਤੀ ਸੂਰਬੀਰਾਂ ਦੇ ਨਾਲ ਪੰਜਾਬੀ ਗੱਭਰੂ ਵੀ ਅੱਗੇ ਨਿੱਤਰੇ ਤੇ ਆਜ਼ਾਦੀ ਦੇ ਸੰਘਰਸ਼ ਵਿਚ ਆਪਣਾ ਭਵਿੱਖ ਦਾਅ ਤੇ ਲਗਾਉਂਦੇ ਰਹੇ। ਭਾਰਤ ਦੀ ਆਜ਼ਾਦੀ ਵਾਸਤੇ ਸਿੱਖਾਂ ਦੀਆਂ ਸਭ ਤੋਂ ਵੱਧ ਕੁਰਬਾਨੀਆਂ ਦੇਣ ਦੇ ਬਾਵਜੂਦ ਆਜ਼ਾਦ ਭਾਰਤ ਵਿਚ ਸਿੱਖਾਂ ਨੂੰ ਪੂਰਾ ਬਣਦਾ ਆਦਰ ਸਤਿਕਾਰ ਤੇ ਹਿੱਸਾ ਨਹੀਂ ਮਿਲਿਆ ਸਗੋਂ ਦਵੈਤ ਤੇ ਮੈਤਰੀ ਭਰਪੂਰ ਮਤਰੇਈ ਵਾਲਾ ਸਲੀਕਾ ਵੇਖਣ ਨੂੰ ਮਿਲਿਆ ਜੋ ਅਜੇ ਤੱਕ ਚਾਲੂ ਹੈ। ਸਿੱਖਾਂ ਨੂੰ ਅਪਰਾਧੀ ਕੌਮ ਕਰ ਕੇ ਪਛਾੜਿਆ ਤੇ ਲਿਤਾੜਿਆ ਜਾਂਦਾ ਰਿਹਾ ਹੈ।

ਭਾਰਤ ਦੀ ਆਜ਼ਾਦੀ ਦੇ ਸੱਤਿਆਗ੍ਰਹਿ ਵਿਚ ਸਾਰੇ 121 ਫਾਂਸੀ ਦਾ ਰੱਸਾ ਚੁੰਮਣ ਵਾਲੇ/ਫਾਂਸੀ ਚੜ੍ਹਾਏ ਲੋਕਾਂ ਵਿਚੋਂ 98 ਸਿੱਖ ਤੇ 28 ਗੈਰ-ਸਿੱਖ ਸਨ। 2646 ਉਮਰ-ਕੈਦੀਆਂ ਵਿਚੋਂ 2147 ਸਿੱਖ ਤੇ 499 ਗੈਰ ਸਿੱਖ ਸਨ। ਕੂਕਾ ਲਹਿਰ ਦੇ 91 ਸ਼ਹੀਦ ਸਾਰੇ ਦੇ ਸਾਰੇ ਸਿੱਖ ਸਨ। ਅਕਾਲੀ ਲਹਿਰ ਵਿਚ ਸਾਰੇ 500 ਸ਼ਹੀਦ ਸਿੱਖ ਸਨ। ਜੱਲਿਆਂਵਾਲਾ ਬਾਗ਼ ਅੰਮ੍ਰਿਤਸਰ ਦੇ 1300 ਸ਼ਹੀਦਾਂ ਵਿਚ 799 ਸਿੱਖ ਅਤੇ 501 ਗੈਰ ਸਿੱਖ ਸਨ। ਕਾਮਾਗਾਟਾਮਾਰੂ ਜਹਾਜ਼ ਦੀ ਘਟਨਾ ਸਮੇਂ ਬਜਬਜ-ਘਾਟ ਕਲਕੱਤਾ ਵਿਖੇ ਗੋਲੀਆਂ ਦਾ ਨਿਸ਼ਾਨਾ ਬਣਨ ਵਾਲੇ 113 ਲੋਕਾਂ ਵਿਚੋਂ 67 ਸਿੱਖ ਤੇ 46 ਹੋਰ ਧਰਮਾਂ/ਕਬੀਲਿਆਂ ਦੇ ਲੋਕ ਸਨ। ਕੁੱਲ ਦੁਨੀਆ ਤੇ ਸੰਸਾਰ ਯੁੱਧਾਂ ਵਿਚ ਸ਼ਹੀਦ ਹੋਣ ਵਾਲੇ ਸਿੱਖਾਂ ਦੀ ਗਿਣਤੀ 83000 ਦੇ ਲਗ-ਪਗ ਹੈ ਤੇ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਹੁਣ ਤੱਕ ਨੌਂ ਲੱਖ ਦੇ ਕਰੀਬ ਸਿੱਖਾਂ ਨੇ ਦੇਸ਼ ਕੌਮ ਵਾਸਤੇ ਕੁਰਬਾਨੀਆਂ ਦਿੱਤੀਆਂ।

ਭਾਰਤ ਦੀ ਆਜ਼ਾਦੀ ਦੇ ਪਰਵਾਨਿਆਂ ਵਿਚ ਕਰਤਾਰ ਸਿੰਘ ਸਰਾਭਾ ਤੋਂ ਬਾਦ ਪ੍ਰਮੁੱਖ ਨਾਂ ਸ਼ਹੀਦ ਭਗਤ ਸਿੰਘ ਦਾ ਆਉਂਦਾ ਹੈ। ਭਗਤ ਸਿੰਘ ਦਾ ਜਨਮ 1907 ਈਸਵੀ ਨੂੰ ਇੱਕ ਦੇਸ਼ ਭਗਤ ਤੇ ਸਮਾਜ ਸੇਵੀ ਸੰਧੂ ਜੱਟ ਪਰਿਵਾਰ ਵਿਚ ਜ਼ਿਲ੍ਹਾ ਲਾਇਲਪੁਰ (ਹੁਣ ਪਾਕਿਸਤਾਨ ਦਾ ਫੈਸਲਾਬਾਦ) ਦੇ ਚੱਕ ਨੰਬਰ 105 ਜੀ. ਬੀ. ਬੰਗਾ ਪਿੰਡ ਵਿਚ ਹੋਇਆ। ਉਸ ਦਾ ਦਾਦਾ ਆਰੀਆ ਸਮਾਜ ਸਭਾ ਦਾ ਮੈਂਬਰ ਸੀ, ਪਿਤਾ ਕਿਸ਼ਨ ਸਿੰਘ, ਚਾਚੇ ਅਜੀਤ ਸਿੰਘ ਤੇ ਸਵਰਨ ਸਿੰਘ ਸਾਰੇ ਕਰਤਾਰ ਸਿੰਘ ਸਰਾਭਾ ਵਾਲੀ ਗਦਰ ਪਾਰਟੀ ਅਤੇ 'ਭਾਰਤ ਮਾਤਾ ਸਭਾ' ਦੇ ਸਰਗਰਮ ਮੈਂਬਰ ਸਨ। ਉਹ ਸਾਰੇ ਕਰਤਾਰ ਸਿੰਘ ਸਰਾਭਾ ਦੀ ਕੁਰਬਾਨੀ ਤੇ ਵਿਚਾਰਧਾਰਾ ਦੇ ਪ੍ਰਸ਼ੰਸਕ ਸਨ। ਉਸ ਨੂੰ ਖ਼ਾਲਸਾ ਸਕੂਲ ਵਿਚ ਦਾਖ਼ਲ ਕਰਾਉਣ ਦੀ ਬਿਜਾਏ ਦਇਆਨੰਦ ਐਂਗਲੋ-ਵੈਦਿਕ ਹਾਈ ਸਕੂਲ ਵਿਚ ਦਾਖ਼ਲ ਕਰਵਾਇਆ ਗਿਆ, ਕਿਉਂਕਿ 1: ਉਹ ਸਮਝਦੇ ਸਨ ਕਿ ਖ਼ਾਲਸਾ ਸਕੂਲ ਦੇ ਕਾਰਕੁਨ ਅੰਗਰੇਜ਼ ਸਰਕਾਰ ਦੇ ਵਫ਼ਾਦਾਰ ਪਿੱਠੂ ਸਨ। 2: ਉਸ ਸਕੂਲ ਦੀ ਪੜ੍ਹਾਈ ਦਾ ਪੱਧਰ ਖ਼ਾਲਸਾ ਸਕੂਲ ਨਾਲੋਂ ਬਿਹਤਰ ਸੀ। 3: ਕੁੱਝ ਅਸਰ ਰਸੂਖ਼ ਵਾਲੇ ਆਰੀਆ ਸਮਾਜੀ ਉਨ੍ਹਾਂ ਦੇ ਫੈਮਲੀ ਮਿੱਤਰ ਸਨ।

ਭਗਤ ਸਿੰਘ ਦੇ ਜਨਮ ਸਮੇਂ ਉਸ ਦਾ ਪਿਤਾ ਕਿਸ਼ਨ ਸਿੰਘ ਕਾਲੋਨਾਈਜ਼ਿੰਗ ਬਿੱਲ ਵਿਰੁੱਧ ਸੰਘਰਸ਼ ਕਾਰਨ ਜੇਲ੍ਹ ਵਿਚ ਨਜ਼ਰਬੰਦ ਸੀ। ਚਾਚੇ ਸਵਰਨ ਸਿੰਘ ਨੂੰ ਅੰਗਰੇਜ਼ਾਂ ਦੇ ਖ਼ਿਲਾਫ਼ ਬਗ਼ਾਵਤ ਦੇ ਦੋਸ਼ ਵਿਚ ਕੈਦ ਕੀਤਾ ਗਿਆ ਸੀ ਜਿੱਥੇ ਜੇਲ੍ਹ ਵਿਚ ਕਰੜੀ ਮਸ਼ੱਕਤ ਕਾਰਨ 1910 ਵਿਚ ਉਸ ਦੀ ਮੌਤ ਹੋ ਗਈ। (ਨਵਾਂਸ਼ਹਿਰ ਨੇੜੇ ਖਟਕੜ ਕਲਾਂ ਸ਼ਹੀਦ ਭਗਤ ਸਿੰਘ ਦੇ ਪਿਉ ਦਾਦੇ ਦਾ ਜੱਦੀ ਪਿੰਡ ਸੀ ਜਿੱਥੇ ਨਵਾਂਸ਼ਹਿਰ-ਫਗਵਾੜਾ ਸੜਕ ਉੱਤੇ ਸਰਕਾਰ ਵੱਲੋਂ ਸ਼ਹੀਦ ਭਗਤ ਸਿੰਘ ਸਮਾਰਕ ਬਣਾਇਆ ਗਿਆ ਹੈ। ਉਨ੍ਹਾਂ ਦਾ ਜੱਦੀ ਘਰ ਮੰਜੇ, ਪੀਹੜੇ, ਭਾਂਡੇ, ਬਿਸਤਰੇ ਸਮੇਤ ਅਜਾਇਬ ਘਰ ਵਾਂਗ ਸਾਂਭ ਕੇ ਰੱਖਿਆਹੋਇਆ ਹੈ। ਘਬਤ ਸਿੰਘ ਆਪਣੇ ਜੀਵਨ ਕਾਲ ਵਿਚ ਕਦੇ ਵੀ ਨਹੀਂ ਆਇਆ ਤੇ ਨਾ ਹੀ ਉਸ ਨੂੰ ਆਉਣ ਦਾ ਮੌਕਾ ਮਿਲਿਆ।)

ਇਸ ਤਰ੍ਹਾਂ ਦੇਸ਼ ਭਗਤੀ ਤੇ ਕੁਰਬਾਨੀ ਦਾ ਵਿਰਸਾ ਉਸ ਨੂੰ ਬਚਪਨ ਵਿਚ ਹੀ ਦਿਸ ਪਿਆ। ਸੁਘੜ ਸਿਆਣੀ ਮਾਤਾ ਵਿਦਿਆਵਤੀ ਨੇ ਉਸ ਨੂੰ ਚੰਗੇਰੀ ਸੰਗਤ ਤੇ ਉਚੇਰੀ ਵਿਦਿਆ ਦੇ ਕੇ ਦੇਸ਼ ਭਗਤੀ ਦੇ ਰਾਹ ਤੋਰ ਦਿੱਤਾ। ਰਾਮ ਬਿਹਾਰੀ ਬੋਸ ਤੇ ਕਰਤਾਰ ਸਿੰਘ ਸਰਾਭਾ ਨੂੰ ਛੋਟੀ ਉਮਰ ਵਿਚ ਹੀ ਮਿਲਣ ਦਾ ਮੌਕਾ ਮਿਲਿਆ ਜਿਸ ਤੋਂ ਉਹ ਬਹੁਤ ਪ੍ਰਭਾਵਿਤ ਹੋਇਆ। ਕਰਤਾਰ ਸਿੰਘ ਸਰਾਭਾ ਨੂੰ ਛੇ ਹੋਰ ਸਾਥੀਆਂ ਨਾਲ 16 ਨਵੰਬਰ 1917 ਦੀ ਰਾਤ ਫਾਂਸੀ ਤੇ ਲਟਕਾ ਦਿੱਤਾ ਗਿਆ। ਕਰਤਾਰ ਸਿੰਘ ਦੀ ਉਮਰ ਉਸ ਵੇਲੇ ਕੇਵਲ ਇੱਕੀ ਸਾਲ ਸੀ। ਉਨ੍ਹਾਂ ਦੀ ਕੁਰਬਾਨੀ ਭਗਤ ਸਿੰਘ ਦੇ ਬਾਲ ਮਨ ਤੇ ਡੂੰਘਾ ਅਸਰ ਕਰ ਗਈ। ਉਸ ਨੇ ਕਰਤਾਰ ਸਿੰਘ ਸਰਾਭਾ ਦੀ ਫ਼ੋਟੋ ਆਪਣੇ ਘਰ ਲਗਾ ਲਈ ਤੇ ਉਸ ਦੇ ਕਦਮ ਚਿੰਨ੍ਹਾਂ ਤੇ ਚੱਲਣ ਦੀ ਠਾਣ ਲਈ। ਸਰਾਭਾ ਦੀ ਕਵਿਤਾ ਦਾ ਭੰਡਾਰ ਉਸ ਨੇ ਆਪਣਾ ਖਜ਼ਾਨਾ ਬਣਾ ਲਿਆ ਜਿਸ ਨੂੰ ਉਹ ਪੜ੍ਹਦਾ ਰਹਿੰਦਾ। ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।

ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ,<br>
ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।<br>
ਮੁਆਫ਼ੀ ਮੰਗਣੀ ਨਹੀਂ ਮਨਜ਼ੂਰ ਸਾਨੂੰ,<br>
ਬਣੇ ਇਸ ਸਵਰਾਜ ਦੇ ਵੀਰ ਹੋਏ।<br>
ਅਸਾਂ ਦੇਸ਼ ਆਜ਼ਾਦ ਜ਼ਰੂਰ ਕਰਨਾ,<br>
ਟੁਕੜੇ ਅੰਤ ਨੂੰ ਭਾਵੇਂ ਸਰੀਰ ਹੋਏ।


1919 ਨੂੰ ਜੱਲਿਆਂਵਾਲਾ ਗੋਲੀ ਕਾਂਡ ਸੁਣ ਕੇ ਕੁੱਝ ਘੰਟਿਆਂ ਵਿਚ ਹੀ ਉਹ ਮੌਕੇ ਤੇ ਪਹੁੰਚਿਆ ਤੇ ਸੈਂਕੜੇ ਹਿੰਦੂ ਸਿੱਖ ਇਸਾਈ ਭਾਰਤੀ ਇਕੱਠੇ ਖੂਨ ਵਿਚ ਲੱਥਪੱਥ ਤੜਫਦੇ ਵੇਖ ਕੇ ਉਸ ਦਾ ਕੋਮਲ ਹਿਰਦਾ ਵਲੂੰਧਰਿਆ ਗਿਆ। ਉਸ ਦਾ ਖੂਨ ਖੌਲਣ ਲੱਗਾ ਤੇ ਤਾਨਾਸ਼ਾਹ ਅੰਗਰੇਜ਼ ਹਕੂਮਤ ਦੇ ਵਿਰੁੱਧ ਡਟਣ ਕੇ ਉਸ ਦਾ ਬੋਰੀਆ ਬਿਸਤਰਾ ਗੋਲ ਕਰਾਉਣ ਦਾ ਤਹੱਈਆ ਕਰ ਲਿਆ। ਵੀਹ ਫਰਵਰੀ 1921 ਨੂੰ ਨਨਕਾਣਾ ਸਾਹਿਬ ਗੁਰਦੁਆਰੇ ਦਾ ਖ਼ੂਨੀ ਸਾਕਾ ਵੀ ਉਸ ਦੀਆਂ ਸਿਮ੍ਰਿਤੀਆਂ ਦਾ ਲਹੂ-ਲੁਹਾਨ ਅੰਗ ਬਣ ਗਿਆ। 1923 ਵਿਚ ਉਸ ਨੇ ਡੀ. ਏ. ਵੀ. ਕਾਲਜ ਲਾਹੌਰ ਵਿਚ ਦਾਖ਼ਲਾ ਲਿਆ ਜੋ ਆਜ਼ਾਦੀ ਘੁਲਾਟੀਆ ਲਾਲਾ ਲਾਜਪਤ ਰਾਏ ਨੇ ਸ਼ੁਰੂ ਕੀਤਾ ਸੀ। ਕਾਲਜ ਸਮੇਂ ਉਸ ਦਾ ਸੰਪਰਕ ਭਗਵਤੀ ਚਰਨ, ਸੁਖਦੇਵ, ਯਸ਼ਪਾਲ, ਰਾਮ ਕਿਸ਼ਨ ਆਦਿ ਕ੍ਰਾਂਤੀਕਾਰੀਆਂ ਨਾਲ ਹੋਇਆ। ਉਹ ਵਿਚਿੱਤਰ ਕਿਸਮ ਦੀਆਂ ਜੁਝਾਰੂ ਸਰਗਰਮੀਆਂ ਵਿਚ ਲਿਪਤ ਹੋ ਗਿਆ। ਉਸ ਨੇ ਡਰਾਮਿਆਂ ਵਿਚ ਹਿੱਸਾ ਲੈਣਾ ਸ਼ੁਰੂ ਕੀਤਾ ਤੇ ਰਾਣਾ ਪਰਤਾਪ, ਚੰਦਰਗੁਪਤ ਤੇ ਭਾਰਤ ਦੁਰਦਸ਼ਾ ਜਿਹੇ ਨਾਟਕਾਂ ਵਿਚ ਇਕ ਕਲਾਕਾਰ ਵਜੋਂ ਉੱਭਰ ਕੇ ਉਜਾਗਰ ਹੋਇਆ। ਆਜ਼ਾਦੀ ਦੀ ਲੜਾਈ ਬਾਰੇ ਵਿੱਢੇ ਸੰਘਰਸ਼ ਵਿਚ ਉਸ ਨੇ ਬਰਤਾਨਵੀ ਸਰਕਾਰ ਦੇ ਖ਼ਿਲਾਫ਼ ਲੋਕਾਂ ਨੂੰ ਜਾਗਰੂਕ ਕਰਨ ਦੇ ਭਿੰਨ ਭਿੰਨ ਵਸੀਲੇ ਤੇ ਤਰੀਕੇ ਇਸਤੇਮਾਲ ਕੀਤੇ। ਹਿੰਦੀ ਸਾਹਿੱਤ ਸੰਮੇਲਨ ਵੱਲੋਂ 'ਪੰਜਾਬ ਪ੍ਰਾਬਲਮਜ਼' ਤੇ ਕਰਵਾਏ ਲੇਖ ਲਿਖਣ ਦੇ ਮੁਕਾਬਲੇ ਵਿਚ ਉਸ ਨੇ ਪਹਿਲਾ ਇਨਾਮ ਪ੍ਰਾਪਤ ਕੀਤਾ।




# ਰੋਜ਼ਾਨਾ ਦੀਆਂ ਆਦਤਾਂ ਹੋ ਸਕਦੀਆਂ ਨੇ ਰੀੜ੍ਹ ਦੀ ਹੱਡੀ ਦੇ ਦਰਦ ਲਈ ਜ਼ਿੰਮੇਵਾਰ

ਰੀੜ੍ਹ ਦੀ ਹੱਡੀ ਸਾਡੇ ਸਰੀਰ ਦਾ ਇੱਕ ਮਹੱਤਵਪੂਰਨ ਅੰਗ ਹੈ ਜੋ ਸਾਡੇ ਦਿਮਾਗ ਅਤੇ ਸਰੀਰ ਦੇ ਦੂਜੇ ਹਿੱਸਿਆਂ ਵਿਚਕਾਰ ਸੰਦੇਸ਼ਾਂ ਨੂੰ ਪਹੁੰਚਾਉਣ ਅਤੇ ਪਹੁੰਚਾਉਣ ਵਿੱਚ ਮਦਦ ਕਰਦੀ ਹੈ। ਇਸ ਲਈ ਰੀੜ੍ਹ ਦੀ ਹੱਡੀ ਦੀ ਸੱਟ, ਦਰਦ ਜਾਂ ਇਸ ਨਾਲ ਜੁੜੀ ਕੋਈ ਹੋਰ ਸਮੱਸਿਆ ਕਾਫੀ ਖਤਰਨਾਕ ਸਾਬਤ ਹੋ ਸਕਦੀ ਹੈ। ਇਸ ਲਈ, ਰੀੜ੍ਹ ਦੀ ਹੱਡੀ ਨੂੰ ਸਿਹਤਮੰਦ ਰੱਖਣਾ ਜ਼ਰੂਰੀ ਹੈ ਤਾਂ ਜੋ ਅਸੀਂ ਇੱਕ ਸਿਹਤਮੰਦ ਅਤੇ ਐਕਟਿਵ ਜੀਵਨ ਜੀ ਸਕੀਏ। ਇਸ ਲੇਖ ਵਿਚ, ਅਸੀਂ ਕੁਝ ਅਜਿਹੇ ਟਿਪਸ ਬਾਰੇ ਜਾਣਾਂਗੇ ਜੋ ਰੀੜ੍ਹ ਦੀ ਹੱਡੀ ਨੂੰ ਸਿਹਤਮੰਦ ਰੱਖਣ ਵਿਚ ਮਦਦ ਕਰਨਗੇ।

**ਰੀੜ੍ਹ ਦੀ ਹੱਡੀ ਨੂੰ ਕਿਵੇਂ ਸਿਹਤਮੰਦ ਰੱਖਿਆ ਜਾਵੇ?**




* ਬੈਠਣ ਜਾਂ ਖੜ੍ਹੇ ਹੋਣ ਵੇਲੇ ਹਮੇਸ਼ਾ ਆਪਣੀ ਪਿੱਠ ਸਿੱਧੀ ਰੱਖੋ।
* ਆਪਣੇ ਮੋਢਿਆਂ ਨੂੰ ਪਿੱਛੇ ਮੋੜੋ ਅਤੇ ਆਪਣੀਆਂ ਪੇਟ ਦੀਆਂ ਮਾਸਪੇਸ਼ੀਆਂ ਨੂੰ ਸੁੰਗੜਾਓ।
* ਕੁਰਸੀ 'ਤੇ ਬੈਠਦੇ ਸਮੇਂ ਆਪਣੇ ਪੈਰ ਜ਼ਮੀਨ 'ਤੇ ਰੱਖੋ। ਹਵਾ ਵਿੱਚ ਲਟਕ ਕੇ ਜਾਂ ਇੱਕ ਲੱਤ ਪਾਰ ਕਰਕੇ ਨਾ ਬੈਠੋ।

**ਨਿਯਮਤ ਕਸਰਤ ਕਰੋ**

ਸਿਹਤਮੰਦ ਰੀੜ੍ਹ ਦੀ ਕਸਰਤ ਰੀੜ੍ਹ ਦੀ ਹੱਡੀ ਦੇ ਆਲੇ ਦੁਆਲੇ ਦੀਆਂ ਮਾਸਪੇਸ਼ੀਆਂ ਨੂੰ ਮਜ਼ਬੂਤ ਕਰਨ ਵਿੱਚ ਮਦਦ ਕਰਦੀ ਹੈ ਜੋ ਰੀੜ੍ਹ ਦੀ ਹੱਡੀ ਦੀ ਰੱਖਿਆ ਕਰਨ ਵਿੱਚ ਮਦਦ ਕਰਦੀ ਹੈ।

* ਯੋਗਾ, ਤੈਰਾਕੀ ਅਤੇ ਸੈਰ ਰੀੜ੍ਹ ਦੀ ਹੱਡੀ ਲਈ ਚੰਗੀਆਂ ਕਸਰਤਾਂ ਹਨ।
* ਕਸਰਤ ਕਰਨ ਤੋਂ ਪਹਿਲਾਂ ਵਾਰਮ-ਅੱਪ ਕਰਨਾ ਨਾ ਭੁੱਲੋ।
* ਆਪਣੇ ਭਾਰ ਨੂੰ ਕੰਟਰੋਲ ਕਰੋ- ਜ਼ਿਆਦਾ ਭਾਰ ਹੋਣ ਨਾਲ ਰੀੜ੍ਹ ਦੀ ਹੱਡੀ 'ਤੇ ਦਬਾਅ ਵਧ ਸਕਦਾ ਹੈ। ਸਿਹਤਮੰਦ ਵਜ਼ਨ ਬਰਕਰਾਰ ਰੱਖਣ ਲਈ, ਸੰਤੁਲਿਤ ਖੁਰਾਕ ਖਾਓ ਅਤੇ ਨਿਯਮਿਤ ਤੌਰ 'ਤੇ ਕਸਰਤ ਕਰੋ।

**ਕਾਫ਼ੀ ਨੀਂਦ ਲਓ**

* ਚੰਗੀ ਨੀਂਦ ਰੀੜ੍ਹ ਦੀ ਹੱਡੀ ਸਮੇਤ ਸਮੁੱਚੀ ਸਿਹਤ ਨੂੰ ਪ੍ਰਭਾਵਿਤ ਕਰਦੀ ਹੈ।
* ਰਾਤ ਨੂੰ ਘੱਟ ਤੋਂ ਘੱਟ 7-8 ਘੰਟੇ ਦੀ ਨੀਂਦ ਲਓ।
* ਆਰਾਮਦਾਇਕ ਗੱਦੇ ਅਤੇ ਸਿਰਹਾਣੇ ਦੀ ਵਰਤੋਂ ਕਰੋ।
* ਭਾਰੀ ਵਸਤੂਆਂ ਨੂੰ ਚੁੱਕਣ ਦਾ ਸਹੀ ਤਰੀਕਾ ਜਾਣੋ
* ਆਪਣੇ ਗੋਡਿਆਂ ਦੀ ਵਰਤੋਂ ਕਰੋ, ਆਪਣੀ ਪਿੱਠ ਸਿੱਧੀ ਰੱਖੋ, ਅਤੇ ਭਾਰੀ ਵਸਤੂਆਂ ਨੂੰ ਚੁੱਕਣ ਲਈ ਆਪਣੀਆਂ ਮਾਸਪੇਸ਼ੀਆਂ ਦੀ ਵਰਤੋਂ ਕਰੋ।
* ਇੱਕ ਵਾਰ ਵਿੱਚ ਬਹੁਤ ਜ਼ਿਆਦਾ ਭਾਰ ਚੁੱਕਣ ਤੋਂ ਬਚੋ।

**ਤਣਾਅ ਨੂੰ ਘਟਾਓ**

ਤਣਾਅ ਰੀੜ੍ਹ ਦੀ ਹੱਡੀ ਦੀਆਂ ਸਮੱਸਿਆਵਾਂ ਦਾ ਕਾਰਨ ਬਣ ਸਕਦਾ ਹੈ। ਤਣਾਅ ਘਟਾਉਣ ਲਈ, ਯੋਗਾ, ਧਿਆਨ ਜਾਂ ਡੂੰਘੇ ਸਾਹ ਲੈਣ ਦੀਆਂ ਕਸਰਤਾਂ ਕਰੋ।

**ਨਿਯਮਤ ਤੌਰ 'ਤੇ ਜਾਂਚ ਕਰੋ**

ਜੇ ਤੁਹਾਨੂੰ ਰੀੜ੍ਹ ਦੀ ਹੱਡੀ ਵਿਚ ਦਰਦ ਜਾਂ ਹੋਰ ਸਮੱਸਿਆਵਾਂ ਹਨ ਤਾਂ ਡਾਕਟਰ ਨਾਲ ਸੰਪਰਕ ਕਰੋ। ਨਿਯਮਤ ਜਾਂਚ ਤੁਹਾਡੀ ਰੀੜ੍ਹ ਦੀ ਹੱਡੀ ਦੀਆਂ ਸਮੱਸਿਆਵਾਂ ਦਾ ਛੇਤੀ ਪਤਾ ਲਗਾਉਣ ਤੇ ਇਲਾਜ ਕਰਨ ਵਿੱਚ ਮਦਦ ਕਰ ਸਕਦੀ ਹੈ।

# ਘੱਟ ਕਾਰਬੋਹਾਈਡਰੇਟ ਵਾਲੀ ਖ਼ੁਰਾਕ ਪੌਸ਼ਟਿਕ ਲੋੜਾਂ ਨੂੰ ਪੂਰਾ ਕਰਨ ਦੇ ਸਮਰੱਥ

ਘੱਟ ਕਾਰਬੋਹਾਈਡਰੇਟ ਵਾਲੀ ਖ਼ੁਰਾਕ ਦੀ ਪ੍ਰਸਿੱਧੀ ਤੇਜ਼ੀ ਨਾਲ ਵੱਧ ਰਹੀ ਹੈ। ਖ਼ਾਸ ਕਰ ਕੇ ਇਹ ਔਰਤਾਂ ਵਿਚ ਬਹੁਤ ਮਸ਼ਹੂਰ ਹੈ। ਇਕ ਘੱਟ ਕਾਰਬੋਹਾਈਡਰੇਟ ਵਾਲੀ ਖ਼ੁਰਾਕ ਵਿਚ ਪ੍ਰਤੀ ਦਿਨ 130 ਗ੍ਰਾਮ ਤੋਂ ਘੱਟ ਕਾਰਬੋਹਾਈਡਰੇਟ ਹੁੰਦੇ ਹਨ। ਇਸੇ ਤਰ੍ਹਾਂ, ਬਹੁਤ ਘੱਟ ਕਾਰਬੋਹਾਈਡਰੇਟ ਵਾਲੇ ਭੋਜਨ ਵਿਚ ਪ੍ਰਤੀ ਦਿਨ 20-50 ਗ੍ਰਾਮ ਕਾਰਬੋਹਾਈਡਰੇਟ ਹੁੰਦੇ ਹਨ ਜਾਂ ਕਾਰਬੋਹਾਈਡਰੇਟ ਤੋਂ 10 ਪ੍ਰਤੀਸ਼ਤ ਤੋਂ ਘੱਟ ਊਰਜਾ ਹੁੰਦੀ ਹੈ। ਕਈ ਅਧਿਐਨਾਂ ਨੇ ਦਿਖਾਇਆ ਹੈ ਕਿ ਘੱਟ-ਕਾਰਬ ਖ਼ੁਰਾਕ ਵੱਖ-ਵੱਖ ਪਾਚਕ ਰੋਗਾਂ ਦੇ ਇਲਾਜ ਵਿਚ ਪ੍ਰਭਾਵਸ਼ਾਲੀ ਹੈ, ਜਿਸ ਵਿਚ ਟਾਈਪ 2 ਡਾਇਬਟੀਜ਼, ਮੈਟਾਬੋਲਿਕ ਸਿੰਡਰੋਮ, ਮੋਟਾਪਾ ਅਤੇ ਪੋਲੀਸਿਸਟਿਕ ਅੰਡਕੋਸ਼ ਸਿੰਡਰੋਮ ਸ਼ਾਮਲ ਹੈ। ਅਜਿਹੀ ਖ਼ੁਰਾਕ ਦੀ ਪੌਸ਼ਟਿਕ ਗੁਣਵੱਤਾ ਬਾਰੇ ਉਠਾਏ ਗਏ ਸਵਾਲਾਂ ਦੀ ਜਾਂਚ ਕਰਨ ਵਾਲੇ ਇਕ ਅਧਿਐਨ ਦੇ ਅਨੁਸਾਰ, ਇਕ ਘੱਟ ਕਾਰਬੋਹਾਈਡਰੇਟ ਖ਼ੁਰਾਕ ਕਿਸੇ ਵਿਅਕਤੀ ਦੀਆਂ ਪੌਸ਼ਟਿਕ ਲੋੜਾਂ ਨੂੰ ਪੂਰਾ ਕਰ ਸਕਦੀ ਹੈ। ਸ਼ੂਗਰ ਦੇ ਪੱਧਰ ਨੂੰ ਕੰਟਰੋਲ ਕਰਨ ਲਈ ਆਮ ਤੌਰ 'ਤੇ ਸ਼ੂਗਰ ਦੇ ਮਰੀਜ਼ਾਂ ਨੂੰ ਘੱਟ ਕਾਰਬੋਹਾਈਡਰੇਟ ਵਾਲੀ ਖ਼ੁਰਾਕ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਇਸ ਵਿਚ ਕਾਰਬੋਹਾਈਡਰੇਟ ਜਾਂ ਮਿਠਾਈਆਂ, ਸਟਾਰਚ ਅਤੇ ਰਿਫਾਈਨਡ ਅਨਾਜ ਸਮੇਤ ਜ਼ਿਆਦਾ ਮਾਤਰਾ ਵਿਚ ਖੰਡ ਵਾਲੇ ਭੋਜਨ ਦੇ ਸੇਵਨ ਨੂੰ ਸੀਮਤ ਕਰਨਾ ਸ਼ਾਮਲ ਹੈ। ਇਸ ਦੇ ਨਾਲ ਹੀ, ਘੱਟ ਕਾਰਬੋਹਾਈਡਰੇਟ ਵਾਲੀ ਖ਼ੁਰਕ ਭਾਰ ਘਟਾਉਣ ਸਮੇਤ ਕਈ



ਹੋਰ ਸਿਹਤ ਲਾਭ ਪ੍ਰਦਾਨ ਕਰਦੀ ਹੈ।

ਅਮਰੀਕਾ ਦੀ ਵਰਮੋਂਟ ਯੂਨੀਵਰਸਿਟੀ ਦੇ ਖੋਜੀਆਂ ਨੇ ਕਿਹਾ ਕਿ ਕੁਝ ਲੋਕ ਇਹ ਦਲੀਲ ਦਿੰਦੇ ਹਨ ਕਿ ਕਾਰਬੋਹਾਈਡਰੇਟ ਨੂੰ ਘਟਾਉਣ ਨਾਲ ਪ੍ਰੋਟੀਨ ਜਾਂ ਚਰਬੀ ਦੀ ਜ਼ਿਆਦਾ ਖ਼ਪਤ ਹੁੰਦੀ ਹੈ ਅਤੇ ਜ਼ਰੂਰੀ ਪੌਸ਼ਟਿਕ ਤੱਤਾਂ ਦੀ ਘੱਟ ਖ਼ਪਤ ਹੁੰਦੀ ਹੈ। ਜਰਨਲ 'ਫਰੰਟੀਅਰਜ਼ ਇਨ ਨਿ-ਊਟ੍ਰੀਸ਼ਨ' ਵਿਚ ਪ੍ਰਕਾਸ਼ਿਤ ਅਧਿਐਨ ਲਈ, ਉਨ੍ਹਾਂ ਨੇ ਤਿੰਨ ਵੱਖ-ਵੱਖ ਸੱਤ-ਦਿਨ ਘੱਟ-ਕਾਰਬ ਖ਼ੁਰਾਕਾਂ ਦੀ ਪੌਸ਼ਟਿਕਤਾ ਦੀ ਮੁਲਾਂਕਣ ਕੀਤੀ। ਦੋ ਕੀਟੋਜਨਿਕ ਖ਼ੁਰਾਕਾਂ ਸਨ। ਇਕ ਵਿਚ ਪ੍ਰਤੀ ਦਿਨ ਔਸਤਨ 20 ਗ੍ਰਾਮ ਸ਼ੁੱਧ ਕਾਰਬੋਹਾਈਡਰੇਟ ਹੁੰਦੇ ਸਨ ਜਦਕਿ ਦੂਜੇ ਵਿਚ ਪ੍ਰਤੀ ਦਿਨ 40 ਗ੍ਰਾਮ ਸ਼ੁੱਧ ਕਾਰਬੋਹਾਈਡਰੇਟ ਹੁੰਦੇ ਸਨ।

ਤੀਜੇ ਵਿਚ ਪ੍ਰਤੀ ਦਿਨ ਔਸਤਨ 100 ਗ੍ਰਾਮ ਸ਼ੁੱਧ ਕਾਰਬੋਹਾਈਡਰੇਟ ਸ਼ਾਮਲ ਸਨ। ਤਿੰਨੋਂ ਖ਼ੁਰਾਕ ਯੋਜਨਾਵਾਂ 31-70 ਸਾਲ ਦੀ ਉਮਰ ਦੇ ਮਰਦਾਂ ਤੇ ਔਰਤਾਂ ਵਿਚ ਵਿਟਾਮਿਨ ਏ, ਸੀ, ਡੀ, ਈ, ਕੇ, ਥਿਆਮੀਨ, ਰਿਬੋਫਲੇਵਿਨ, ਨਿਆਸੀਨ, ਬੀ6, ਫੋਲੇਟ ਅਤੇ ਬੀ12 ਦੀਆਂ ਲੋੜਾਂ ਨੂੰ ਪੂਰਾ ਕਰਨ ਤੋਂ ਵੱਧ ਸਨ। ਇਸੇ ਸਮੇਂ ਦੌਰਾਨ 31-50 ਸਾਲ ਦੀ ਉਮਰ ਦੇ ਬਾਲਗਾਂ ਲਈ ਕੈਲਸ਼ੀਅਮ ਦੀ ਮਾਤਰਾ ਮਿਆਰੀ ਨਾਲੋਂ ਵੱਧ ਸੀ। ਯੂਨੀਵਰਸਿਟੀ ਆਫ ਵਰਮੋਂਟ ਦੇ ਅਧਿਐਨ ਦੇ ਸਹਿ-ਲੇਖਕ ਬੇਥ ਬ੍ਰੈਡਲੇ ਨੇ ਕਿਹਾ ਸਾਡੀਆਂ ਖੋਜਾਂ ਤੋਂ ਪਤਾ ਚੱਲਦਾ ਹੈ ਕਿ ਭਾਰ ਪ੍ਰਬੰਧਨ ਵਿਚ ਸਹਾਇਤਾ ਕਰਨ ਦੇ ਨਾਲ-ਨਾਲ ਘੱਟ ਕਾਰਬੋਹਾਈਡਰੇਟ ਖਾਣ ਦੇ ਪੈਟਰਨ ਅਸਲ ਵਿਚ ਵਧੀਆ ਖ਼ੁਰਾਕ ਦੀ ਗੁਣਵੱਤਾ ਨੂੰ ਉਤਸ਼ਾਹਤ ਕਰਨ ਅਤੇ ਮੁੱਖ ਪੌਸ਼ਟਿਕ ਤੱਤਾਂ ਦੀ ਕਮੀ ਨੂੰ ਘਟਾਉਣ ਵਿਚ ਮਦਦਗਾਰ ਹੋ ਸਕਦੇ ਹਨ।

# ਬੱਚਿਆਂ ਦੇ ਸਹੀ ਵਿਕਾਸ ਲਈ ਜ਼ਰੂਰੀ ਹੁੰਦੇ ਹਨ ਕਈ ਪੌਸ਼ਟਿਕ ਤੱਤ

ਬੱਚਿਆਂ ਨੂੰ ਖਾਣਾ ਖਿਲਾਉਣਾ ਬਹੁਤ ਵੱਡਾ ਕੰਮ ਹੈ। ਅੱਜ ਦੀ ਬਦਲਦੀ ਜੀਵਨ ਸ਼ੈਲੀ ਕਾਰਨ ਮਾਪਿਆਂ ਲਈ ਸਿਹਤਮੰਦ ਓਅਟਿਨਗ ਫਰੋਮੋਟਏ ਕਰਨਾ ਔਖਾ ਹੋ ਜਾਂਦਾ ਹੈ ਪਰ ਬੱਚੇ ਦੇ ਸਹੀ ਵਿਕਾਸ ਲਈ ਉਨ੍ਹਾਂ ਦੀ ਖੁਰਾਕ ਦਾ ਪੂਰਾ ਧਿਆਨ ਰੱਖਣਾ ਜ਼ਰੂਰੀ ਹੈ। ਕੁਝ ਜਾਗਰੂਕ ਮਾਪੇ ਇਸ ਵੱਲ ਧਿਆਨ ਦਿੰਦੇ ਹਨ ਪਰ ਕੁਝ ਅਜਿਹੇ ਵੀ ਹਨ ਜੋ ਬੱਚੇ ਨੂੰ ਸਹੂਲਤ ਅਨੁਸਾਰ ਚਾਕਲੇਟ, ਮਫ਼ਿਨ, ਕੇਕ, ਕੈਂਡੀ, ਚਿਪਸ, ਕੁਕੀਜ਼, ਡੋਨਟਸ ਆਦਿ ਦਿੰਦੇ ਹਨ।

ਅਜਿਹੀ ਸਥਿਤੀ ਵਿੱਚ, ਇਹ ਸਮਝਣਾ ਜ਼ਰੂਰੀ ਹੈ ਕਿ ਬੱਚੇ ਇਸ ਸਭ ਦੇ ਬਿਨਾਂ ਆਰਾਮ ਨਾਲ ਜੀ ਸਕਦੇ ਹਨ, ਪਰ ਸਹੀ ਵਿਕਾਸ ਲਈ ਪੌਸ਼ਟਿਕ ਤੱਤਾਂ ਤੋਂ ਬਿਨਾਂ ਨਹੀਂ ਰਹਿ ਸਕਦੇ। ਸਰੀਰ ਦੇ ਹਰ ਅੰਗ ਦੀਆਂ ਵੱਖ-ਵੱਖ ਲੋੜਾਂ ਹੁੰਦੀਆਂ ਹਨ। ਮਾਸਪੇਸ਼ੀਆਂ ਲਈ ਪ੍ਰੋਟੀਨ, ਹੱਡੀਆਂ ਲਈ ਕੈਲਸ਼ੀਅਮ, ਅੱਖਾਂ ਲਈ ਵਿਟਾਮਿਨ ਏ, ਇਮਿਊਨਿਟੀ ਲਈ ਵਿਟਾਮਿਨ ਸੀ, ਖ਼ੂਨ ਲਈ ਆਇਰਨ ਅਤੇ ਅਜਿਹੇ ਕਈ ਪੌਸ਼ਟਿਕ ਤੱਤ ਸਰੀਰ ਦੇ ਸਹੀ ਕੰਮਕਾਜ ਲਈ ਜ਼ਰੂਰੀ ਹਨ। ਅਜਿਹੀ ਸਥਿਤੀ ਵਿੱਚ, ਅੱਜ ਇਸ ਲੇਖ ਵਿੱਚ ਅਸੀਂ ਤੁਹਾਨੂੰ ਬੱਚਿਆਂ ਦੇ ਵਿਕਾਸ ਲਈ ਕੁਝ ਜ਼ਰੂਰੀ ਪੌਸ਼ਟਿਕ ਤੱਤਾਂ ਬਾਰੇ ਦੱਸਾਂਗੇ-



**ਆਇਰਨ-** ਹੀਮੋਗਲੋਬਿਨ ਆਇਰਨ ਤੋਂ ਬਣਦਾ ਹੈ ਜੋ ਬੱਚੇ ਦੇ ਸਰੀਰ ਦੇ ਸਾਰੇ ਹਿੱਸਿਆਂ ਨੂੰ ਆਕਸੀਜਨ ਦੀ ਲੋੜੀਂਦੀ ਮਾਤਰਾ ਪ੍ਰਦਾਨ ਕਰਦਾ ਹੈ। ਇਸ ਕਾਰਨ ਸਰੀਰ ਦੇ ਬਾਕੀ ਸਾਰੇ ਕਾਰਜ ਸੁਚਾਰੂ ਢੰਗ ਨਾਲ ਕੰਮ ਕਰਨ ਦੇ ਯੋਗ ਹੁੰਦੇ ਹਨ ਅਤੇ ਬੱਚਾ ਸਰੀਰਕ ਅਤੇ ਮਾਨਸਿਕ ਤੌਰ 'ਤੇ ਤੰ-ਦਰੁਸਤ ਰਹਿੰਦਾ ਹੈ। ਇਸ ਦੇ ਲਈ ਹਰੀਆਂ ਪੱਤੇਦਾਰ ਸਬਜ਼ੀਆਂ, ਅਨਾਰ ਅਤੇ ਚੁਕੰਦਰ ਨੂੰ ਡਾਈਟ 'ਚ ਸ਼ਾਮਲ ਕਰੋ।

**ਕੈਲਸ਼ੀਅਮ-** ਮਜ਼ਬੂਤ ਦੰਦਾਂ ਤੇ ਹੱਡੀਆਂ ਲਈ ਕੈਲਸ਼ੀਅਮ ਬਹੁਤ ਜ਼ਰੂਰੀ ਹੈ। ਕੈਲਸ਼ੀਅਮ ਦੀ ਪੂਰਤੀ ਖੁਰਾਕ ਵਿੱਚ ਦੁੱਧ, ਦਹੀਂ, ਛੱਖਣ, ਘਿਓ, ਛੋਲੇ, ਮੇਵੇ, ਬੀਜ ਵਰਗੇ ਭੋਜਨਾਂ ਨੂੰ ਸ਼ਾਮਲ ਕਰ ਕੇ ਕੀਤੀ ਜਾ ਸਕਦੀ ਹੈ।

**ਵਿਟਾਮਿਨ ਡੀ-** ਇਹ ਇੱਕ ਚਰਬੀ ਵਿੱਚ ਘੁਲਣਸ਼ੀਲ ਵਿਟਾਮਿਨ ਹੈ ਜੋ ਕਿ ਹੱਡੀਆਂ ਦੀ ਸਿਹਤ, ਹਾਰਮੋਨ ਪ੍ਰੋਜੈਕਸ਼ਨ, ਦਿਲ ਦੇ ਕੰਮ, ਪ੍ਰਤੀਰੋਧਕਤਾ ਆਦਿ ਲਈ ਬਹੁਤ ਮਹੱਤਵਪੂਰਨ ਹੈ। ਇਸ ਦੇ ਲਈ ਬੱਚੇ ਨੂੰ ਧੁੱਪ ਵਿਚ ਕੁਝ ਸਮਾਂ ਕੁਦਰਤ ਵਿਚ ਖੇਡਣ ਦਿਓ।

**ਵਿਟਾਮਿਨ ਏ-** ਇਹ ਚਰਬੀ ਵਿੱਚ ਘੁਲਣਸ਼ੀਲ ਵਿਟਾਮਿਨ ਵੀ ਹੈ ਜੋ ਅੱਖਾਂ ਦੇ ਨਾਲ-ਨਾਲ ਹੋਰ ਅੰਗਾਂ ਦੀ ਸਿਹਤ ਲਈ ਵੀ ਬਹੁਤ ਜ਼ਰੂਰੀ ਹੈ। ਜਿਹੜੇ ਬੱਚੇ ਗਾਜਰ, ਅੰਡੇ, ਮੀਟ ਅਤੇ ਹਰੀਆਂ ਸਬਜ਼ੀਆਂ ਨਹੀਂ ਖਾਂਦੇ, ਉਨ੍ਹਾਂ ਨੂੰ ਛੋਟੀ ਉਮਰ ਵਿੱਚ ਐਨਕਾਂ ਲੱਗਣ ਦਾ ਖ਼ਤਰਾ ਵੱਧ ਜਾਂਦਾ ਹੈ।

**ਜ਼ਿੰਕ-** ਖਾਸ ਕਰਕੇ ਸਕੂਲ ਜਾਣ ਵਾਲੇ ਬੱਚਿਆਂ ਲਈ ਜ਼ਿੰਕ ਬਹੁਤ ਜ਼ਰੂਰੀ ਹੈ। ਇਹ ਇਮਿਊਨਿਟੀ ਵਧਾਉਂਦਾ ਹੈ, ਭੁੱਖ ਨੂੰ ਕੰਟਰੋਲ ਕਰਦਾ ਹੈ, ਦਿਮਾਗ ਅਤੇ ਅੰਤੜੀਆਂ ਦੀ ਸਿਹਤ ਲਈ ਬਹੁਤ ਫ਼ਾਇਦੇਮੰਦ ਹੁੰਦਾ ਹੈ। ਜ਼ਿੰਕ ਦੀ ਕਮੀ ਕਾਰਨ ਭੁੱਖ ਘੱਟ ਲੱਗਦੀ ਹੈ। ਇਸ ਦੇ ਲਈ ਬੱਚਿਆਂ ਨੂੰ ਦਾਲਾਂ, ਫਲੀਆਂ, (ਕੱਦੂ, ਭੰਗ, ਤਿਲ) ਦੇ ਬੀਜ, ਮੇਵੇ, ਮੂੰਗਫਲੀ, ਸਾਬਤ ਅਨਾਜ, ਬਦਾਮ, ਅੰਡੇ, ਮੀਟ ਭਰਪੂਰ ਮਾਤਰਾ ਵਿੱਚ ਖਾਣਾ ਚਾਹੀਦਾ ਹੈ।

# ਰਾਤ ਨੂੰ ਜਲਦੀ ਖਾਣਾ ਖਾਓ

ਅਸੀਂ ਸਾਰੇ ਜਾਣਦੇ ਹਾਂ ਕਿ ਸਾਡੀ ਸਮੁੱਚੀ ਸਿਹਤ ਲਈ ਇੱਕ ਸਿਹਤਮੰਦ ਖੁਰਾਕ ਮਹੱਤਵਪੂਰਨ ਹੈ। ਪਰ ਕੀ ਤੁਸੀਂ ਕਦੇ ਸੋਚਿਆ ਹੈ ਕਿ ਤੁਹਾਡੇ ਖਾਣ ਦਾ ਸਮਾਂ ਤੁਹਾਡੀ ਸਿਹਤ 'ਤੇ ਵੀ ਅਸਰ ਪਾ ਸਕਦਾ ਹੈ? ਜੀ ਹਾਂ, ਤੁਸੀਂ ਕੀ ਖਾਂਦੇ ਹੋ, ਇਸ ਦੇ ਨਾਲ-ਨਾਲ ਇਸ ਗੱਲ ਦਾ ਵੀ ਧਿਆਨ ਰੱਖਣਾ ਜ਼ਰੂਰੀ ਹੈ ਕਿ ਤੁਸੀਂ ਕਿਸ ਸਮੇਂ ਖਾਂਦੇ ਹੋ। ਖਾਸ ਤੌਰ 'ਤੇ ਤੁਸੀਂ ਰਾਤ ਦਾ ਖਾਣਾ ਕਿਸ ਸਮੇਂ ਕਰਦੇ ਹੋ ਬਹੁਤ ਮਾਇਨੇ ਰੱਖਦਾ ਹੈ।



ਜਲਦੀ ਰਾਤ ਦਾ ਖਾਣਾ ਖਾਣ ਦੇ ਕਈ ਸਿਹਤ ਲਾਭ ਹਨ। ਹਾਲ ਹੀ 'ਚ ਅਦਾਕਾਰਾ ਅਨੁਸ਼ਕਾ ਸ਼ਰਮਾ ਨੇ ਵੀ ਜਲਦੀ ਡਿਨਰ ਕਰਨ ਦੀ ਆਪਣੀ ਆਦਤ ਦੇ ਬਾਰੇ 'ਚ ਗੱਲ ਕੀਤੀ ਅਤੇ ਕਿਹਾ ਕਿ ਇਸ ਨਾਲ ਉਨ੍ਹਾਂ ਨੂੰ ਕਈ ਫਾਇਦੇ ਹੋਏ ਹਨ। ਤੁਹਾਨੂੰ ਦੱਸ ਦੇਈਏ ਕਿ ਅਦਾਕਾਰਾ ਨੇ ਸ਼ਾਮ 7 ਵਜੇ ਤੱਕ ਡਿਨਰ ਕਰ ਲੈਂਦੀ ਹੈ। ਇਸ ਲੇਖ ਵਿਚ ਅਸੀਂ ਇਹ ਵੀ ਜਾਣਨ ਦੀ ਕੋਸ਼ਿਸ਼ ਕਰਾਂਗੇ ਕਿ ਸ਼ਾਮ ਨੂੰ ਜਲਦੀ ਡਿਨਰ ਕਰਨ ਦੇ ਦਾ ਫਾਇਦੇ ਹਨ।

**ਬਿਹਤਰ ਪਾਚਨ-** ਸੱਤ ਵਜੇ ਦੇ ਕਰੀਬ ਰਾਤ ਦਾ ਖਾਣਾ ਖਾਣ ਨਾਲ ਤੁਹਾਡੇ ਸਰੀਰ ਨੂੰ ਭੋਜਨ ਨੂੰ ਹਜ਼ਮ ਕਰਨ ਲਈ ਜ਼ਿਆਦਾ ਸਮਾਂ ਮਿਲਦਾ ਹੈ। ਇਹ ਤੁਹਾਡੀ ਪਾਚਨ ਪ੍ਰਣਾਲੀ ਨੂੰ ਹੌਲੀ-ਹੌਲੀ ਕੰਮ ਕਰਨ ਅਤੇ ਭੋਜਨ ਨੂੰ ਪੂਰੀ ਤਰ੍ਹਾਂ ਜਜ਼ਬ ਕਰਨ ਲਈ ਕਾਫ਼ੀ ਸਮਾਂ ਦਿੰਦਾ ਹੈ।

**ਐਸਿਡ ਰਿਫਲਕਸ ਨੂੰ ਘੱਟ ਕਰਨਾ-** ਰਾਤ ਨੂੰ ਦੇਰ ਨਾਲ ਖਾਣਾ ਖਾਣ ਨਾਲ ਐਸਿਡ ਰੀਫਲਕਸ ਦੀ ਸੰਭਾਵਨਾ ਵੱਧ ਸਕਦੀ ਹੈ। ਪਰ ਤੁਸੀਂ ਰਾਤ ਦਾ ਖਾਣਾ ਜਲਦੀ ਖਾ ਕੇ ਇਸ ਸਮੱਸਿਆ ਨੂੰ ਘੱਟ ਕਰ ਸਕਦੇ ਹੋ, ਜਿਸ ਨਾਲ ਤੁਹਾਨੂੰ ਚੰਗੀ ਨੀਂਦ ਆਵੇਗੀ ਅਤੇ ਪੇਟ ਦੀ ਜਲਣ ਵੀ ਘੱਟ ਹੋਵੇਗੀ।

**ਭਾਰ ਘਟਾਉਣ ਲਈ-** ਕੈਲੋਰੀ ਕੰਟਰੋਲ- ਸੱਤ ਵਜੇ ਰਾਤ ਦਾ ਖਾਣਾ ਖਾਣ ਨਾਲ ਤੁਸੀਂ ਰਾਤ ਨੂੰ ਸਨੈਕ ਜਾਂ ਜ਼ਿਆਦਾ ਖਾਣਾ ਨਹੀਂ ਖਾਂਦੇ। ਅਜਿਹਾ ਕਰਨ ਨਾਲ ਤੁਹਾਨੂੰ ਘੱਟ ਕੈਲੋਰੀ ਖਾਣ ਅਤੇ ਸਿਹਤਮੰਦ ਵਜ਼ਨ ਬਰਕਰਾਰ ਰੱਖਣ ਵਿੱਚ ਮਦਦ ਮਿਲ ਸਕਦੀ ਹੈ।

**ਮੈਟਾਬੋਲਿਜ਼ਮ ਤੇਜ਼ ਹੁੰਦਾ ਹੈ-** ਸਮੇਂ ਸਿਰ ਰਾਤ ਦਾ ਖਾਣਾ ਖਾਣ ਨਾਲ ਤੁਹਾਡੇ ਸਰੀਰ ਦੇ ਮੈਟਾਬੋਲਿਜ਼ਮ ਵਧਦਾ ਹੈ, ਜੋ ਕੈਲੋਰੀ ਬਰਨ ਕਰਨ ਵਿੱਚ ਮਦਦ ਕਰਦਾ ਹੈ।

**ਨੀਂਦ ਦੀ ਗੁਣਵੱਤਾ ਵਿੱਚ ਸੁਧਾਰ-** ਬਿਹਤਰ ਨੀਂਦ- ਰਾਤ ਨੂੰ ਦੇਰ ਨਾਲ ਖਾਣਾ ਖਾਣ ਨਾਲ ਨੀਂਦ ਵਿੱਚ ਰੁਕਾਵਟ ਆ ਸਕਦੀ ਹੈ। ਸੱਤ ਵਜੇ ਰਾਤ ਦਾ ਖਾਣਾ ਖਾਣ ਨਾਲ ਤੁਸੀਂ ਸੌਣ ਤੋਂ ਪਹਿਲਾਂ ਆਪਣੇ ਸਰੀਰ ਨੂੰ ਭੋਜਨ ਨੂੰ ਹਜ਼ਮ ਕਰਨ ਦਾ ਸਮਾਂ ਦੇ ਸਕਦੇ ਹੋ, ਜਿਸ ਨਾਲ ਤੁਹਾਨੂੰ ਚੰਗੀ ਨੀਂਦ ਆਵੇਗੀ।

**ਸਰੀਰ ਨੂੰ ਆਰਾਮ ਕਰਨ ਦਾ ਸਮਾਂ-** ਸਮੇਂ ਸਿਰ ਰਾਤ ਦਾ ਖਾਣਾ ਖਾਣ ਨਾਲ ਤੁਹਾਡੇ ਸਰੀਰ ਨੂੰ ਆਰਾਮ ਕਰਨ ਅਤੇ ਰੀਚਾਰਜ ਕਰਨ ਲਈ ਕਾਫ਼ੀ ਸਮਾਂ ਮਿਲਦਾ ਹੈ। ਇਸ ਨਾਲ ਤੁਹਾਡੀ ਥਕਾਵਟ ਦੂਰ ਹੁੰਦੀ ਹੈ ਅਤੇ ਤੁਸੀਂ ਆਮ ਤੌਰ 'ਤੇ ਬਿਹਤਰ ਮਹਿਸੂਸ ਕਰਦੇ ਹੋ।

**ਜਲਦੀ ਰਾਤ ਦਾ ਖਾਣਾ ਖਾਣ ਦੇ ਹੋਰ ਫਾਇਦੇ**

**ਬਲੱਡ ਸ਼ੂਗਰ ਕੰਟਰੋਲ-** ਰਾਤ ਦੇ ਖਾਣੇ ਦੇ ਸਮੇਂ ਨੂੰ ਨਿਯਮਤ ਰੱਖਣ ਨਾਲ ਬਲੱਡ ਸ਼ੂਗਰ ਦੇ ਪੱਧਰ ਨੂੰ ਕੰਟਰੋਲ ਕਰਨ ਵਿੱਚ ਮਦਦ ਮਿਲ ਸਕਦੀ ਹੈ।

**ਦਿਲ ਦੀ ਸਿਹਤ-** ਸਮੇਂ ਸਿਰ ਰਾਤ ਦਾ ਭੋਜਨ ਕਰਨਾ ਵੀ ਦਿਲ ਦੀ ਸਿਹਤ ਨੂੰ ਵਧਾਉਣ ਵਿੱਚ ਮਦਦ ਕਰ ਸਕਦਾ ਹੈ।

# PREET FABRICS & APPLIANCE

Under New Management

ਅਸੀਂ ਹੋਲਸੇਲ ਅਤੇ ਰੀਟੇਲ ਵਿਚ ਨਵੇਂ ਡਿਜ਼ਾਇਨਾਂ ਦੇ ਸੂਟ, ਜਿਊਲਰੀ,ਫੈਸ਼ਨ ਦਾ ਹੋਰ ਸਮਾਨ, ਵਿਆਹ ਲਈ ਲਹਿੰਗੇ ਅਤੇ ਮੁੰਡਿਆਂ ਲਈ ਵਿਆਹ ਵਾਸਤੇ ਸ਼ੇਰਵਾਨੀ ਅਤੇ ਹੁਣੇ ਨਵੇਂ ਚੱਲੇ ਡਿਜ਼ਾਇਨਾਂ ਦੇ ਕੱਪੜੇ ਵੀ ਰੱਖਦੇ ਹਾਂ। ਸਾਡੇ ਕੋਲ ਕਲਗੀ, ਸਿਹਰਾ, ਚੂੜਾ, ਹਾਰ, ਜਾਗੋ, ਰੁਮਾਲੇ ਤੇ ਹੋਰ ਵਿਆਹ ਦਾ ਸਮਾਨ ਵੀ ਮਿਲਦਾ ਹੈ।



Sale is going on

APPLIANCES & PARKER PENS, OSTER BLENDERS

Watches (Seiko, Citizen & Swistar)
Shavers & Trimmers Cellular Phones
and OSTER BLENDERS

5156 Mowry AVE. Fremont. CA 94538
Tel- 510-797-7111



# CALIFORNIA IMMIGRATION SERVICES INC.

CISI

Your Registered & Bonded 'Immigration-Consultants'



ROSY (Kanwal) KAUR
Immigration Consultant
408-422-8585
510-573-3666
website:- www.caials.com email:- rosy@caials.com

- FAMILY IMMIGRATION
- GEEEN CARD PETITION
- CITIZENSHIP
- BUSINESS / VISITOR VISA
- OCI CARD / INDIAN PASSIORT / INDIA VISA
- STUDENT VISA
- RELIGIOUS VISA
- DIVORCE
- VARIOUS IMMIGRATION SERVICES
- U.K. VISA
- CANADA VISA & P.R.
- INDIAN PASSPORT
- POWER OF ATTORNEY

- ਫੈਮਲੀ ਇੰਮੀਗ੍ਰੇਸ਼ਨ
- ਗਰੀਨ ਕਾਰਡ ਪਟੀਸ਼ਨ
- ਸਿਟੀਜਨਸ਼ਿਪ
- ਬਿਜ਼ਨੈਸ ਵੀਜ਼ਾ / ਵਿਜ਼ਟਰ ਵੀਜ਼ਾ
- ਓ.ਸੀ.ਆਈ. ਕਾਰਡ / ਇੰਡੀਅਨ ਪਾਸਪੋਰਟ / ਇੰਡੀਆ ਵੀਜ਼ਾ
- ਸਟੂਡੈਂਟ ਵੀਜ਼ਾ
- ਰਲੀਜ਼ੀਅਸ ਵੀਜ਼ਾ
- ਤਲਾਕ
- ਕਈ ਹੋਰ ਇੰਮੀਗ੍ਰੇਸ਼ਨ ਸੇਵਾਵਾਂ
- ਯੂ. ਕੇ. ਵੀਜ਼ਾ, ਕੈਨੇਡਾ ਵੀਜ਼ਾ ਅਤੇ ਪੀ. ਆਰ.
- ਇੰਡੀਅਨ ਪਾਸਪੋਰਟ
- ਪਾਵਰ ਆਫ ਅਟਾਰਨੀ

Fremont Office: 4127 Bay Street, Unit 5, Fremont CA, 94538
Tracy Office: 1660 W Linnee Rd. Unit J 25, Tracy CA, 95377



# Moon Indian Cuisine

MOON indian cuisine

510-780-9233



ਹੁਣ ਤੁਸੀ ਗੁੜ ਦੀਆਂ ਜਲੇਬੀਆਂ ਵੀ ਲੈ ਸਕਦੇ ਹੋ

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ।

100-1000 ਬੰਦਿਆਂ ਤੱਕ ਵੱਡੀ ਤੋਂ ਵੱਡੀ ਪਾਰਟੀ ਲਈ
ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
ਬਹੁਤ ਹੀ ਤਜ਼ਰਬੇਕਾਰ ਕੁੱਕ

Over 30 Years Experience in Restaurant & Catering Business

ਮੂਨ ਇੰਡੀਅਨ ਕੁਜ਼ੀਨ (ਹੇਵਰਡ)
600 West Harder Rd. Hayward, CA 94544
Contact: (Paul) 510-978-7170
www.moonindiancuisine.net



# AAA

AUTO AND BODY WORKS INC.

ਕਿਸੇ ਵੀ ਕਿਸਮ ਦਾ ਕਾਰਾਂ ਦੀ ਮੁਰੰਮਤ/ਬਾਡੀ ਦਾ ਕੰਮ,
ਪੇਂਟਿੰਗ/ਡੈਂਟਿੰਗ ਦਾ ਕੰਮ।
ਨਵੇਂ ਤੇ ਪੁਰਾਣੇ ਟਾਇਰ ਵੀ ਹੁਣ ਇੱਥੋਂ ਪੁਆ ਸਕਦੇ ਹੋ।
24 ਘੰਟੇ ਟੋਇੰਗ ਲਈ ਕਾਲ ਕਰ ਸਕਦੇ ਹੋ
(Towing Facility Available)
ਹਫਤੇ ਦੇ ਸਾਰੇ 7 ਦਿਨ ਖੁੱਲ੍ਹਾ ਹੈ



ਜਸਬੀਰ ਸਿੰਘ ਤੱਖਰ
510-755-2132
593 Industrial PKWY West
Hayward, CA 94544

# California's Aging Services Offer Valuable Resources for Older Adults



As we grow older, our needs and priorities change. In California, a wide range of services is available to help you maintain your independence, stay connected, and lead a fulfilling life. Whether you're looking for support with daily tasks, health care guidance, or planning for the future, California's aging services are here to help.

California Department of AGING

### Aging in Place

Many of you may prefer to stay in your own home as you get older. California offers programs that can assist with home repairs, transportation, and in-home care. Additionally, health and social care programs, including day centers with activities like arts and exercise, help you stay independent.

### Nutrition Services

You can enjoy home-delivered meals or gather for group meals at local centers. For those with limited income, there are options to get fresh produce and other food benefits through the CalFresh Expansion program.

### Health Insurance Guidance

Confused about health insurance options? The Health Insurance Counseling and Advocacy Program (HICAP) provides guidance on Medicare and long-term care insurance.

### Support for Caregivers

If you are caring for an older adult, there are programs like Caregiver Resource Centers (CRCs) and the Family Caregiver Support Program offering respite, counseling, and assistance with paperwork. CRCs also provide action plans for families dealing with dementia.

### Legal Assistance

Facing issues like consumer fraud, elder abuse, or age discrimination? Legal Services are available to help with Social Security, health insurance, pensions, and more.

### Employment Opportunities

Looking for a job? Free training and job placement services are available for older Californians.

### Emergency Preparedness

Planning for emergencies is especially important as we age. California offers resources to help you prepare for natural disasters, power outages, and other emergencies. Creating a personal emergency plan, keeping an emergency kit ready, and staying informed about local resources can make all the difference.

All these services and more are coordinated through local Area Agencies on Aging. Find yours by calling the California Aging and Adult Information Line at;

**800-510-2020**

or visiting aging.ca.gov.